NEW YEAR 2022 NEW HOME

VESTA PROPERTIES



# EMBRACE NEW BEGINNINGS IN A NEW HOME AT VESTA'S MASTER-PLANNED COMMUNITIES

COPPERSTONE AT COPPERFIELD

SOUTHEAST CALGARY

Copperstone is an exceptionally designed, 70- acre master-planned community conceived, designed, and constructed by Vesta Properties, Copperstone showcases 448 homes with an array of home styles including: Award Winning Towhomes and Single Family Laned Homes.

Enjoy the impeccable greenspace areas and all major amenities in the neighborhood including commercial services, shopping, entertainment, hospital, and airport.

Learn more today!







**587.352.4266 | COPPERSTONELIVING.COM**

1233 Copperfield Blvd SE, Calgary, AB T2Z 5G1

SOUTHPOINT

A MASTER PLANNED COMMUNITY

SOUTHWEST AIRDRIE

Southpoint, a vibrant 70-acre master planned community set in the heart of Airdrie boasts of aesthetic appeal and quality family life. Once complete Southpoint will feature 620 homes from an array of home styles such as: Freehold Rowhomes, Urban Townhomes and Lifestyle Townhomes.

More than 12 acres are dedicated to parks, greenspaces, and outdoor amenities such as basketball court, tennis court, BBQ pits, Picnic pods, and children's play area.

Learn more today!







**403.980.1979 | VESTASOUTHPOINT.COM**

600 South Point Heath SW, Airdrie, AB

# ਸਿਮਰਨ ਘੋਤੜਾ ਟਕਸਿਸ ਯੂਥ ਪਾਰਲੀਮੈਂਟ ਅਲਬਰਟਾ ਦਾ ਪ੍ਰੀਮੀਅਰ ਚੁਣਿਆ ਗਿਆ






ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਮਰਨ ਘੋਤੜਾ ਜੋ ਕਿ ਲੰਮੇ ਸਮੇਂ ਤੋਂ ਟਕਸਿਸ ਯੂਥ ਪਾਰਲੀਮੈਂਟ ਅਲਬਰਟਾ ਦਾ ਮੈਂਬਰ ਹੈ, 2022 ਲਈ ਇਸ ਦਾ ਪ੍ਰੀਮੀਅਰ ਚੁਣਿਆ ਗਿਆ ਹੈ। 2021 ਲਈ ਉਹ ਡਿਪਟੀ ਪ੍ਰੀਮੀਅਰ ਸੀ। ਇਸ ਦੇ ਨਾਲ ਹੀ ਸਾਰਾ ਕਲਾਰਕ ਵਿਰੋਧੀ ਧਿਰ ਦੀ ਨੇਤਾ, ਕਾਰਸਨ ਫਰੈਂਟ ਡਿਪਟੀ ਪ੍ਰੀਮੀਅਰ ਅਤੇ ਸਹਿਮ ਅਹਿਮਦ ਡਿਪਟੀ ਲੀਡਰ ਆਫ਼ ਔਪੋਜੀਸ਼ਨ ਚੁਣੇ ਗਏ। ਟਕਸਿਸ ਯੂਥ ਪਾਰਲੀਮੈਂਟ ਅਲਬਰਟਾ, ਕੈਨੇਡਾ ਵਿਚ ਸਭ ਤੋਂ ਪੁਰਾਣੀ ਯੂਥ ਪਾਰਲੀਮੈਂਟ ਹੈ। ਇਸ ਨੂੰ ਚਲਦਿਆਂ 100 ਸਾਲ ਤੋਂ ਜ਼ਿਆਦਾ ਦਾ ਸਮਾਂ ਹੋ ਗਿਆ ਹੈ। ਇਸ ਪਾਰਲੀਮੈਂਟ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਲੀਡਰਸ਼ਿਪ ਦੀ ਸਿਖਲਾਈ ਦੇਣਾ ਹੈ। ਹਰ ਸਾਲ ਦਿਸੰਬਰ ਦੇ ਆਖਰੀ ਹਫ਼ਤੇ ਇਸ ਦੇ ਸਾਰੇ ਮੈਂਬਰ ਅਲਬਰਟਾ ਅਸੰਬਲੀ ਵਿਚ ਬੈਠਦੇ ਹਨ ਅਤੇ ਅਲੱਗ-ਅਲੱਗ ਮੁੱਦਿਆਂ 'ਤੇ ਬਿੱਲ ਪੇਸ਼ ਕਰਕੇ ਉਸ ਉੱਤੇ ਚਰਚਾ ਕਰਦੇ ਹਨ। ਹਫ਼ਤੇ ਭਰ ਦੀ ਇਹ ਸਾਰੀ ਕਾਰਵਾਈ ਅਸਲੀ ਅਸੰਬਲੀ ਵਾਂਗ ਹੀ ਚੱਲਦੀ ਹੈ। ਟਕਸਿਸ ਯੂਥ ਪਾਰਲੀਮੈਂਟ ਅਲਬਰਟਾ ਦਾ ਮੈਂਬਰ ਬਣਨ ਦੀ ਉਮਰ ਹੱਦ 15 ਤੋਂ 21 ਸਾਲ ਹੈ।

ਜਿਥੇ ਸਿਮਰਨ ਘੋਤੜਾ ਦਾ ਵਾਲੰਟੀਅਰ ਦੇ ਤੌਰ 'ਤੇ ਵੀ ਲੰਬਾ ਤਜ਼ੁਰਬਾ ਹੈ ਉੱਥੇ ਉਹ ਟਕਸਿਸ ਯੂਥ ਪਾਰਲੀਮੈਂਟ ਅਲਬਰਟਾ ਦਾ ਵੀ ਇਕ ਐਕਟਿਵ ਮੈਂਬਰ ਹੈ। ਇਸੇ ਕਰਕੇ ਉਸ ਨੂੰ 2021 ਦਾ ਸੱਭ ਤੋਂ ਵੱਧ ਸਹਾਇਕ ਮੈਂਬਰ ਦਾ ਐਵਾਰਡ ਵੀ ਦਿੱਤਾ ਗਿਆ। ਸਿਮਰਨ ਘੋਤੜਾ ਇਸ ਮੌਕੇ ਆਪਣੀ ਯੂਨੀਵਰਸਟੀ ਦੀ ਪੜ੍ਹਾਈ ਵੀ ਕਰ ਰਿਹਾ ਹੈ।

ਸਿਮਰਨ ਦਾ ਇਹ ਉਪਰਾਲਾ ਰਹੇਗਾ ਕਿ ਟਕਸਿਸ ਯੂਥ ਪਾਰਲੀਮੈਂਟ ਅਲਬਰਟਾ ਵਿਚ ਵਿਚਾਰੇ ਜਾਂਦੇ ਮੁੱਦਿਆਂ ਨੂੰ ਅਲਬਰਟਾ ਸਰਕਾਰ ਤੱਕ ਵੀ ਪਹੁੰਚਾਇਆ ਜਾਏ ਤਾਂ ਜੋ ਸਰਕਾਰ ਅੱਜ ਦੇ ਨੌਜਵਾਨਾਂ ਦੀ ਸੋਚ ਦੇ ਰੂ-ਬ-ਰੂ ਹੋ ਸਕੇ।

## ਸਾਲ 2021 ਦੌਰਾਨ ਕਤਲ ਅਤੇ ਗੋਲੀ ਚੱਲਣ ਦੀਆਂ ਵਾਰਦਾਤਾਂ ਘੱਟ ਹੋਈਆਂ ਹਨ।

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਘੱਟ ਕਤਲ ਹੋਏ ਦੱਸੇ ਗਏ ਹਨ। ਪਿਛਲੇ ਸਾਲ 31 ਵਿਅਕਤੀਆਂ ਦਾ ਕਤਲ ਹੋਇਆ ਸੀ ਜਦੋਂ ਕਿ ਇਸ ਸਾਲ 19 ਕਤਲ ਰਿਪੋਰਟ ਹੋਏ ਹਨ ਜਿਹਨਾਂ ਵਿਚੋਂ 7 ਮਾਮਲਿਆਂ ਦਾ ਖੁਰਾ-ਖੋਜ ਨਹੀਂ ਨਹੀਂ ਲੱਭਿਆ ਹੈ। ਕੈਲਗਰੀ ਪੁਲਿਸ ਦੇ ਸਟਾਫ਼ ਸਾਰਜੰਟ ਮਾਰਟਿਨ ਸ਼ਿਆਵੈਂਟਾ ਦਾ ਕਹਿਣਾ ਹੈ ਕਿ 10 ਅਕਤੂਬਰ ਨੂੰ ਇੱਕ ਵਿਅਕਤੀ ਦੀ ਮੌਤ ਹੋਣ ਦਾ ਮਾਮਲਾ ਕਤਲ ਦਾ ਇਸ ਸਾਲ ਦਾ ਆਖ਼ਰੀ ਮਾਮਲਾ ਸੀ। ਉਹਨਾਂ ਦੱਸਿਆ ਕਿ ਕਤਲ ਦੇ ਹਰੇਕ ਮਾਮਲੇ ਵਿੱਚ ਮਿਲੀਆਂ ਟਿਪਸ ਹੀ ਪੁਲਿਸ ਲਈ ਸਹਾਇਕ ਹੋ ਨਿਬੜੀਆਂ ਹਨ ਤੇ ਉਹਨਾਂ ਲੋਕਾਂ ਦਾ ਧੰਨਵਾਦ ਕੀਤਾ ਕਿ ਉਹ ਸ਼ਹਿਰ ਨੂੰ ਸੁਰੱਖਿਅਤ ਰੱਖਣ ਵਿੱਚ ਯੋਗਦਾਨ ਦਿੰਦੇ ਹਨ। ਪੁਲਿਸ ਚੀਫ਼ ਮਾਰਕ ਨਿਉਫੈਲਡ ਦਾ ਕਹਿਣਾ ਹੈ ਕਿ ਇਹ ਗੱਲ ਤਸੱਲੀ ਵਾਲੀ ਹੈ ਕਿ ਇਸ ਸਾਲ ਸ਼ੂਟਿੰਗ ਅਤੇ ਕਤਲ ਦੀਆਂ ਵਾਰਦਾਤਾਂ ਕਾਫੀ ਘੱਟ ਹੋਈਆਂ ਹਨ।

# ਠੰਡੇ ਠਾਰ ਬਰਫੀਲੇ ਮੌਸਮ ਨੇ ਅਲਬਰਟਾ ਸੂਬੇ ਨੂੰ ਬਰਫੀਲਾ ਰੰਗ ਰੂਪ ਚਾੜ ਦਿੱਤਾ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਭਾਵੇਂ ਪਿਛਲੇ ਹਫਤੇ ਤੋਂ ਕਨੇਡਾ ਦੇ ਅਲਬਰਟਾ ਸੂਬੇ ਅੰਦਰ ਠੰਡ ਨੇ ਆਪਣਾ ਪੂਰਾ ਜਲਵਾ ਦਿਖਾਇਆ ਹੋਇਆ ਹੈ ਤਾਪਮਾਨ ਪਿਛਲੇ ਦਿਨੀ 40ਤੋਂ 50 ਡਿਗਰੀ ਸੈਲਸੀਅਸ ਮਨਫੀ ਤੱਕ ਚਲਾ ਗਿਆ ਸੀ ਪਰ ਬੀਤੇ ਐਂਤਵਾਰ ਵਾਲੇ ਦਿਨ ਤਾਪਮਾਨ ਨੇ ਆਪਣਾ ਰੂਪ ਬਦਲਕੇ 2 ਡਿਗਰੀ ਸੈਲਸੀਅਸ ਪਲੱਸ ਵਿੱਚ ਲੈ ਆਂਦਾ ਸੀ ਪਰ ਸੋਮਵਾਰ ਵਾਲੇ ਦਿਨ ਫਿਰ ਉਹੀ ਪੁਰਾਣੇ ਲੈਵਲ ਜਾਣੀ ਕਿ 23 ਡਿਗਰੀ ਸੈਲਸੀਅਸ ਮਨਫੀ ਤੱਕ ਚਲਾ ਗਿਆ । ਸੀਤ ਹਵਾਵਾਂ ਕਾਰਣ 27 ਡਿਗਰੀ ਮਨਫੀ ਮਹਿਸੂਸ ਕੀਤਾ ਜਾ ਰਿਹਾ ਹੈ। ਮੌਸਮ ਵਿਭਾਗ ਵੱਲੋਂ ਤਾਪਮਾਨ ਵਿੱਚ ਹੋਰ ਗਿਰਾਵਟ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਅਲਬਰਟਾ ਦੇ ਫੋਰਟ ਮੈਕਮਰੀ ਵਰਗੇ ਸਹਿਰਾਂ ਵੱਲ 40- ਤੋਂ 50 ਡਿਗਰੀ ਤੱਕ ਤਾਪਮਾਨ ਗਿਰ ਜਾਣ ਦੇ ਕਿਆਫੇ ਹਨ। ਭਾਵੇਂ ਸਿਟੀ ਆਫ ਕੈਲਗਰੀ ਨੇ ਸੜਕਾਂ ਉੱਪਰ ਸਾਫ ਸਫਾਈ ਦੀ ਮੁਹਿੰਮ ਛੇੜੀ ਹੋਈ ਹੈ ਪਰ ਫਿਰ ਵੀ ਵਾਹਨ ਚਾਲਕਾਂ ਨੂੰ ਸਾਵਧਾਨੀ ਨਾਲ ਗੱਡੀਆਂ ਚਲਾਉਣ ਦੀ ਬੇਨਤੀ ਕੀਤੀ ਗਈ ਹੈ। ਆਪਣੀਆਂ ਗੱਡੀਆਂ ਵਿੱਚ ਹੱਥਾਂ ਦੇ ਦਸਤਾਨੇ, ਗਰਮ ਕੰਵਲ, ਵਿੰਡਸੀਲਡ ਵਾਟਰ ਅਤੇ ਹੋਰ ਠੰਡੇ ਮੌਸਮ ਤੋਂ ਆਪਣੀ ਸੁਰੱਖਿਆ ਸਬੰਧੀ ਸਮਾਨ ਰੱਖਣਾ ਚਾਹੀਦਾ ਹੈ ਤਾਂ ਕਿ ਕਿਸੇ ਘਟਨਾ ਵਾਪਰ ਜਾਣ ਉਪਰੰਤ ਤੁਸੀਂ ਆਪਣੇ ਆਪ ਨੂੰ ਮਾੜੇ ਮੌਸਮ ਦੀ ਮਾਰ ਤੋਂ ਬਚਾ ਸਕੋ ।

## ਰਾਈਟਰਜ਼ ਫੋਰਮ ਕੈਲਗਰੀ ਦੀ ਰਿਪੋਰਟ

# ਹੋ ਰਹੇ ਨੇ ਅਜੇ ਤਾਂ ਸਿਰਫ਼ ਵਾਅਦਿਆਂ ਦੇ ਮੁਕਾਬਲੇ। ਗੁੰਮ ਨੇ ਅਜੇ ਪਰ ਇਰਾਦਿਆਂ ਦੇ ਮਾਮਲੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਕ ਮੀਟਿੰਗ ਪਹਿਲੀ ਜਨਵਰੀ ਨੂੰ ਨਵੇਂ ਸਾਲ ਦੀਆਂ ਵਧਾਈਆਂ ਸਾਂਝੀਆਂ ਕਰਨ ਨਾਲ ਸ਼ੁਰੂ ਹੋਈ। ਜਨਰਲ ਸਕੱਤਰ ਜਸਵੀਰ ਸਿਹੋਤਾ ਨੇ ਬੀਤ ਚੁੱਕੇ ਸਾਲ ਦਾ ਵੀ ਲੇਖਾ-ਜੋਖਾ ਕਰਦਿਆਂ ਦੋ ਪ੍ਰਮੁੱਖ ਘਟਨਾਵਾਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਕੋਵਿਡ ਮਹਾਂਮਾਰੀ ਦੇ ਭਿਆਨਕ ਖ਼ਤਰੇ ਅਤੇ ਮਨੁੱਖ ਦੁਆਰਾ ਬਚਾਅ ਕਰਨ ਦੇ ਵਿਜਈ ਉਪਰਾਲਿਆਂ ਤੇ ਚਾਨਣਾ ਪਾਇਆ। ਇਤਿਹਾਸਕ ਕਿਸਾਨੀ ਅੰਦੋਲਨ ਦੇ ਗੌਰਵਮਈ ਕਾਰਨਾਮੇ ਦੀ ਪ੍ਰਸ਼ੰਸਾ ਕੀਤੀ। ਡਾ. ਮਹਿੰਦਰ ਸਿੰਘ ਹੱਲ੍ਹਣ ਨੂੰ ਜਨਮ ਦਿਨ ਦੀਆਂ ਵਧਾਈਆਂ ਦੀ ਵਰਖਾ ਹੋਈ। ਡਾ. ਹੱਲ੍ਹਣ ਨੇ ਗੁਰਬਾਣੀ ਦੇ ਹਵਾਲੇ ਨਾਲ ਮਨੁੱਖ ਨੂੰ ਆਪਾ ਪਛਾਨਣ ਦੀ ਲੋੜ ਤੇ ਜ਼ੋਰ ਦਿੱਤਾ। ਖੋਜੀ ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਕਵੀਸ਼ਰੀ ਗਾ ਕੇ ਧੰਨ ਧੰਨ ਕਰਵਾਈ - ਸੰਨ ਵੀਹ ਸੌ ਬਾਈ ਦੀਆਂ, ਸੰਗਤੇ ਦੂਣੀਆਂ ਹੋਣ ਵਧਾਈਆਂ। ਨਾਲ ਹੀ ਗ਼ਦਰੀ ਯੋਧੇ ਮੇਵਾ ਸਿੰਘ ਲੋਪੋ ਕੇ ਨੂੰ ਵੀ ਯਾਦ ਕੀਤਾ। ਉੱਘੇ ਗੀਤਕਾਰ ਸੁਜਾਨ ਸਿੰਘ ਸੁਜਾਨ ਦੇ ਮਿੱਠੇ ਗੀਤ ਦੇ ਬੋਲ ਸਨ - ਖ਼ੁਸ਼ੀਆਂ ਭਰਿਆ ਹਰੇਕ ਲਈ ਸਾਲ ਆਵੇ। ਡਾ. ਮਨਮੋਹਨ ਬਾਠ ਨੇ ਸਾਜ਼ਾਂ ਦੀ ਧੁਨ ਤੇ - ਜਬ ਮੁਹੱਬਤ ਜਵਾਨ ਹੋਤੀ ਹੈ - ਗਾ ਕੇ ਮਹਿਫ਼ਲ ਤੇ ਜਵਾਨੀ ਲੈ ਆਂਦੀ। ਅਮਰਜੀਤ ਸਹੋਤਾ ਦੀ ਗ਼ਜ਼ਲ ਕਾਇਲ ਕਰਨ ਵਾਲੀ ਸੀ - ਏਕ ਮਰਕਜ਼ ਪੇ ਸਿਮਟ ਆਈ ਹੈ ਸਾਰੀ ਦੁਨੀਆਂ। ਅਜਾਇਬ ਸਿੰਘ ਸੇਖੋਂ ਦੀ ਕਵਿਤਾ ਨਵਾਂ ਸੁਨੇਹਾ ਦੇ ਗਈ - ਹਰ ਘੜੀ ਨਵੀਂ, ਹਰ ਦਿਨ ਨਵਾਂ , ਹਰ ਸਾਲ ਨਵਾਂ, ਹਰ ਰੁੱਤ ਨਵੀਂ। ਗੁਰਦੀਸ਼ ਕੌਰ ਗਰੇਵਾਲ ਨੇ ਨਵੇਂ ਸਾਲ ਦੀ ਆਮਦ ਬਾਰੇ ਕਵਿਤਾ ਸੁਨਾਉਣ ਮਗਰੋਂ ਗ਼ਜ਼ਲ ਪੇਸ਼ ਕੀਤੀ - ਹੋ ਸਕੇ ਤਾਂ ਸੱਜਣਾ, ਹਾਸੇ ਸੰਭਾਲ ਰੱਖਣਾ। ਉੱਘੇ ਕਵੀ ਬਚਨ ਸਿੰਘ ਗੁਰਮ ਦੀ ਕਵਿਤਾ ਵੋਟਾਂ ਦੀ ਭਰਮਾਊ ਰਾਜਨੀਤੀ ਤੇ ਤਕੜਾ ਵਿਅੰਗ ਕਰ ਗਈ - ਹੋ ਰਹੇ ਨੇ ਅਜੇ ਤਾਂ ਸਿਰਫ਼ ਵਾਅਦਿਆਂ ਦੇ ਮੁਕਾਬਲੇ। ਗੁੰਮ ਨੇ ਅਜੇ ਪਰ ਇਰਾਦਿਆਂ ਦੇ ਮਾਮਲੇ। ਸਰਬਜੀਤ ਕੌਰ ਉਪਲ ਦੀ ਕਵਿਤਾ, ਸੇਵਾ ਸਿੰਘ ਦਾ ਭਜਨ, ਰਾਮ ਸਰੂਪ ਸੈਣੀ ਦਾ ਸੁਰੀਲਾ ਗੀਤ ਅਤੇ ਜਗਜੀਤ ਰਹਿਸੀ ਦੇ ਸ਼ੇਅਰ ਵੰਨ-ਸੁਵੰਨੇ ਪ੍ਰਭਾਵ ਛੱਡ ਗਏ। ਸੁਖਵਿੰਦਰ ਤੂਰ ਨੇ ਬਚਨ ਸਿੰਘ ਗੁਰਮ ਦੀ ਗ਼ਜ਼ਲ - ਦੋਹਰਾ ਕਿਰਦਾਰ ਨੂੰ ਕਮਾਲ ਦੀ ਗਾਇਕੀ ਰਾਹੀਂ ਪੇਸ਼ ਕੀਤਾ। ਹਰਮਿੰਦਰ ਕੌਰ ਚੁੱਘ ਨੇ ਇੱਕ ਕਵਿਤਾ ਵੀ ਪੇਸ਼ ਕੀਤੀ ਅਤੇ ਮੀਟਿੰਗ ਦੀ ਕਾਰਵਾਈ ਵੀ ਸੁਚੱਜੇ ਢੰਗ ਨਾਲ ਚਲਾਈ। ਜਗਦੇਵ ਸਿੱਧੂ ਨੇ ਪੇਸ਼ਕਾਰੀਆਂ ਦਾ ਸਾਹਿਤਕ ਪੱਖ ਤੋਂ ਸੰਖੇਪ ਮੁੱਲਾਂਕਣ ਕਰਦਿਆਂ ਸਭ ਦੀ ਯਥਾਯੋਗ ਸਰਾਹਨਾ ਕੀਤੀ ਅਤੇ ਵਿਸ਼ੇਸ਼ ਤੌਰ ਤੇ ਬਚਨ ਸਿੰਘ ਦੀ ਸ਼ਮੂਲੀਅਤ ਨੂੰ ਸਵਾਗਤਯੋਗ ਗੁਣਾਤਮਕ ਵਾਧਾ ਕਰਾਰ ਦਿੱਤਾ। ਫੋਰਮ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਨੇ ਗ਼ਜ਼ਲ ਦਾ ਪਾਠ ਕੀਤਾ। ਹਾਜ਼ਰੀਨ ਦਾ ਧੰਨਵਾਦ ਕੀਤਾ। ਦੋ ਦੁਰਲੱਭ ਖਰੜਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਜਿਸ ਉੱਤੇ ਅੱਗੋਂ ਖੋਜ ਕਰਨ ਲਈ ਜਸਵੰਤ ਸਿੰਘ ਸੇਖੋਂ ਅਤੇ ਜਗਦੇਵ ਸਿੱਧੂ ਨੇ ਜ਼ਿੰਮਾ ਲਿਆ।

## ਪੰਜਾਬ ਇੰਸੌਰੈਸ ਵੱਲੋਂ ਲੋਹੜੀ ਮੌਕੇ 5000 ਡਾਲਰ ਦਾ ਡਰਾਅ ਕੱਢਿਆ ਜਾਵੇਗਾ

"ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਰ ਸਾਲ ਦੀ ਤਰਾਂ ਇਸ ਸਾਲ 2022 ਦੀ ਲੋਹੜੀ ਮੌਕੇ ਵੀ ਪੰਜਾਬ ਇੰਸੌਰੈਂਸ ਦੀ ਟੀਮ ਹਰਪਿੰਦਰ ਸਿੱਧੂ ਅਤੇ ਗੁਰਿੰਦਰ ਚਾਹਲ ਵੱਲੋਂ ਲੋਹੜੀ ਬੰਪਰ ਡਰਾਅ 14 ਜਨਵਰੀ 2022 ਨੂੰ ਕੱਢਿਆ ਜਾ ਰਿਹਾ ਹੈ। ਜੇ ਤੁਹਾਡੀ ਉਮਰ 25 ਸਾਲ ਤੋਂ ਘੱਟ ਹੈ ਤਾਂ ਇਸ ਡਰਾਅ ਵਿੱਚ ਤੁਸੀਂ 5000 ਡਾਲਰ ਜਿੱਤ ਸਕਦੇ ਹੋ। ਇਸ ਡਰਾਅ ਵਿੱਚ ਨਾਂ ਪਾਉਣ ਸਬੰਧੀ ਜਾਣਕਾਰੀ ਦਿੰਦਿਆਂ ਹਰਪਿੰਦਰ ਸਿੱਧੂ ਅਤੇ ਗੁਰਿੰਦਰ ਚਾਹਲ ਨੇ ਦੱਸਿਆ ਕਿ ਇਸ ਬੰਪਰ ਡਰਾਅ ਵਿੱਚ ਦਾਖਿਲਾ ਲੈਣ ਲਈ ਤੁਹਾਨੂੰ ਕੋਈ ਇੰਸੋਰੈਂਸ ਪਾਲਿਸੀ ਜਾਂ ਹੋਰ ਕੋਈ ਪਰੋਡੱਕਟ ਖਰੀਦਣਾ ਲਾਜਮੀ ਨਹੀਂ ਹੈ । ਨਵ ਜੰਮੇ ਬੱਚੇ ਤੋਂ ਲੈਕੇ 25 ਸਾਲ ਦੀ ਉਮਰ ਤੱਕ ਦੇ ਬੱਚੇ ਅਤੇ ਬੱਚੀਆਂ ਇਸ ਲੋਹੜੀ ਬੰਪਰ ਵਿੱਚ ਆਪਣਾ ਡਰਾਅ ਪਾ ਸਕਦੇ ਹਨ। ਪਹਿਲੀ ਲੋਹੜੀ ਮਨਾਉਣ ਵਾਲਿਆਂ ਲਈ ਤੋਹਫਾ ਮਿਲਣਾ ਤਾਂ ਗਰੰਟਿਡ ਹੀ ਹੈ । ਬੱਸ ਤੁਸੀ ਤਾਂ ਤੁਸੀਂ ਹਰਪਿੰਦਰ ਸਿੱਧੂ ਨੂੰ 403 404 3500 ਜਾਂ ਗੁਰਿੰਦਰ ਚਾਹਲ 587 707 7000 ਉੱਪਰ ਫੋਨ ਕਰਨਾ ਹੈ ।

## ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮੱਦਦ ਲਈ ਵਨ ਵੋਇਸ ਕੈਨੇਡਾ ਨੇ ਲੋਕਾਂ ਤੋਂ ਮੱਦਦ ਮੰਗੀ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਰਦੀਆਂ ਦੇ ਮਾੜੇ ਮੌਸਮ ਵਿੱਚ ਅੰਤਰਰਾਸਟਰੀ ਵਿਦਿਆਰਥੀਆਂ ਦੀਆਂ ਮੁਸਕਿਲਾਂ ਵਿੱਚ ਵੀ ਕਾਫੀ ਵਾਧਾ ਹੋਇਆ ਹੈ । ਜਿਆਦਤਰ ਪੰਜਾਬ ਤੋਂ ਆਉਣ ਵਾਲੇ ਵਿਦਿਆਰਥੀ ਜੋ ਜੈਕਟਾਂ ਅਤੇ ਬੂਟ ਕਨੇਡਾ ਆਉਣ ਲੱਗਿਆਂ ਪੰਜਾਬ ਤੋਂ ਖਰੀਦ ਕੇ ਲਿਆਉਂਦੇ ਹਨ ਉਹ ਕਨੇਡਾ ਦੀ ਜਬਰਦਸਤ ਠੰਡ ਨੂੰ ਰੋਕਣ ਦੇ ਕਾਬਿਲ ਨਹੀਂ ਹੁੰਦੇ । ਵਨ ਵੋਇਸ ਕਨੇਡਾ ਨਾਂ ਦੀ ਸੰਸਥਾ ਵੱਲੋਂ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਨਵੇਂ ਆਏ ਬੱਚਿਆਂ ਲਈ ਗਰਮ ਜੈਕਟਾਂ ,ਬੂਟ ਦਸਤਾਨੇ,ਰੂਮ ਹੀਟਰ ਆਦਿ ਮੁਹੱਈਆ ਕਰਵਾਏ ਜਾ ਸਕਣ ਇਸ ਉਦੇਸ਼ ਲਈ ਉਹਨਾਂ ਨੇ ਆਮ ਲੋਕਾਂ ਕੋਲੋਂ ਸਹਿਯੋਗ ਦੀ ਮੰਗ ਕੀਤੀ ਹੈ ਕਿ ਉਪਰਕਤ ਸਮਾਨ ਖਰੀਦਣ ਲਈ ਜੇਕਰ ਉਹ ਸਹਿਯੋਗ ਕਰਨਾ ਚਾਹੁੰਦੇ ਹਨ ਤਾਂ 403 671 8272 ਫੋਨ ਉੱਪਰ ਵਨ ਵੋਇਸ ਕਨੇਡਾ ਨਾਲ ਸੰਪਰਕ ਕਰਨ। ਵਨ ਵੋਇਸ ਕਨੇਡਾ ਅਨਸਾਰ ਬਹੁਤ ਸਾਰੇ ਅੰਤਰਰਾਸਟਰੀ ਵਿਰਿਥੀ ਅਤੇ ਵਿਦਿਰਥਣਾਂ ਉਹਨਾਂ ਦੇ ਸੰਪਰਕ ਵਿੱਚ ਆਏ ਹਨ ਜਿਹਨਾਂ ਨੂੰ ਉਪਰੋਕਤ ਸਮਾਨ ਦੀ ਲੋੜ ਹੈ। ਓਦਿਨ ਲੈਣ ਅਤੇ ਦਾਨ ਦੇਣ ਵਾਲੀ ਦੀ ਜਾਣਕਾਰੀ ਉਹਨਾਂ ਦੀ ਇੱਛਾ ਮੁਤਾਬਿਕ ਗੁਪਤ ਰੱਖੀ ਜਾਵੇਗੀ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc
Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance
Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਸਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।
A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜੇ ਵਿਚ)
Calgary (AB) T3J 5H2
Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡੀਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸਬੰਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।
A Plus
Immigration & NRI Solutions
nriservicecalgary@gmail.com

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਅਲਬਰਟਾ ਸੂਬੇ ਦੇ ਸਕੂਲ ਬੰਦ ,ਹੁਣ ਮੁੜ 10 ਜਨਵਰੀ 2022 ਨੂੰ ਖੁੱਲਣਗੇ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਰੋਨਾ ਵਾਇਰਸ ਦੇ ਮਾਮਲਿਆਂ ਵਿੱਚ ਤੇਜ਼ ਵਾਧਾ ਹੁੰਦਿਆ ਵੇਖ, ਜੇਸਨ ਕੈਨੀ ਸਰਕਾਰ ਨੇ ਸੂਬੇ ਭਰ ਦੇ ਸਕੂਲਾਂ ਵਿੱਚ ਸਰਦੀਆਂ ਦੀਆਂ ਛੁੱਟੀਆਂ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਐਜੁਕੇਸ਼ਨ ਮਨਿਸਟਰ ਐਡ੍ਰੀਐਨਾ ਲਾਗ੍ਰਾਂਜ ਨੇ ਦੱਸਿਆ ਕਿ ਹੁਣ ਸਕੂਲ 10 ਜਨਵਰੀ ਨੂੰ ਖੁੱਲ੍ਹਣਗੇ। 11 ਜਨਵਰੀ ਤੋਂ ਜੂਨੀਅਰ ਡਿਪਲੋਮਾ ਪ੍ਰੀਖਿਆਵਾਂ ਵੀ ਰੱਦ ਕਰ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਸਕੂਲ ਪ੍ਰਸ਼ਾਸਨ ਨੂੰ ਹੁਣ ਪੂਰੀ ਤਿਆਰੀ ਨਾਲ ਮੁੜ ਸਕੂਲ ਖੋਲ੍ਹਣ ਲਈ ਢੁੱਕਵਾਂ ਸਮਾਂ ਮਿਲ ਸਕੇਗਾ। ਮਨਿਸਟਰ ਲਾਗ੍ਰਾਂਜ ਨੇ ਕਿਹਾ ਕਿ ਸੂਬੇ ਵਿੱਚ ਓਮਿਕ੍ਰੌਨ ਵੇਰੀਐਂਟ ਦੇ ਤੇਜ਼ ਫੈਲਾਅ ਨੂੰ ਵੇਖਦਿਆਂ ਇਹ ਫੈਸਲਾ ਲਿਆ ਗਿਆ ਹੈ। ਉਹਨਾਂ ਕਿਹਾ ਕਿ ਅਗਲੇ ਹਫ਼ਤੇ ਦੇ ਅਖੀਰ 'ਤੇ ਉਹ ਮੁੜ ਨਵੀਨਤਮ ਜਾਣਕਾਰੀ ਜਾਰੀ ਕਰਨਗੇ। ਮਨਿਸਟਰ ਨੇ ਦੱਸਿਆ ਕਿ ਸਕੂਲਾਂ ਵਿੱਚ ਮੁੜ ਪੜ੍ਹਾਈ ਸ਼ੁਰੂ ਹੋਣ ਤੋਂ ਪਹਿਲਾਂ 86 ਲੱਖ ਰੈਪਿਡ ਟੈਸਟ ਅਤੇ 16.5 ਮਿਲੀਅਨ ਮੈਡਿਕਲ ਗ੍ਰੇਡ ਮਾਸਕ ਵੀ ਭੇਜੇ ਜਾ ਰਹੇ ਹਨ। ਵਰਨਣਯੋਗ ਹੈ ਕਿ ਐਲਬਰਟਾ ਵਿੱਚ ਕੋਰੋਨਾ ਵਾਇਰਸ ਦੇ 4000 ਦੇ ਲੱਗਪੱਗ ਐਕਟਿਵ ਕੇਸ ਰਿਪੋਰਟ ਹੋਣ ਮਗਰੋਂ ਚੀਫ਼ ਮੈਡਿਕਲ ਅਫਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਅਤੇ ਕੈਬਿਨੇਟ ਕਮੇਟੀ ਔਨ ਕੋਵਿਡ-19 ਦੀ ਐਮਰਜੰਸੀ ਮੀਟਿੰਗ ਸੱਦੀ ਗਈ ਅਤੇ ਸਕੂਲਾਂ ਦੀਆਂ ਛੁੱਟੀਆਂ ਵਿੱਚ ਵਾਧਾ ਕਰਨ ਦਾ ਫੈਸਲਾ ਲਿਆ ਗਿਆ ਹੈ। ਪੌਜ਼ਿਟਿਵਿਟੀ ਰੇਟ 30% ਟੱਪ ਗਈ ਹੈ ਤੇ ਹਸਪਤਾਲਾਂ ਵਿੱਚ ਦਾਖ਼ਲ ਵਿਅਕਤੀਆਂ ਦੀ ਗਿਣਤੀ ਵਧ ਕੇ 371 ਹੋ ਗਈ ਹੈ ਪਰ ਇੰਟੈਂਸਿਵ ਕੇਅਰ ਯੂਨਿਟਸ ਵਿੱਚ ਭਰਤੀ ਮਰੀਜ਼ਾਂ ਦੀ ਗਿਣਤੀ ਘਟ ਕੇ 48 ਰਹਿ ਗਈ ਹੈ। ਸੂਬੇ ਵਿੱਚ ਕੁੱਲ ਐਕਟਿਵ ਕੇਸ ਵਧ ਕੇ ਹੁਣ 17400 ਹੋ ਗਏ ਹਨ। ਕੈਨੇਡਾ ਭਰ ਵਿੱਚ ਓਮਿਕ੍ਰੌਨ ਵੇਰੀਐਂਟ ਲਗਾਤਾਰ ਪੈਰ ਪਸਾਰਦਾ ਜਾ ਰਿਹਾ ਹੈ। ਓਂਟੈਰੀਓ ਤੋਂ ਜਾਰੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਵੇਂ ਕਿ ਇਸ ਵੇਰੀਐਂਟ ਕਾਰਨ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ 'ਤੇ ਅਸਰ ਨਹੀਂ ਪੈ ਰਿਹਾ ਪਰ ਇਸ ਦਾ ਅਸਰ ਹੈਲਥ ਕੇਅਰ ਸਿਸਟਮ ਉੱਪਰ ਕਾਫੀ ਜ਼ਿਆਦਾ ਪੈ ਰਿਹਾ ਹੈ।

# ਅਗਲੇ ਸਾਲ ਕੈਨੀ ਨੂੰ ਸੂਬੇ ਦਾ ਅਰਥਚਾਰਾ ਮਜਬੂਤ ਹੋਣ ਦੀ ਆਸ ਐ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਆਸ ਪ੍ਰਗਟ ਕੀਤੀ ਹੈ ਕਿ ਅਗਲੇ ਸਾਲ ਦੌਰਾਨ ਸੂਬੇ ਦੇ ਅਰਥਚਾਰੇ ਨੂੰ ਵੱਡਾ ਸਹਾਰਾ ਮਿਲ ਸਕਦਾ ਹੈ ਤੇ ਰੁਕੀਆਂ ਹੋਈਆਂ ਸਰਜਰੀਆਂ ਦਾ ਵੱਡਾ ਬੈਕਲੌਗ ਖ਼ਤਮ ਕੀਤਾ ਜਾ ਸਕੇਗਾ। ਹੈਲਥ ਮਨਿਸਟਰ ਜੇਸਨ ਕੌਪਿੰਗ ਦਾ ਕਹਿਣਾ ਹੈ ਕਿ ਅਗਲੇ ਸਾਲ ਦੇ ਮੱਧ ਤੱਕ ਸਰਜਰੀਆਂ ਦਾ ਬੈਕਲੌਗ 68 ਹਜ਼ਾਰ ਤੱਕ ਆ ਸਕਦਾ ਹੈ ਤੇ ਅਗਲੇ ਸਾਲ ਦੇ ਅੰਤ ਤੀਕ ਇਸ ਦੇ ਖ਼ਤਮ ਹੋਣ ਦੀ ਸੰਭਾਵਨਾ ਨਹੀਂ। ਪ੍ਰੀਮੀਅਰ ਕੈਨੀ ਦਾ ਕਹਿਣਾ ਹੈ ਕਿ ਵੱਡੀਆਂ ਇਨਵੈਸਟਮੈਂਟਸ ਸਾ; 2022 ਦੌਰਾਨ ਐਲਬਰਟਾ ਪਹੁੰਚ ਰਹੀਆਂ ਹਨ ਜਿਸ ਦਾ ਲਾਭ ਸੂਬੇ ਦੀ ਆਰਥਿਕ ਸਥਿਤੀ ਨੂੰ ਬਿਹਤਰ ਬਣਾਉਣ ਵਿੱਚ ਹੋਵੇਗਾ। ਕੈਲਗਰੀ ਦੇ ਨਾਲ ਲੱਗਦੇ ਇਲਾਕੇ ਵਿੱਚ ਐਮੇਜ਼ੌਨ ਵੱਲੋਂ 4.3 ਬਿਲੀਅਨ ਡੌਲਰਜ਼ ਦੀ ਇਨਵੈਸਟਮੈਂਟ ਆ ਰਹੀ ਹੈ। ਵੱਡੇ ਬਜਟ ਦੀ ਫਿਲਮ 'ਦ ਲਾਸਟ ਔਫ਼ ਅੱਸ' ਵੱਲੋਂ ਵੀ ਵੱਡੀ ਇਨਵੈਸਟਮੈਂਟ ਕੈਲਗਰੀ ਵਿੱਚ ਹੋ ਰਹੀ ਹੈ। ਕੈਲਗਰੀ ਵਿੱਚ ਇਸ ਸਮੇਂ ਬੇਰੁਜ਼ਗਾਰੀ ਦੀ ਦਰ 8% 'ਤੇ ਪਹੁੰਚੀ ਰਿਪੋਰਟ ਹੋ ਰਹੀ ਹੈ ਜਿਸ ਵਿੱਚ ਅਗਲੇ ਸਾਲ ਵੱਡੀ ਕਮੀ ਹੋ ਸਕਦੀ ਮੰਨੀ ਜਾ ਰਹੀ ਹੈ।

# ਸਿਹਤ ਅਧਿਕਾਰੀਆਂ ਅਨੁਸਾਰ ਜੈਨਸੈੱਨ ਨਾਲੋਂ ਮੌਡਰਨਾ ਜਾਂ ਫਾਇਜ਼ਰ ਵੈਕਸਿਨ ਜਿਆਦਾ ਅਸਰਦਾਇਕ ਹੈ।

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਕੋਰੋਨਾ ਵਾਇਰਸ ਤੋਂ ਬਚਾਅ ਵਾਸਤੇ ਲੱਗਣ ਵਾਲੀ ਵੈਕਸਿਨ ਤੋਂ ਪਰਹੇਜ਼ ਕਰਨ ਵਾਲੇ ਸੂਬਾ ਵਾਸੀਆਂ ਨੂੰ ਭਾਵੇਂ ਜੌਨਸਨ ਐਂਡ ਜੌਨਸਨ ਕੰਪਨੀ ਦੀ ਜੈਨਸੈੱਨ ਵੈਕਸਿਨ ਦਿੱਤੀ ਜਾ ਰਹੀ ਹੈ ਪਰ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਮੌਡਰਨਾ ਜਾਂ ਫਾਇਜ਼ਰ ਵੈਕਸਿਨ ਲੈਣੀ ਚਾਹੀਦੀ ਹੈ। ਪਹਿਲੀ ਖੇਪ ਵਿੱਚ ਫੈਡਰਲ ਸਰਕਾਰ ਨੇ 5 ਹਜ਼ਾਰ ਜੈਨੱਸੈਨੱ ਵੈਕਸਿਨ ਭੇਜੀ ਸੀ ਜਿਸ ਵਿੱਚੋਂ 80% ਟੀਕੇ ਲਗਾ ਦਿੱਤੇ ਗਏ ਹਨ। ਸੈਸਕੈਚੇਵਾਨ ਵਿੱਚ 72% ਵੈਕਸਿਨ ਲਗਵਾਈ ਜਾ ਚੁੱਕੀ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਜੈਨਸੈਨ 67 ਤੋਂ 72% ਅਸਰ-ਕਾਰਕ ਹੈ ਜਦੋਂ ਕਿ ਫਾਇਜ਼ਰ ਅਤੇ ਮੌਡਰਨਾ ਦਾ ਅਸਰ 89 ਤੋਂ 91% ਤੱਕ ਵੇਖਿਆ ਜਾ ਰਿਹਾ ਹੈ। ਜਿਹੜੇ ਲੋਕ ਵੈਕਸਿਨ ਦੇ ਹੱਕ ਵਿੱਚ ਨਹੀਂ, ਉਹਨਾਂ ਲਈ ਇੱਕੋ ਇੱਕ ਇੰਜੈਕਸ਼ਨ ਵਾਲੀ ਜੌਨਸਨ ਐਂਡ ਜੌਨਸਨ ਦਵਾਈ ਲਗਵਾਉਣ ਨੂੰ ਕਿਹਾ ਜਾ ਰਿਹਾ ਸੀ ਪਰ ਹੁਣ ਸਿਹਤ ਮਾਹਿਰ ਚਾਹੁੰਦੇ ਹਨ ਕਿ ਉਹ ਵੀ ਦੋਵੇਂ ਇੰਜੈਕਸ਼ਨਜ਼ ਲਗਵਾ ਲੈਣ।

# ਟਰਾਂਸ ਐਲਟਾ ਨੇ ਕੋਲੇ ਤੋਂ ਬਿਜਲੀ ਬਣਾਉਣੀ ਬੰਦ ਕੀਤੀ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੀ ਵੱਡੀ ਐਨਰਜੀ ਕੰਪਨੀ 'ਟ੍ਰਾਂਸ-ਐਲਟਾ' ਕੋਲੇ ਨਾਲ ਬਿਜਲੀ ਪੈਦਾ ਕਰਨ ਦੇ ਕੰਮ ਤੋਂ ਆਖ਼ਰ, ਫਾਰਗ਼ ਹੋ ਹੀ ਗਈ ਹੈ। ਕੰਪਨੀ ਨੇ ਐਲਾਨ ਕੀਤਾ ਹੈ ਕਿ ਐਡਮੰਟਨ ਤੋਂ 45 ਮਿੰਟ ਦੀ ਦੂਰੀ 'ਤੇ ਸਥਿਤ ਕੋਲੇ ਦਾ ਬਿਜਲੀ ਪਲਾਂਟ ਬੰਦ ਕਰ ਦਿੱਤਾ ਗਿਆ ਹੈ। ਕੰਪਨੀ ਕੋਲ 3 ਕੋਲ-ਪਲਾਂਟ ਬਚੇ ਸਨ ਜਿਹਨਾਂ ਇੱਕ ਕੋਲ-ਪਲਾਂਟ ਹੁਣ ਬੰਦ ਕਰ ਦਿੱਤਾ ਗਿਆ ਹੈ। ਸਾਲ 2030 ਤੱਕ ਵਾਤਾਵਰਣ ਵਿੱਚੋਂ ਸਾਲ 2015 ਦੇ ਗੈਸ ਐਮਿਸ਼ਨਜ਼ ਦੇ 60% ਨੂੰ ਘੱਟ ਕਰਨ ਦਾ ਟੀਚਾ ਹੈ ਤੇ 2050 ਤੱਕ ਨੈਟ-ਜ਼ੀਰੋ ਐਮਿਸ਼ਨਜ਼ ਦਾ ਟੀਚਾ ਹੈ। ਇਸੇ ਦੇ ਚੱਲਦਿਆਂ ਇਹ ਕਦਮ ਚੁੱਕਿਆ ਗਿਆ ਹੈ। ਹੁਣ ਇਸ ਪਲਾਂਟ ਨੂੰ ਨੈਚੁਰਲ ਗੈਸ 'ਤੇ ਕਨਵਰਟ ਕੀਤਾ ਗਿਆ ਹੈ ਜਿਸ 'ਤੇ 77 ਮਿਲੀਅਨ ਡਾਲਰ ਦੀ ਲਾਗਤ ਆਈ ਹੈ ਤੇ 610 ਨੌਕਰੀਆਂ ਪੈਦਾ ਹੋਈਆਂ ਹਨ। ਅਗਲਾ ਪਲਾਂਟ ਹਾਇਵੇਲ ਕੋਲ ਪਲਾਂਟ 31 ਦਸੰਬਰ ਨੂੰ ਬੰਦ ਕਰ ਦਿੱਤਾ ਗਿਆ ਹੈ।

# ਦਿਲ ਦਾ ਦੌਰਾ ਪੈਣ ਕਾਰਣ ਇੱਕ ਹੋਰ ਪੰਜਾਬੀ ਵਿਦਿਆਰਥੀ ਦੀ ਹੋਈ ਮੌਤ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰਜੀਤ ਸਿੰਘ ਬੇਟਾ ਸੁਖਦੇਵ ਸਿੰਘ ਵਾਸੀ ਸੂਰਘੂਰੀ ਜਿਲਾ ਫਰੀਦਕੋਟ ਉਮਰ ਛੱਬੀ ਸਾਲ ਦੀ ਮੌਤ 26 ਦਸੰਬਰ 2021 ਨੂੰ ਕੈਨੇਡਾ ਵਿੱਚ ਹੋ ਜਾਣ ਦੀ ਖ਼ਬਰ ਨੇ ਪੰਜਾਬੀ ਭਾਈਚਾਰੇ ਅੰਦਰ ਸੋਗਮਈ ਮਾਹੌਲ ਸਿਰਜ ਦਿੱਤਾ ਹੈ। ਹੋਰਨਾਂ ਪਰਵਾਸੀ ਪੰਜਾਬੀਆਂ ਦੀ ਤਰਾਂ ਆਪਣੇ ਭਵਿੱਖ ਨੂੰ ਸੁਨਿਹਰਾ ਕਰਨ ਲਈ ਮਾਪਿਆ ਦਾ ਇੱਕਲੌਤਾ ਪੁੱਤਰ ਅਮਰਜੀਤ ਸਿੰਘ , ਭੈਣ ਦਾ ਇਕੱਲਾ ਭਰਾ, ਚਾਰ ਸਾਲ ਪਹਿਲਾ ਕੈਨੇਡਾ ਦੇ ਸਰੀ ਸ਼ਹਿਰ ਆਇਆ ਸੀ ਤੇ ਜਨਵਰੀ ਸਾਲ 2022 ਵਿੱਚ ਉਸਨੇ ਕਨੇਡਾ ਦੀ ਪੱਕੀ ਨਾਗਰਿਕਤਾ ਹਾਸਿਲ ਕਰ ਲੈਣੀ ਸੀ । ਪਰ ਉਸਦੇ ਸਾਹਾਂ ਦੀ ਡੋਰ ਦਿਲ ਦਾ ਦੌਰਾ ਪੈਣ ਕਾਰਣ ਪਹਿਲਾਂ ਹੀ ਕੱਟੀ ਗਈ। ਮ੍ਰਿਤਕ ਨੌਜਵਾਨ ਦੇ ਪਰਿਵਾਰ, ਰਿਸ਼ਤੇਦਾਰਾਂ ਤੇ ਸੂਰਘੂਰੀ ਪਿੰਡ ਦੇ ਨਿਵਾਸੀਆਂ ਵੱਲੋਂ ਕੈਨੇਡਾ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਸਵ:ਅਮਰਜੀਤ ਸਿੰਘ ਦੀ ਮ੍ਰਿਤਕ - ਦੇਹ ਪਿੰਡ ਸੂਰਘੂਰੀ ਜਿਲਾ ਫਰੀਦਕੋਟ ਭੇਜੀ ਜਾਵੇ ਤਾਂ ਕਿ ਪਰਿਵਾਰ ਵੱਲੋਂ ਅੰਤਿਮ ਰਸਮਾਂ ਪੂਰੀਆਂ ਕੀਤੀਆਂ ਜਾ ਸਕਣ। ਇਸ ਤੋਂ ਪਹਿਲਾਂ ਵੀ ਦਿਲ ਦੇ ਦੌਰੇ ਕਾਰਣ ਨੌਜਵਾਨ ਅੰਤਰਰਾਸਟਰੀ ਵਿਦਿਆਰਥੀਆਂ ਦੀਆਂ ਮੌਤਾਂ ਹੋਣ ਦੀਆਂ ਖ਼ਬਰਾਂ ਕਨੇਡਾ ਦੇ ਵੱਖ ਵੱਖ ਸਹਿਰਾਂ ਤੋਂ ਮਿਲੀਆਂ ਹਨ ਜੋਕਿ ਸਾਡੇ ਲਈ ਚਿੰਤਾ ਦਾ ਵਿਸ਼ਾ ਹਨ । ਸਮਾਜ ਵਿੱਚ ਅਜਿਹੇ ਵਰਤਾਰਿਆਂ ਪ੍ਰਤੀ ਚਿੰਤਤ ਮਾਹਿਰਾਂ ਦਾ ਮੰਨਣਾ ਹੈ ਕਿ ਛੋਟੀ ਉਮਰ ਵਿੱਚ ਵੱਡੀਆਂ ਜ਼ਿੰਮੇਬਾਰੀਆਂ ਭਾਵ ਕਨੇਡਾ ਦਾ ਸਟੂਡੈਂਟ ਵੀਜਾ ਲੈਣ ਲਈ ਕਰਜਾ ਚੁੱਕਣਾ,ਫਿਰ ਉਸ ਕਰਜੇ ਦੇ ਬੋਝ ਨੂੰ ਹੌਲਾ ਕਰਨ ਲਈ ਪੜਾਈ ਦੇ ਨਾਲ ਨਾਲ ਜਿਆਦਾ ਘੰਟੇ ਕੰਮ ਕਰਨਾ ਵੀ ਹੋ ਸਕਦਾ ਹੈ।

# ਠੰਡ ਵਿੱਚ ਠਰਦੇ ਬੇ ਘਰਿਆਂ ਨੂੰ ਸੈਲਟਰ ਹੋਮਾਂ ਤੱਕ ਲੈ ਜਾਇਆ ਗਿਆ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਕੜਾਕੇ ਦੀ ਸਰਦੀ ਪੈ ਰਹੀ ਹੋਣ ਦੇ ਦਰਮਿਆਨ ਬਾਹਰ ਸੜਕਾਂ 'ਤੇ ਰਹਿਣ ਲਈ ਮਜਬੂਰ ਕੁੱਝ ਵਿਅਕਤੀਆਂ ਨੂੰ ਸੁਨੈਲਟਾ ਐਲ.ਆਰ.ਟੀ. ਸਟੇਸ਼ਨ ਤੋਂ ਚੁੱਕ ਕੇ ਸ਼ੈਲਟਰ ਹੋਮਜ਼ ਵਿੱਚ ਪਹੁੰਚਾਇਆ ਗਿਆ ਹੈ। 29 ਦਸੰਬਰ ਵਾਲੇ ਦਿਨ ਜਦੋਂ ਉਹਨਾਂ ਨੂੰ ਡਾਉਨ-ਟਾਉਨ ਦੇ ਪੱਛਮ ਵੱਲ ਸਥਿਤ ਇਸ ਸਟੇਸ਼ਨ ਤੋਂ ਬਾਹਰ ਲਿਆਂਦਾ ਗਿਆ ਤਾਂ ਤਾਪਮਾਨ ਮਾਇਨਸ 24 ਡਿਗਰੀ ਸੈਲਸਿਅਸ ਸੀ ਜਿਹੜਾ ਮਾਇਨਸ 31 ਵਾਂਗ ਮਹਿਸੂਸ ਹੋ ਰਿਹਾ ਸੀ। ਕੈਲਗਰੀ ਡ੍ਰੌਪ ਇਨ ਸੈਂਟਰ ਵਿੱਚ 139 ਵਾਧੂ ਬੈੱਡ ਲਗਾਏ ਗਏ ਹਨ ਅਤੇ ਸਿਟੀ ਕਰਮਚਾਰੀ ਤੇ ਵਲੰਟੀਅਰ ਸੜਕਾਂ 'ਤੇ ਰਹਿਣ ਨੂੰ ਮਜਬੂਰ ਵਿਅਕਤੀਆਂ ਨੂੰ ਲੱਭ ਕੇ ਇਸ ਸੈਂਟਰ ਵਿੱਚ ਪਹੁੰਚਾ ਰਹੇ ਹਨ। ਕੁੱਝ ਜਾਣਕਾਰਾਂ ਦਾ ਕਹਿਣਾ ਹੈ ਕਿ ਡ੍ਰਗ ਐਬਿਊਜ਼ ਅਤੇ ਸਬਸਟੈਂਸ ਯੂਜ਼ ਦੇ ਚੱਲਦਿਆਂ ਕਈ ਵਿਅਕਤੀਆਂ ਨੂੰ ਡਰੌਪ ਇਨ ਸੈਂਟਰ ਵਰਗੇ ਸ਼ੈਲਟਰ ਹੋਮਜ਼ ਵਿੱਚ ਜਾਣ ਤੋਂ ਮਨਾਹੀ ਕੀਤੀ ਗਈ ਹੁੰਦੀ ਹੈ ਤੇ ਉਹ ਉੱਥੇ ਨਹੀਂ ਜਾਂਦੇ। ਪਰ ਸਰਦੀਆਂ ਵਿੱਚ ਇਹ ਮਨਾਹੀ ਵਾਪਸ ਲੈ ਲਈ ਜਾਂਦੀ ਹੈ। ਸ਼ਹਿਰਵਾਸੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਉਸ ਕਿਸੇ ਬੇਘਰੇ ਵਿਅਕਤੀ ਨੂੰ ਬਾਹਰ ਸਰਦੀ ਵਿੱਚ ਵੇਖਦੇ ਹਨ ਤਾਂ 403-998-7388 'ਤੇ ਜਾਂ 2-1-1 'ਤੇ ਕਾਲ ਕਰ ਸਕਦੇ ਹਨ।

# ਹਿੰਸਕ ਘਟਨਾਵਾਂ ਦੇ ਸ਼ੱਕੀ ਦੋਸੀ ਪੁਲਿਸ ਦੀ ਪਕੜ ਵਿੱਚ ਆਏ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ)ਕੈਲਗਰੀ ਵਿੱਚ 21 ਦਸੰਬਰ, ਮੰਗਲਵਾਰ ਵਾਲੇ ਦਿਨ 8 ਮਿੰਟਾਂ ਵਿੱਚ 3 ਹਿੰਸਕ ਘਟਨਾਵਾਂ ਨੂੰ ਅੰਜਾਮ ਦੇਣ ਦੇ ਦੋਸ਼ ਵਿੱਚ ਪੁਲਿਸ ਨੇ 21 ਅਤੇ 29 ਸਾਲਾ ਦੋ ਵਿਅਕਤੀਆਂ ਨੂੰ ਗ਼ਿਰਫ਼ਤਾਰ ਕੀਤਾ ਹੈ। ਤਿੰਨਾਂ ਘਟਨਾਵਾਂ ਵਿੱਚ 3 ਵਿਅਕਤੀ ਛੁਰੇ ਦੇ ਜ਼ਖ਼ਮਾਂ ਕਾਰਨ ਗੰਭੀਰ ਜ਼ਖਮੀ ਹਨ ਤੇ ਇਹ ਘਟਨਾਵਾਂ ਤੜਕੇ 4 ਵਜੇ ਦੇ ਕਰੀਬ ਲਗਪਗ ਇਕੋ ਸਮੇਂ ਅੰਜਾਮ ਦਿੱਤੀਆਂ ਗਈਆਂ। ਪਹਿਲੀ ਘਟਨਾ ਵਿੱਚ 7 ਐਵੇਨਿਊ ਅਤੇ 4 ਸਟ੍ਰੀਟ ਸਾਊਥ ਵੈਸਟ ਵਿੱਚ ਇਕ ਵਿਅਕਤੀ ਉੱਪਰ ਪਹਿਲਾਂ ਅੱਗ ਬੁਝਾਊ ਯੰਤਰ ਵਰਤਿਆ ਗਿਆ ਤੇ ਮਗਰੋਂ ਉਸ ਨੂੰ ਛੁਰਾ ਮਾਰ ਦਿੱਤਾ ਗਿਆ। ਦੂਜੀ ਘਟਨਾ ਇਸ ਸਥਾਨ ਨੇੜੇ ਇਕ ਬੱਸ ਸ਼ੈਲਟਰ ਹੇਠ ਹੋਈ ਤੇ ਇਥੇ ਵੀ ਪਹਿਲਾਂ ਫਾਇਰ ਐਕਸਟਿੰਗੁਅਸ਼ਰ ਵਰਤਿਆ ਗਿਆ ਤੇ ਮਗਰੋਂ ਛੁਰਾ ਮਾਰ ਦਿੱਤਾ ਗਿਆ। ਤੀਜੀ ਘਟਨਾ 7 ਐਵੇਨਿਊ ਅਤੇ 7 ਸਟ੍ਰੀਟ ਸਾਊਥ ਵੈਸਟ ਦੇ ਐਲ.ਆਰ.ਟੀ. ਸਟੇਸ਼ਨ 'ਤੇ ਹੋਈ ਜਦੋਂ ਇਕ ਵਿਅਕਤੀ ਟ੍ਰੇਨ ਵਿੱਚੋਂ ਉੱਤਰ ਰਿਹਾ ਸੀ ਤਾਂ ਉਸ ਉੱਪਰ ਪਹਿਲਾਂ ਅੱਗ ਬੁਝਾਊ ਯੰਤਰ ਚਲਾ ਦਿੱਤਾ ਗਿਆ ਤੇ ਮਗਰੋਂ ਉਸ ਨੂੰ ਛੁਰਾ ਮਰ ਕੇ ਜ਼ਖ਼ਮੀ ਕਰ ਦਿੱਤਾ ਗਿਆ। 21 ਸਾਲਾ ਅਸ਼ਰ ਐਟਰ ਅਤੇ 29 ਸਾਲਾ ਜੇਮਜ਼ ਰਿਚਰਡਸਨ ਨਾਮ ਦੇ ਵਿਅਕਤੀਆਂ ਨੂੰ ਗ਼ਿਰਫ਼ਤਾਰ ਕਰ ਲਿਆ ਗਿਆ ਹੈ। ਉਹਨਾਂ ਨੂੰ 4 ਜਨਵਰੀ ਵਾਲੇ ਦਿਨ ਕੋਰਟ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਹੈ।

# ਕਰੋਨਾ ਤੋਂ ਪ੍ਰਭਾਵਿਤ ਹੋਏ ਵਰਕਰ ਆਇਸੋਲੇਸ਼ਨ ਵਿੱਚ ਜਾਣ ਕਾਰਣ ਛੋਟੇ ਵਿਓਪਾਰ ਆਰਜੀ ਤੌਰ ਤੇ ਬੰਦ ਹੋਏ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਕਈ ਬਿਜ਼ਨਿਸਿਜ਼ ਉੱਪਰ ਕੋਰੋਨਾ ਵਾਇਰਸ ਦਾ ਅਸਰ ਪੈਣਾ ਮੁੜ ਸ਼ੁਰੂ ਹੋ ਗਿਆ ਹੈ ਤੇ ਓਮਿਕ੍ਰੌਨ ਵੇਰੀਐਂਟ ਅਤੇ ਵਾਇਰਸ ਨਾਲ ਪੀੜਤ ਹੋਣ ਕਾਰਨ ਕਈ ਕਰਮਚਾਰੀ ਆਇਸੋਲੇਸ਼ਨ ਵਿੱਚ ਚਲੇ ਗਏ ਹਨ ਜਿਸ ਕਰਕੇ ਅਨੇਕ ਬਿਜ਼ਨਿਸਿਜ਼ ਨੂੰ ਆਰਜ਼ੀ ਤੌਰ 'ਤੇ ਬੰਦ ਕਰਨਾ ਪਿਆ ਹੈ। ਕੰਮ ਮਾਲਿਕਾਂ ਕੋਲ ਵਰਕ-ਫੋਰਸ ਸ਼ੌਰਟੇਜ਼ ਦੇ ਕਾਰਨ ਇਸ ਤੋਂ ਬਿਨਾ ਕੋਈ ਹੋਰ ਚਾਰਾ ਨਹੀਂ ਬਚਿਆ ਸੀ। ਬੰਦ ਹੋਣ ਵਾਲੇ ਬਹੁਤੇ ਕਾਰੋਬਾਰਾਂ ਵਿੱਚ ਰੈਸਟੋਰੈਂਟਸ, ਬਾਰਜ਼ ਅਤੇ ਕੈਫੇਜ਼ ਦੱਸੇ ਗਏ ਹਨ। ਸੂਬੇ ਦੇ ਅੱਧੇ ਤੋਂ ਵੱਧ ਛੋਟੇ ਅਤੇ ਮੱਧ ਅਕਾਰੀ ਕਾਰੋਬਾਰ ਇਸ ਸਮੱਸਿਆ ਨਾਲ ਜੂਝ ਰਹੇ ਦੱਸੇ ਗਏ ਹਨ। ਬ੍ਰਿਟਿਸ਼ ਕੋਲੰਬੀਆ ਅਤੇ ਸੈਸਕੈਚੇਵਾਨ ਨੇ ਦੋਵੇਂ ਵੈਕਸਿਨ ਲੱਗੇ ਹੋਣ ਵਾਲੇ ਵਿਅਕਤੀਆਂ ਦੇ ਵਾਇਰਸ ਪੌਜ਼ਿਟਿਵ ਆਉਣ 'ਤੇ ਆਇਸੋਲੇਸ਼ਨ ਦਾ ਸਮਾਂ 5 ਦਿਨ ਕਰਨ ਦਾ ਐਲਾਨ ਕੀਤਾ ਹੈ। ਵੈਸਟ-ਜੈੱਟ ਏਅਰ-ਲਾਇਨ ਨੇ ਦੱਸਿਆ ਹੈ ਕਿ ਉਹਨਾਂ ਦੇ 180 ਦੇ ਕਰੀਬ ਸਟਾਫ਼ ਮੈਂਬਰ ਵਾਇਰਸ ਤੋਂ ਪ੍ਰਭਾਵਿਤ ਹੋਏ ਹਨ ਜਿਸ ਕਰਕੇ ਨਵੇਂ ਸਾਲ ਵਿੱਚ 31 ਜਨਵਰੀ ਤੱਕ 15% ਫ਼ਲਾਇਟਸ ਰੱਦ ਕਰਨੀਆਂ ਪੈ ਰਹੀਆਂ ਹਨ।


Bliss & Beauty
Rejuvenate your Mind, Body & Soul.
Reiki, Bio Energy, Healing Touch & Facials
ਸਿਰਫ਼ ਔਰਤਾਂ ਲਈ ਸੇਵਾਵਾਂ
JASVIR KAUR
To Book a Session CALL us at:
403-829-4814
20 Saddlestone Drive NE T3J OW8
Located on 2nd Floor in Saddleridge Plaza
info.blissandbeauty@gmail.com

PUNJABI SWEETS
HOUSE & RESTAURANT
TAKE OUT
We do catering also
ALL KINDS OF SWEETS NON-VEG & VEGI FOOD
FAST & BEST FRIENDLY SERVICE
Open 7 Days a Week
403-293-5252
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Bay 113 216 Saddle Towne Cir. N.E. T3J 0C9

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

ਮੇਰੇ ਰਾਹੀਂ ਆਪਣਾ ਘਰ ਵੇਚੋ ਅਤੇ ਕਮਿਸ਼ਨ ਉੱਪਰ ਹਜਾਰਾਂ ਡਾਲਰ ਬਚਾਓ !
Call for your home BUYING & SELLING needs
ਭਾਵੇਂ ਤੁਸੀਂ ਘਰ ਖਰੀਦ ਰਹੇ ਹੋ ਜਾਂ ਵੇਚ ਰਹੇ ਹੋ ਪਰ ਡਾਲਰਾਂ ਦੀ ਬੱਚਤ ਤੋਂ ਸਿਰਫ ਇੱਕ ਫੋਨ ਕਾਲ ਦੂਰ ਹੀ ਹੋ !
urban Real Estate Services Ltd.
Akshay Kapoor
REALTOR®
403 891 0005

An Efficient Mortgage / Home Financing Process Contact Kulwant Manhas
ਕਨੇਡਾ ਵਿੱਚ ਨਵੇਂ ਆਏ ਹੋ, ਘਰ ਖਰੀਦਣਾ ਚਾਹੁੰਦੇ ਹੋ ਜਾਂ ਰੀ ਫਾਇਨੈਂਸ ਕਰਵਾਉਣਾ ਹੈ ਤਾਂ ਕੁਲਵੰਤ ਮਨਹਾਸ ਨੂੰ ਮਿਲੋ
Scotiabank
Kulwant S. Manhas
Home Financing Advisor
C: (587)-899-2093
E: kulwant.Manhas@scotiabank.com
Specializing in:
• Home Buyers
• Refinancing
• New to Canada
• Construction Draws

Asia Pacific Immigration Consulting Ltd.
ਏਸ਼ੀਆ ਪੈਸੀਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca

# ਜੇਕਰ 'ਪ੍ਰਕਾਸ਼ ਸਿੰਘ ਬਾਦਲ' ਫ਼ਿਰ ਬਣੇ ਉਮੀਦਵਾਰ ਤਾਂ ਅਕਾਲੀ ਦਲ ਤੋਂ ਤਿੰਨ ਪਿਓ-ਪੁੱਤ ਲੜਨਗੇ ਚੋਣਾਂ



ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ)- ਭਾਵੇਂ ਹੀ ਕਾਂਗਰਸ ਵਲੋਂ ਵਿਧਾਨ ਸਭਾ ਚੋਣਾਂ 'ਚ ਇੱਕ ਪਰਿਵਾਰ ਦੇ ਇੱਕ ਹੀ ਮੈਂਬਰ ਨੂੰ ਟਿਕਟ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ ਪਰ ਅਕਾਲੀ ਦਲ 'ਚ ਹਾਲਾਤ ਬਿਲਕੁੱਲ ਉਲਟ ਹਨ। ਇਸ ਦੇ ਤਹਿਤ ਸ. ਪ੍ਰਕਾਸ਼ ਸਿੰਘ ਬਾਦਲ ਜੇਕਰ ਇੱਕ ਵਾਰ ਫ਼ਿਰ ਉਮੀਦਵਾਰ ਬਣੇ ਤਾਂ ਉਨ੍ਹਾਂ ਦੀ ਪਾਰਟੀ ਤੋਂ ਤਿੰਨ ਪਿਓ-ਪੁੱਤ ਵਿਧਾਨ ਸਭਾ ਚੋਣਾਂ ਲੜਨਗੇ ਕਿਉਂਕਿ ਇਸ ਤੋਂ ਪਹਿਲਾਂ ਉਨ੍ਹਾਂ ਦੇ ਬੇਟੇ ਸੁਖਬੀਰ ਬਾਦਲ ਵਲੋਂ ਜਲਾਲਾਬਾਦ ਤੋਂ ਚੋਣਾਂ ਲੜਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਕਾਲੀ ਦਲ ਵਲੋਂ ਸਾਬਕਾ ਮੰਤਰੀ ਤੋਤਾ ਸਿੰਘ ਅਤੇ ਉਨ੍ਹਾਂ ਦੇ ਬੇਟੇ ਮੱਖਣ ਬਰਾੜ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਉਨ੍ਹਾਂ ਦੇ ਬੇਟੇ ਹਰਿੰਦਰਪਾਲ ਸਿੰਘ ਨੂੰ ਉਮੀਦਵਾਰ ਬਣਾਇਆ ਜਾ ਚੁੱਕਾ ਹੈ। ਹਾਲਾਂਕਿ ਸਿਕੰਦਰ ਸਿੰਘ ਮਲੂਕਾ ਵਲੋਂ ਵੀ ਆਪਣੇ ਬੇਟੇ ਲਈ ਟਿਕਟ ਦੀ ਮੰਗ ਕੀਤੀ ਗਈ ਸੀ ਪਰ ਸੁਖਬੀਰ ਬਾਦਲ ਵਲੋਂ ਉਨ੍ਹਾਂ ਦੀ ਸਿਫ਼ਾਰਿਸ਼ ਨੂੰ ਅਸਵੀਕਾਰ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਅਤੇ ਉਨ੍ਹਾਂ ਦੇ ਬੇਟੇ ਇੰਦਰ ਇਕਬਾਲ ਸਿੰਘ ਦਾ ਨਾਂ ਹੁਣ ਤਕ ਅਕਾਲੀ ਦਲ ਦੇ ਉਮੀਦਵਾਰਾਂ ਦੀ ਕਿਸੇ ਵੀ ਸੂਚੀ 'ਚ ਸ਼ਾਮਲ ਨਹੀਂ ਕੀਤਾ ਗਿਆ ਹੈ।

ਸਾਬਕਾ ਮੁੱਖ ਮੰਤਰੀ ਨੇ ਦਿੱਤੇ ਹਨ ਗਿੱਦੜਬਾਹਾ ਤੋਂ ਚੋਣਾਂ ਲੜਨ ਦੇ ਸੰਕੇਤ

ਭਾਵੇਂ ਹੀ ਸ. ਪ੍ਰਕਾਸ਼ ਸਿੰਘ ਬਾਦਲ ਇਸ ਸਮੇਂ ਲੰਬੀ ਤੋਂ ਵਿਧਾਇਕ ਹਨ ਪਰ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਦੇ ਨਾਲ ਹਰਸਿਮਰਤ ਕੌਰ ਬਾਦਲ ਵੀ ਸਰਗਰਮ ਨਜ਼ਰ ਆ ਰਹੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਲੰਬੀ ਤੋਂ ਚੋਣਾਂ ਲੜਨ ਦੀਆਂ ਅਟਕਲਾਂ ਲਾਈਆਂ ਜਾ ਰਹੀਆਂ ਹਨ। ਇਸ ਨੂੰ ਲੈ ਕੇ ਇੱਕ ਚੈਨਲ ਵਲੋਂ ਲਏ ਗਏ ਇੰਟਰਵਿਊ ਦੌਰਾਨ ਸਵਾਲ ਪੁੱਛੇ ਜਾਣ 'ਤੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਇਹ ਕਹਿ ਕੇ ਲੰਬੀ ਤੋਂ ਹੀ ਦੁਬਾਰਾ ਚੋਣਾਂ ਲੜਨ ਦੀ ਸਥਿਤੀ ਸਪੱਸ਼ਟ ਨਹੀਂ ਕੀਤੀ ਕਿ ਪਾਰਟੀ ਜੋ ਹੁਕਮ ਕਰੇਗੀ, ਉਸ ਦਾ ਪਾਲਣ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਕਹਿ ਕੇ ਗਿੱਦੜਬਾਹਾ ਤੋਂ ਚੋਣਾਂ ਲੜਨ ਦੇ ਸੰਕੇਤ ਦਿੱਤੇ ਹਨ ਕਿ ਉਹ ਕਾਫ਼ੀ ਦੇਰ ਤਕ ਇਸ ਸੀਟ ਤੋਂ ਚੋਣਾਂ ਲੜਦੇ ਰਹੇ ਹਨ ਪਰ ਰਿਜਰਵ ਹੋਣ ਕਾਰਨ ਲੰਬੀ 'ਚ ਸ਼ਿਫ਼ਟ ਹੋ ਗਏ, ਹਾਲਾਂਕਿ ਅਕਾਲੀ ਦਲ ਵਲੋਂ ਪਹਿਲਾਂ ਡਿੰਪੀ ਢਿੱਲੋਂ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਐਲਾਨਿਆ ਹੋਇਆ ਹੈ।

## ਕਾਬੁਲ ਤੋਂ ਭੱਜਿਆ ਅਫਗਾਨ ਰਾਸ਼ਟਰਪਤੀ ਅਸ਼ਰਫ ਗ਼ਨੀ ਪਹਿਲੀ ਬਾਰ ਮੀਡੀਆ ਸਾਹਮਣੇ ਆਇਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਫ਼ਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਅਸ਼ਰਫ਼ ਗ਼ਨੀ ਨੇ ਅਗਸਤ ਮਹੀਨੇ ਵਿੱਚ ਦੇਸ਼ ਛੱਡ ਕੇ ਭੱਜ ਜਾਣ ਮਗਰੋਂ ਪਹਿਲੀ ਵਾਰ ਮੀਡੀਆ ਨਾਲ ਗੱਲ ਕਰਦਿਆਂ ਆਪਣੇ ਦੇਸ਼ ਛੱਡ ਜਾਣ ਦੇ ਫੈਸਲੇ ਨੂੰ ਸਹੀ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਕਾਬੁਲ ਨੂੰ ਤਬਾਹੀ ਤੋਂ ਬਚਾਉਣ ਵਾਸਤੇ ਅਜਿਹਾ ਕਰਨਾ ਜ਼ਰੂਰੀ ਹੋ ਗਿਆ ਸੀ। ਅਜਿਹਾ ਕਰਨ ਕਰਕੇ ਅਸ਼ਰਫ਼ ਗ਼ਨੀ ਦੀ ਬਹੁਤ ਆਲੋਚਨਾ ਹੋਈ ਸੀ। ਉਹਨਾਂ ਕਿਹਾ ਕਿ 15 ਅਗਸਤ ਦੀ ਸਵੇਰ ਤੱਕ ਉਹਨਾਂ ਨੂੰ ਨਹੀਂ ਸੀ ਪਤਾ ਕਿ ਉਸ ਦਿਨ ਅਫ਼ਗਾਨਿਸਤਾਨ ਵਿੱਚ ਉਹਨਾਂ ਦਾ ਆਖ਼ਰੀ ਦਿਨ ਸੀ। ਮੌਜੂਦਾ ਸਮੇਂ ਯੂ.ਏ.ਈ. ਵਿੱਚ ਰਹਿ ਰਹੇ ਅਸ਼ਰਫ ਗ਼ਨੀ ਨੇ ਕਿਹਾ ਕਿ ਜੇ ਉਹ ਨਾ ਜਾਂਦੇ ਤਾਂ ਤਾਲਿਬਾਨ ਨੇ ਹਮਲਾ ਕਰਕੇ ਕਾਬੁਲ ਤਬਾਹ ਕਰ ਦੇਣਾ ਸੀ ਜਿਸ ਨਾਲ ਵੱਡੀ ਜਾਨ-ਮਾਲ ਦੀ ਹਾਨੀ ਹੋਣੀ ਸੀ। ਉਹਨਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਹ ਕੋਈ ਰਕਮ ਲੈ ਕੇ ਫ਼ਰਾਰ ਹੋਏ ਹਨ ਤੇ ਉਹਨਾਂ ਕਿਹਾ ਕਿ ਉਹ ਇਸ ਸੰਬੰਧ ਵਿੱਚ ਅੰਤਰਰਾਸ਼ਟਰੀ ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹਨ।



## ਅਲਬਰਟਾ ਵਾਸੀਆਂ ਨੂੰ ਬਿਜਲੀ ਘੱਟ ਵਰਤਣ ਦੀ ਅਪੀਲ ਕੀਤੀ ਜਾ ਰਹੀ ਹੈ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਵਾਸੀਆਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਕੜਾਕੇ ਦੀ ਠੰਡ ਦੇ ਚੱਲ ਰਹੇ ਮੌਜੂਦਾ ਦੌਰ ਦੌਰਾਨ ਜਿੰਨਾ ਸੰਭਵ ਹੋ ਸਕੇ, ਬਿਜਲੀ ਦੀ ਵਰਤੋਂ ਘਟਾਉਣ ਤਾਂ ਕਿ ਬਿਜਲੀ ਦੀ ਖਪਤ ਦਾ ਵਧ ਰਿਹਾ ਬੋਝ ਰੋਕਿਆ ਜਾ ਸਕੇ। ਐਲਬਰਟਾ ਇਲੈਕਟ੍ਰਿਕ ਸਿਸਟਮ ਔਪਰੇਟਰ - ਏ.ਈ.ਐਸ.?. ਦਾ ਕਹਿਣਾ ਹੈ ਕਿ ਬੀਤੇ ਸੋਮਵਾਰ ਸਵੇਰੇ ਸਾਢੇ ਸੱਤ ਵਜੇ ਸੂਬੇ ਵਿੱਚ ਐਨਰਜੀ ਐਮਰਜੰਸੀ ਲੈਵਲ-2 ਲਾਗੂ ਕਰਨਾ ਪਿਆ ਹੈ। ਇਸ ਦਾ ਮਤਲਬ ਹੈ ਕਿ ਇਸ ਸਮੇਂ ਬਿਜਲੀ ਸਪਲਾਇ ਰਿਜ਼ਰਵਜ਼ ਵਿਚੋਂ ਕੀਤੀ ਜਾ ਰਹੀ ਹੈ। ਹੌਲਿਡੇਅ-ਹਾਊਸ ਲਾਇਟਸ, ਸਜਾਵਟੀ ਲਾਇਟਸ ਅਤੇ ਹੋਰ ਬੇਲੋੜੀਆਂ ਲਾਇਟਸ ਬੰਦ ਕਰ ਦਿੱਤੇ ਜਾਣ ਨੂੰ ਕਿਹਾ ਗਿਆ ਹੈ। ਬਿਜਲੀ ਨਾਲ ਚੱਲਣ ਵਾਲੀਆਂ ਮਸ਼ੀਨਾਂ ਅਤੇ ਹੋਰ ਸਾਮਾਨ ਘੱਟ ਤੋਂ ਘੱਟ ਵਰਤਣ ਨੂੰ ਅਪੀਲ ਜਾਰੀ ਕੀਤੀ ਗਈ ਹੈ। ਵੈਂਟਿਲੇਸ਼ਨ ਫੈਨਜ਼, ਮੋਸ਼ਨ ਡਿਟੈਕਟਿੰਗ ਲਾਇਟਸ, ਸ਼ਾਮ ਦੇ 4 ਤੋਂ 7 ਵਜੇ ਦਰਮਿਆਨ ਡਿਸ਼ਵੌਸ਼ਰਜ਼ ਨਾ ਵਰਤਣ ਆਦਿ ਦੀ ਅਪੀਲ ਕੀਤੀ ਗਈ ਹੈ।

## ਬੇਅਦਬੀ ਦੇ ਸ਼ੱਕ ਵਿੱਚ ਨਿਰਦੋਸ਼ੇ ਨੂੰ ਜਾਨੋ ਮਾਰਨ ਦੇ ਮਾਮਲੇ ਵਿੱਚ ਹੁਣ ਗ੍ਰੰਥੀ ਫੜਿਆ ਗਿਆ ਹੈ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ)ਭਾਰਤੀ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਨਿਜ਼ਾਮਪੁਰ ਵਿੱਚ ਪਿਛਲੇ ਦਿਨੀਂ ਕਥਿਤ ਬੇਅਦਬੀ ਮਾਮਲੇ ਵਿੱਚ ਪੁਲਿਸ ਨੇ ਗ੍ਰੰਥੀ ਅਮਰਜੀਤ ਸਿੰਘ ਨੂੰ ਗਿਰਫ਼ਤਾਰ ਕਰ ਲਿਆ ਹੈ। ਆਈਪੀਸੀ ਦੀ ਧਾਰਾ 302, 307 ਤੇ ਹੋਰ ਧਾਰਾਵਾਂ ਤਹਿਤ ਕਰਾਸ ਕੇਸ ਦਰਜ ਕੀਤਾ ਗਿਆ ਹੈ। ਘਟਨਾ 19 ਦਸੰਬਰ ਦੀ ਹੈ ਜਦੋਂ ਇੱਕ ਵਿਅਕਤੀ ਉੱਤੇ ਬੇਅਦਬੀ ਦੇ ਇਲਜ਼ਾਮ ਲਗਾਉਂਦੇ ਹੋਏ ਉਸ ਦੀ ਕੁੱਟਮਾਰ ਕੀਤੀ ਗਈ ਸੀ ਜਿਸ ਮਗਰੋਂ ਉਸ ਦੀ ਮੌਤ ਹੋ ਗਈ ਸੀ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਪੱਤਰਕਾਰਾਂ ਨੂੰ ਦੱਸਿਆ ਹੈ ਕਿ ਪੁਲਿਸ ਨੇ ਕਪੂਰਥਲਾ ਵਾਲਾ ਮਸਲਾ ਹੱਲ ਕਰ ਲਿਆ ਹੈ ਤੇ ਉਹ ਮਸਲਾ ਬੇਅਦਬੀ ਦਾ ਨਹੀਂ ਸੀ। ਚਰਨਜੀਤ ਚੰਨੀ ਨੇ ਕਿਹਾ ਸੀ ਕਿ ਉੱਥੇ ਬੇਅਦਬੀ ਨਹੀਂ ਹੋਈ ਸੀ।

## ਚਰਚ ਨੂੰ ਅੱਗ ਲਗਾਉਣ ਵਾਲੇ ਦੀ ਜਾਣਕਾਰੀ ਜਾਰੀ ਕਰਦਿਆਂ ਪੁਲਿਸ ਨੇ ਲੋਕਾਂ ਤੋਂ ਸਹਿਯੋਗ ਮੰਗਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ)ਇਸੇ ਸਾਲ 4 ਜੁਲਾਈ ਵਾਲੇ ਦਿਨ ਕੈਲਗਰੀ ਦੇ ਸਾਊਥ ਈਸਟ ਵਿੱਚ ਇਕ ਚਰਚ ਨੂੰ ਅੱਗ ਲਗਾਉਣ ਦੀ ਘਟਨਾ ਵਿੱਚ ਇੱਕ ਸੰਭਾਵਿਤ ਗਵਾਹ ਦੀ ਭਾਲ ਕੀਤੀ ਜਾ ਰਹੀ ਹੈ। ਅੱਗ ਉਪਰ ਕਾਬੂ ਪਾ ਲਿਆ ਗਿਆ ਸੀ ਪਰ ਚਰਚ ਨੂੰ ਵੱਡਾ ਨੁਕਸਾਨ ਪਹੁੰਚਿਆ ਸੀ। ਸੀ.ਸੀ.ਟੀ.ਵੀ. ਕੈਮਰਿਆਂ ਅਤੇ ਹੋਰਨਾ ਗਵਾਹਾਂ ਤੋਂ ਹਾਸਲ ਜਾਣਕਾਰੀ ਦੇ ਅਦਾਰ 'ਤੇ ਜਾਂਚ ਕਾਰਜ ਕੀਤਾ ਜਾ ਰਿਹਾ ਹੈ। ਹੁਣ ਪੁਲਿਸ ਨੇ ਇੱਕ ਵਿਅਕਤੀ ਦੀ ਤਸਵੀਰ ਜਾਰੀ ਕਰਕੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਹ ਵਿਅਕਤੀ ਘਟਨਾ ਦਾ ਸੰਭਾਵਿਤ ਗਵਾਹ ਹੋ ਸਕਦਾ ਹੈ। ਉਸ ਦੇ ਹੱਥਾਂ 'ਤੇ ਟੈਟੂਜ਼ ਬਣੇ ਹੋਏ ਹਨ ਤੇ ਉਸ ਦਿਨ ਉਸ ਨੇ ਕਾਲੀ ਜੈਕੇਟ, ਕਾਲੀ ਫੈਨਟ ਅਤੇ ਗ੍ਰੇ ਰੰਗ ਦੇ ਫਿੰਗਰਲੈੱਸ ਗਲਵਜ਼ ਪਾਏ ਹੋਏ ਸਨ। ਉਸ ਨੂੰ ਵੀ ਕਿਹਾ ਗਿਆ ਹੈ ਜੇ ਉਸ ਨੂੰ ਇਸ ਸੂਚਨਾ ਦਾ ਪਤਾ ਲੱਗਦਾ ਹੈ ਤਾਂ ਉਹ ਪੁਲਿਸ ਨਾਲ ਸੰਪਰਕ ਕਰੇ ਤੇ ਉਸ ਸੰਬੰਧੀ ਪੁਲਿਸ ਨੂੰ ਨੌਨ ਐਮਰਜੰਸੀ ਨੰਬਰ 403-266-1234 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਲੁੱਟਮਾਰ ਦੀਆਂ ਵਾਰਦਤਾਂ ਵਿੱਚ ਸਾਮਿਲ ਚਾਰ ਛੋਕਰਿਆਂ ਖਿਲਾਫ ਪੁਲਿਸ ਨੇ 137 ਚਾਰਜ ਲਗਾਏ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਵੱਖ ਵੱਖ ਹਿੱਸਿਆਂ ਵਿੱਚ ਪਿਛਲੇ ਮਹੀਨੇ ਹਥਿਆਰਬੰਦ ਲੁੱਟਮਾਰ ਕਰਨ ਦੇ ਕਈ ਮਾਮਲਿਆਂ ਵਿੱਚ ਕੈਲਗਰੀ ਪੁਲਿਸ ਵੱਲੋਂ 4 ਛੋਕਰਿਆਂ ਦੇ ਖਿਲਾਫ਼ ਕੁੱਲ 137 ਚਾਰਜਿਜ਼ ਲਗਾਏ ਜਾਣ ਦੀ ਖ਼ਬਰ ਹੈ। 3 ਹੋਰ ਛੋਕਰਿਆਂ ਦੀ ਪਛਾਣ ਵਾਸਤੇ ਲੋਕਾਂ ਦਾ ਸਹਿਯੋਗ ਮੰਗਿਆ ਜਾ ਰਿਹਾ ਹੈ। ਇਹ ਸਾਰੀਆਂ ਵਾਰਦਾਤਾਂ 19 ਨਵੰਬਰ ਤੋਂ 3 ਦਸੰਬਰ ਦੇ ਦਰਮਿਆਨ ਅੰਜਾਮ ਦਿੱਤੀਆਂ ਗਈਆਂ ਸਨ। ਬਹੁਤੀਆਂ ਘਟਨਾਵਾਂ ਵਿੱਚ ਹੈਂਡਗਨ ਵਰਤੀਆਂ ਗਈਆਂ ਤੇ ਕਈ ਥਾਈਂ ਮੁਲਾਜ਼ਮਾਂ ਉੱਪਰ ਹਮਲੇ ਵੀ ਕੀਤੇ ਗਏ। ਕਈ ਕੌਨਵੀਨੀਐਂਸ ਸਟੋਰ ਅਤੇ ਵੇਪ ਸ਼ੌਪਸ ਇਹਨਾਂ ਛੋਕਰਿਆਂ ਦੇ ਨਿਸ਼ਾਨੇ 'ਤੇ ਸਨ। ਪੁਲਿਸ ਤੋਂ ਹਾਸਲ ਜਾਣਕਾਰੀ ਅੰਸਾਰ ਇਹ ਛੋਕਰੇ ਸਟੋਰ ਅੰਦਰ ਜਾ ਕੇ ਕੈਸ਼ ਤੇ ਬੈਠੇ ਮੁਲਾਜ਼ਮ ਨੂੰ ਕਾਬੂ ਕਰ ਲੈਂਦੇ ਸਨ ਤੇ ਕੈਸ਼ ਦੀ ਮੰਗ ਕਰਦੇ ਸਨ। ਗ਼ਿਰਫਤਾਰ ਕੀਤੇ ਗਏ ਚਾਰੇ ਛੋਕਰਿਆਂ ਦੀ ਉਮਰ 16 ਸਾਲ ਦੱਸੀ ਗਈ ਹੈ। 16 ਤੋਂ 17 ਸਾਲ ਦੀ ਉਮਰ ਦੇ 3 ਹੋਰ ਨੌਜਵਾਨਾਂ ਦੀ ਭਾਲ ਹੈ ਜਿਹੜੇ ਇਹਨਾਂ ਦੇ ਨਾਲ ਇਹਨਾਂ ਵਾਰਦਾਤਾਂ ਵਿੱਚ ਸ਼ਾਮਲ ਸਨ।

## ਜਿਹਨਾਂ ਵਿਅਕਤੀਆਂ ਨੂੰ ਵਾਇਰਸ ਦੇ ਲੱਛਣ ਨਜ਼ਰ ਆਉਂਦੇ ਹਨ ਉਹ ਆਪਣੇ ਘਰ ਵਿੱਚ ਹੀ ਰੈਪਿਡ ਟੈਸਟ ਕਰ ਸਕਦੇ ਹਨ-ਡਾਕਟਰ ਡੀਨਾ ਹਿਨਸ਼ਾਅ

ਐਡਮੰਟਨ( ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਓਮਿਕ੍ਰੌਨ ਵੇਰੀਐਂਟ ਦੇ ਵਧਦੇ ਜਾਣ ਅਤੇ ਕੋਰੋਨਾ ਵਾਇਰਸ ਦੇ ਐਕਟੇਵ ਮਾਮਲਿਆਂ ਵਿੱਚ ਆ ਰਹੀ ਤੇਜ਼ੀ ਨੂੰ ਵੇਖਦਿਆਂ ਸਰਕਾਰ ਨੇ ਸੂਬੇ ਵਿੱਚ ਟੈਸਟਿੰਗ ਕ੍ਰਾਇਟੇਰੀਆ ਤਬਦੀਲ ਕਰ ਦਿੱਤਾ ਹੈ। ਨਵੀਂ ਤਬਦੀਲੀ ਲਾਗੂ ਵੀ ਕਰ ਦਿੱਤੀ ਗਈ ਹੈ। ਚੀਫ਼ ਮੈਡਿਕਲ ਔਫਿਸਰ ਔਫ਼ ਹੈਲਥ ਡਾ. ਡੀਨਾ ਹਿਨਸ਼ੌਅ ਦਾ ਕਹਿਣਾ ਹੈ ਕਿ ਦੇਸ਼ ਦੇ ਬਾਕੀ ਸੂਬਿਆਂ ਵਿੱਚ ਵੀ ਇਹ ਵਾਇਰਸ ਇੰਨੀ ਹੀ ਤੇਜ਼ੀ ਨਾਲ ਫੈਲ ਰਿਹਾ ਹੈ। ਪ੍ਰੋਵਿੰਸ਼ਿਅਲ ਲੈਬ ਟੈਸਟਿੰਗ ਤੋਂ ਬੋਝ ਘਟਾਉਣ ਵਾਸਤੇ ਸੂਬਾ ਵਾਸੀਆਂ ਨੂੰ ਕਿਹਾ ਗਿਆ ਹੈ ਕਿ ਜਿਹਨਾਂ ਵਿਅਕਤੀਆਂ ਨੂੰ ਵਾਇਰਸ ਦੇ ਲੱਛਣ ਨਜ਼ਰ ਆਉਂਦੇ ਹਨ ਉਹ ਆਪਣੇ ਘਰ ਵਿੱਚ ਹੀ ਰੈਪਿਡ ਟੈਸਟ ਕਰ ਸਕਦੇ ਹਨ ਪਰ ਲੌਂਗ ਟਰਮ ਕੇਅਰ ਅਤੇ ਦੂਜੀਆਂ ਹੈਲਥ ਕੇਅਰ ਫੈਸਿਲਿਟੀਜ਼ ਵਰਗੀਆਂ ਹਾਇ ਰਿਸਕ ਵਾਲੀਆਂ ਥਾਵਾਂ 'ਤੇ ਪੀਸੀਆਰ ਟੈਸਟ ਹੀ ਜਾਰੀ ਰੱਖੇ ਜਾਣਗੇ। ਰੈਪਿਡ ਟੈਸਟ ਵਿੱਚ ਜੇ ਰਿਪੋਰਟ ਪੌਜ਼ਿਟਿਵ ਆਉਂਦੀ ਹੈ ਤਾਂ 14 ਦਿਨਾਂ ਲਈ ਖੁਦ ਹੀ ਆਇਸੋਲੇਸ਼ਨ ਚਲੇ ਜਾਣਾ ਚਾਹੀਦਾ ਹੈ। ਜਦੋਂ ਪੌਜ਼ਿਟਿਵ ਆ ਜਾਵੇ ਤਾਂ ਨੈਗੇਟਿਵ ਰਿਪੋਰਟ ਵਾਸਤੇ 24 ਤੋਂ 48 ਘੰਟੇ ਬਾਦ ਦੂਜਾ ਟੈਸਟ ਕਰ ਲੈਣਾ ਚਾਹੀਦਾ ਹੈ ਪਰ ਆਇਸੋਲੇਸ਼ਨ ਵਿੱਚੋਂ ਬਾਹਰ ਨਹੀਂ ਆਉਣਾ ਚਾਹੀਦਾ। ਡਾ. ਹਿਨਸ਼ੌਅ ਨੇ ਕਿਹਾ ਕਿ ਲੈਬਜ਼ ਉੱਪਰ ਬੋਝ ਵਧਦਾ ਜਾ ਰਿਹਾ ਹੈ ਤੇ ਇਸ ਬੋਝ ਨੂੰ ਘਟਾਉਣ ਵਾਸਤੇ ਰੈਪਿਡ ਟੈਸਟ ਕਰਵਾਏ ਜਾ ਰਹੇ ਹਨ।



## ਸਰਨਾ ਨੇ ਅਧੀਨ ਚਲ ਰਹੀਆਂ ਫ਼ਰਜ਼ੀ ਕੰਪਨੀਆਂ ਦਾ ਕੀਤਾ ਪਰਦਾਫ਼ਾਸ਼, ਸਵਾਲਾਂ ਦੇ ਘੇਰੇ 'ਚ ਸਿਰਸਾ

ਨਵੀਂ ਦਿੱਲੀ (ਪੰਜਾਬੀ ਅਖਬਾਰ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਦਿੱਲੀ- ਸਰਨਾ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਨ ਕਮੇਟੀ ਤਹਿਤ ਚਲ ਰਹੇ ਫ਼ਰਜ਼ੀ ਕੰਪਨੀਆਂ ਦੇ ਸੈੱਲ ਦਾ ਪਰਦਾਫ਼ਾਸ਼ ਕਰਨ ਦਾ ਦਾਅਵਾ ਕੀਤਾ ਹੈ। ਡੀ.ਐੱਸ.ਜੀ.ਐੱਮ.ਸੀ. ਦੀ ਨਵੀਂ ਚੁਣੀ ਕਮੇਟੀ ਨੇ ਗੁਰਦੁਆਰਾ ਕਮੇਟੀ ਦੇ ਵੱਖ-ਵੱਖ ਦਫ਼ਤਰਾਂ 'ਤੇ ਇੱਕ ਤੋਂ ਬਾਅਦ ਇੱਕ ਛਾਪੇਮਾਰੀ ਕੀਤੀ। ਇਹ ਕਾਰਵਾਈ ਡੀ.ਐੱਸ.ਜੀ.ਐੱਮ.ਸੀ. ਦੇ ਨਵੇਂ ਚੁਣੇ ਗਏ ਪ੍ਰਧਾਨ ਕੁਲਵੰਤ ਸਿੰਘ ਬਾਠ, ਸ੍ਰੋਮਣੀ ਅਕਾਲੀ ਦਲ ਮੈਂਬਰ ਅਤੇ ਹਰਮੀਤ ਸਿੰਘ ਕਾਲਕਾ, ਡੀ.ਐੱਸ.ਜੀ.ਪੀ.ਸੀ. ਜਨਰਲ ਸਕੱਤਰ ਦੇ ਆਦੇਸ਼ 'ਤੇ ਕੀਤੀ ਗਈ। ਜਿਸ ਵਿੱਚ ਕਮੇਟੀ ਦੇ ਅਧਿਕਾਰਤ ਵਿਦਿਅਕ ਅਦਾਰੇ ਗੁਰੂ ਹਰਗੋਬਿੰਦ ਸਿੰਘ ਮੈਨੇਜਮੈਂਟ ਇੰਟੀਚਿਊਟ 'ਚ ਡੀ.ਐੱਸ.ਜੀ.ਪੀ.ਸੀ. ਮੈਂਬਰਾਂ ਦੁਆਰਾ ਖੁਦ ਦੇ ਇੱਕ ਰੀਅਲ ਸਟੇਟ ਧੰਦੇ, ਆਈ.ਟੀ. ਕੰਪਨੀ ਸਮੇਤ ਕਈ ਹੋਰ ਵਪਾਰ ਚਲਾਏ ਜਾ ਰਹੇ ਸਨ। ਪੂਰੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਮੁੱਖੀ ਪਰਮਜੀਤ ਸਿੰਘ ਸਰਨਾ ਨੇ ਇੱਕ ਪੱਤਰਕਾਰ ਸੰਮੇਲਨ ਕੀਤਾ। ਸਰਨਾ ਨੇ ਕਿਹਾ ਕਿ ਡੀ.ਐੱਸ.ਜੀ.ਐੱਮ.ਸੀ. ਦੇ ਸਾਬਕਾ ਕਮੇਟੀ ਦੇ ਮੈਂਬਰਾਂ ਦੁਆਰਾ ਹੋਰ ਵੀ ਗੰਭੀਰ ਗੈਰ-ਕਾਨੂੰਨੀ ਕੰਮ ਕੀਤੇ ਜਾ ਰਹੇ ਹਨ। ਜਿਸ ਵਿੱਚ ਮਨਜਿੰਦਰ ਸਿਰਸਾ ਦੇ ਸਹਿਯੋਗੀ ਅਤੇ ਡੀ.ਐੱਸ.ਜੀ.ਐੱਮ.ਸੀ. ਦੇ ਮੈਂਬਰ ਜਸਨੈਨ ਸਿੰਘ ਸਮੇਤ ਕਈ ਹੋਰ ਸ਼ਾਮਲ ਹਨ। ਉਨ੍ਹਾਂ ਨਾ ਸਿਰਫ਼ ਸਿਰਸਾ ਦੇ ਸਹਿਯੋਗੀ ਜਸਨੈਨ ਸਿੰਘ ਨੋਨੀ ਦੁਆਰਾ ਡੀ.ਐੱਸ.ਜੀ.ਪੀ.ਸੀ. ਅਸਟੇਟ ਦੀ ਦੁਰਵਰਤੋਂ ਦਾ ਖੁਲਾਸਾ ਕੀਤਾ, ਸਗੋਂ ਵਿੱਦਿਅਕ ਅਦਾਰੇ ਦੇ ਕੰਪਲੈਕਸ 'ਚ ਸ਼ੈੱਲ ਕੰਪਨੀਆਂ ਦੇ ਦਫ਼ਤਰ ਰਾਹੀਂ ਧੰਨ ਦੇ ਵੱਡੇ ਪੱਧਰ 'ਤੇ ਗਬਨ ਦਾ ਵੀ ਖ਼ੁਲਾਸਾ ਹੋਇਆ ਹੈ। ਸਰਨਾ ਨੇ ਕਿਹਾ, 'ਛਾਪੇ ਨਾਲ ਸਿਰਸਾ ਦਾ ਵੱਡਾ ਘੋਟਾਲਾ ਸਾਹਮਣੇ ਆਇਆ ਹੈ। ਅਸੀਂ ਸਾਲਾਂ ਤੋਂ ਜੋ ਕਹਿੰਦੇ ਆ ਰਹੇ ਹਾਂ, ਉਸ ਲਈ ਅਸੀਂ ਸਹੀ ਸਾਬਿਤ ਹੋਏ ਹਾਂ ਕਿ ਇਹ ਅਪਰਾਧੀ ਗੁਰਦੁਆਰਾ ਸੋਮਿਆਂ ਦੀ ਖੁੱਲ੍ਹੇਆਮ ਦੁਰਵਰਤੋਂ ਕਰ ਰਿਹਾ ਸੀ।' ਅਕਾਲੀ ਦਲ ਪ੍ਰਧਾਨ ਨੇ ਐਲਾਨ ਕੀਤਾ ਕਿ ਪੰਥਕ ਲੀਡਰਸ਼ਿਪ ਨੋਨੀ ਦੇ ਖ਼ਿਲਾਫ਼ ਅਪਰਾਧਿਕ ਮੁਕਦਮਾ ਚਲਾਏਗਾ ਅਤੇ ਗੁਰੂ ਹਰਗੋਬਿੰਦ ਇਨਕਲੇਵ 'ਚ ਡੀ.ਐੱਸ.ਜੀ.ਐੱਮ.ਸੀ. ਦੀ ਸੰਪਤੀ 'ਚੋਂ ਕੱਢੇ ਗਏ ਹਰ ਪੈਸੇ ਨੂੰ ਟ੍ਰੈਕ ਕਰਨ ਲਈ ਕਾਨੂੰਨ ਦੀ ਮਦਦ ਲਵੇਗਾ। ਵਿੱਤੀ ਫ਼ੋਰੈਂਸਿਕ ਤੋਂ ਪਤਾ ਚਲਿਆ ਹੈ ਕਿ ਜਸਨੈਨ ਨੋਨੀ ਅਸਲ 'ਚ ਸਿਰਸਾ ਦੇ ਆਦੇਸ਼ 'ਤੇ ਸ਼ੈੱਲ ਕੰਪਨੀਆਂ ਚਲਾਉਂਦਾ ਸੀ। ਇਨ੍ਹਾਂ ਸ਼ੈੱਲ ਕੰਪਨੀਆਂ ਦੀ ਅਸਲੀ ਮਲਕੀਅਤ ਸਿਰਸਾ ਕੋਲ ਹੀ ਸੀ। ਇਨ੍ਹਾਂ ਕੰਪਨੀਆਂ ਤੋਂ ਪੈਸੇ ਕੈਸ਼ ਰਾਹੀਂ ਸਿਰਸਾ ਤਕ ਪਹੁੰਚ ਰਹੇ ਸਨ।

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

## ਰੈਸਟੋਰੈਂਟ ਮਾਲਕਾਂ ਦੀ ਨਵੀਆਂ ਪਾਬੰਦੀਆਂ ਕਾਰਣ ਸਰਕਾਰ ਨਾਲ ਨਰਾਜਗੀ ਐ



ਐਡਮੰਟਨ ( ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਰੈਸਟੌਰੈਂਟਸ ਅਤੇ ਬਾਰਜ਼ ਨੂੰ ਰਾਤ ਸਾਢੇ ਬਾਰਾਂ ਵਜੇ ਬੰਦ ਕਰ ਦੇਣ ਅਤੇ ਸ਼ਰਾਬ ਪਰੋਸਣ ਦਾ ਸਮਾਂ ਰਾਤ 11 ਵਜੇ ਮਿੱਥਣ ਦੇ ਐਲਾਨ 'ਤੇ ਕਈ ਰੈਸਟੌਰੈਂਟ ਮਾਲਕਾਂ ਨੇ ਸਰਕਾਰ ਨਾਲ ਨਾਰਾਜ਼ਗੀ ਪ੍ਰਗਟ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਲਗਪਗ ਦੋ ਸਾਲ ਤੋਂ ਉਹ ਲਗਾਤਾਰ ਸਮਸਿਆਵਾਂ ਨਾਲ ਜੂਝ ਰਹੇ ਹਨ ਤੇ ਹੁਣ ਜਦੋਂ ਕੰਮ ਸ਼ੁਰੂ ਹੋਣ ਲੱਗਿਆ ਹੈ ਤਾਂ ਸਰਕਾਰ ਨੇ ਫਿਰ ਪਾਬੰਦੀਆਂ ਲਗਾ ਦਿੱਤੀਆਂ ਹਨ। ਐਲਬਰਟਾ ਹੌਸਪਿਟੈਲਿਟੀ ਐਸੋਸਿਏਸ਼ਨ ਦੇ ਮੁਖੀ ਅਰਨੀ ਸੂ ਦਾ ਕਹਿਣਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਸਖ਼ਤੀ ਹੋਣ ਦਾ ਖ਼ਦਸ਼ਾ ਹੈ ਤੇ ਨਵੇਂ ਆਦੇਸ਼ ਨਾਲ ਹੀ ਬਿਜ਼ਨਸ ਦਾ ਕਾਫੀ ਨੁਕਸਾਨ ਹੋ ਜਾਵੇਗਾ। ਉਹਨਾਂ ਕਿਹਾ ਕਿ ਸਾਲ ਦਾ ਇਹੀ ਮੌਕਾ ਹੁੰਦਾ ਹੈ ਜਦੋਂ ਉਹਨਾਂ ਦਾ ਕਾਰੋਬਾਰ ਸਿਖ਼ਰ 'ਤੇ ਹੁੰਦਾ ਹੈ ਤੇ ਸਮੇਂ ਦੀ ਪਾਬੰਦੀ ਨਾਲ ਉਹਨਾਂ ਨੂੰ ਵੱਡਾ ਨੁਕਸਾਨ ਹੋਵੇਗਾ। ਕੈਲਗਰੀ ਚੇਂਬਰ ਔਫ਼ ਕੌਮਰਸ ਦੀ ਮੁਖੀ ਡੈਬਰਾ ਯੇਡਲਿਨ ਦਾ ਕਹਿਣਾ ਹੈ ਸਰਕਾਰ ਕੋਲ ਇਸ ਤੋਂ ਬਿਨਾ ਕੋਈ ਹੋਰ ਚਾਰਾ ਨਹੀਂ ਹੈ ਪਰ ਸਰਕਾਰ ਨੂੰ ਬਿਜ਼ਨਿਸਿਜ਼ ਦੀ ਮਦਦ ਲਈ ਵਾਧੂ ਸਪੋਰਟ ਦਾ ਐਲਾਨ ਕਰਨਾ ਚਾਹੀਦਾ ਹੈ।

## ਲੀਹੋਂ ਲੱਥੀ ਗੱਡੀ ਦੇ ਬਹੁਤੇ ਡੱਬੇ ਖਾਲੀ ਸਨ,ਜਿਸ ਕਾਰਣ ਬਚਾਓ ਹੋ ਗਿਆ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਲੈਥਬਰਿਜ ਨੇੜੇ ਲੀਹੋਂ ਲਿੱਥੀ ਮਾਲ ਗੱਡੀ ਦੇ ਇੱਕ ਇੰਜਣ ਕਾਰ ਤੋਂ ਡੀਜ਼ਲ ਲੀਕ ਹੋਣ ਦੀ ਸੂਚਨਾ ਹੈ। ਆਰ.ਸੀ.ਐਮ.ਪੀ., ਸੀਪੀ ਰੇਲ, ਲੋਕਲ ਫਾਇਰ ਅਤੇ ਹੈਜ਼ਾਰਡਸ ਮੈਟੀਰੀਅਲਜ਼ ਟੀਮ ਦਾ ਕਹਿਣਾ ਹੈ ਕਿ ਹਾਇਵੇਅ 23 ਅਤੇ ਟਾਊਨਸ਼ਿਪ ਰੋਡ 120 ਨੇੜੇ ਇਹ ਹਾਦਸਾ ਹੋਇਆ ਤੇ ਬਹੁਤੇ ਡੱਬੇ ਖਾਲੀ ਸਨ ਜਿਸ ਕਰਕੇ ਲੀਕੇਜ ਦੀ ਸਮੱਸਿਆ ਵੱਡੀ ਨਹੀਂ ਰਹੀ। ਇੰਜਣ ਕਾਰ ਜਿਸ ਐਂਗਲ 'ਤੇ ਟੇਢੀ ਹੋਈ ਸੀ, ਉਸ ਦੇ ਐਂਟਰੀ ਪੁਆਇੰਟ ਤੋਂ ਡੀਜ਼ਲ ਲੀਕ ਹੋ ਰਿਹਾ ਸੀ ਤੇ ਦੁਪਹਿਰ ਬਾਦ ਇਹ ਲੀਕੇਜ ਰੋਕ ਦਿੱਤੀ ਗਈ ਸੀ। ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ। ਲੋਕਾਂ ਨੂੰ ਇਸ ਪਾਸੇ ਜਾਣ ਤੋਂ ਰੋਕਿਆ ਗਿਆ ਹੈ ਤੇ ਰਿਪੇਅਰ ਕਾਰਜ ਕੀਤਾ ਜਾ ਰਿਹਾ ਹੈ। ਟ੍ਰਾਂਸਪੋਰਟੇਸ਼ਨ ਬੋਰਡ ਵੱਲੋਂ ਹਾਦਸੇ ਦੀ ਜਾਂਚ ਸ਼ੁਰੂ ਕੀਤੀ ਜਾ ਰਹੀ ਹੈ।

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS
Romi Sidhu, Agent

## ਚਮਗਿੱਦੜਾਂ ਦੇ ਸੂਪ ਦੀ ਗੱਲ ਕਰਕੇ ਕੈਨੀ ਕਸੂਤਾ ਫਸ ਗਿਆ ਐ

ਐਡਮੰਟਨ ( ਪੰਜਾਬੀ ਅਖ਼ਬਾਰ ਬਿਊਰੋ) ਇੱਕ ਪਤੱਰਕਾਰ ਨੂੰ ਸਾਲ ਦੇ ਅੰਤ 'ਤੇ ਦਿੱਤੀ ਇੰਟਰਵਿਊ ਵਿੱਚ ਚੀਨ ਦੇ ਵੂਹਾਨ ਸ਼ਹਿਰ ਨੂੰ ਨਿਸ਼ਾਨਾ ਬਣਾ ਕੇ ਕੀਤੀ ਟਿੱਪਣੀ ਵਾਸਤੇ ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਦੀ ਆਲੋਚਨਾ ਸ਼ੁਰੂ ਹੋ ਗਈ ਹੈ। ਵਿਰੋਧੀ ਧਿਰ ਐਨ.ਡੀ.ਪੀ. ਦਾ ਕਹਿਣਾ ਹੈ ਕਿ ਪ੍ਰੀਮੀਅਰ ਦੀ ਇਹ ਟਿੱਪਣੀ ਨਸਲਵਾਦੀ ਹੈ ਤੇ ਉਹਨਾਂ ਨੂੰ ਆਪਣੀ ਇਸ ਟਿੱਪਣੀ ਲਈ ਮਾਫੀ ਮੰਗਣੀ ਚਾਹੀਦੀ ਹੈ। ਫੈਡਰਲ ਮਨਿਸਟਰ ਫੌਰ ਇੰਟਰਨੈਸ਼ਨਲ ਟ੍ਰੇਡ ਮੇਰੀ ਇੰਗ ਨੇ ਵੀ ਕਿਹਾ ਹੈ ਕਿ ਕੈਨੀ ਦੀ ਇਹ ਟਿੱਪਣੀ ਰੇਸਿਸਟ ਹੈ। ਉਹਨਾ ਕਿਹਾ ਕਿ ਕੋਰੋਨਾ ਵਾਇਰਸ ਨੂੰ ਲੈ ਕੇ ਪਹਿਲਾਂ ਵੀ ਚੀਨੀ ਲੋਕਾਂ ਨੂੰ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ ਤੇ ਪ੍ਰੀਮੀਅਰ ਦੀ ਤਾਜ਼ਾ ਟਿੱਪਣੀ ਇਸ ਮਾਮਲੇ ਨੂੰ ਹੋਰ ਤੇਜ਼ ਕਰ ਸਕਦੀ ਹੈ। ਚੇਤੇ ਰਹੇ ਕਿ ਪ੍ਰੀਮੀਅਰ ਨੇ ਕਿਹਾ ਸੀ ਕਿ "ਕੌਣ ਜਾਣਦਾ ਹੈ ਕਿ ਅਗਲਾ ਆਉਣ ਵਾਲਾ ਵਾਇਰਸ ਕੀ ਹੋ ਸਕਦਾ ਹੈ ਅਤੇ ਕੀ ਪਤਾ ਕਿ ਵੂਹਾਨ ਦੇ ਚਮਗਿੱਦੜ ਸੂਪ ਵਿੱਚੋਂ ਹੋਰ ਕੀ ਨਿੱਕਲ ਆਵੇ!" ਉਹਨਾਂ ਦੀ ਇਸ ਟਿੱਪਣੀ ਮਗਰੋਂ ਪ੍ਰੀਮੀਅਰ ਦੀ ਆਲੋਚਨਾ ਸ਼ੁਰੂ ਹੋ ਗਈ ਹੈ। ਪ੍ਰੀਮੀਖਅਰ ਦੇ ਦਫ਼ਤਰ ਦਾ ਕਹਿਣਾ ਹੈ ਕਿ ਇਸ ਵਿੱਚ ਨਸਲਵਾਦੀ ਕੁਝ ਵੀ ਨਹੀਂ ਹੈ ਤੇ ਇਹ ਵਿਗਿਆਨਕ ਅਧਾਰ 'ਤੇ ਕਿਹਾ ਜਾ ਰਿਹਾ ਹੈ ਕਿ ਇਹ ਵਾਇਰਸ ਵੂਹਾਨ ਦੇ ਚਮਗਿੱਦੜ ਸੂਪ ਤੋਂ ਹੀ ਮਨੁੱਖ ਵਿੱਚ ਆਇਆ ਸੀ।



SSSS IMMIGRATION SERVICES
www.ssssimmigration.com
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

# ਲੋਹੜੀ ਵਿਸ਼ੇਸ਼: ਦੁੱਲਾ ਭੱਟੀ ਦੀ ਬਾਦਸਾਹ ਅਕਬਰ ਨਾਲ ਕੀ ਦੁਸ਼ਮਣੀ ਸੀ

ਜਦ ਵੀ ਲੋਹੜੀ ਆਉਂਦੀ ਹੈ ਤਾਂ "ਸੁੰਦਰ-ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ," ਇਹ ਸਤਰਾਂ ਆਪ ਮੁਹਾਰੇ ਹੀ ਜੁਬਾਨ 'ਤੇ ਆ ਜਾਂਦੀਆਂ ਹਨ। ਪਰ ਆਖਰ ਇਹ ਦੁੱਲਾ ਹੈ ਕੌਣ? ਇਤਿਹਾਸ ਹੈ ਜਾਂ ਦੰਦ ਕਥਾ ਦਾ ਪਾਤਰ ਹੈ? ਅਜਿਹੇ ਹੀ ਕਈ ਸਵਾਲਾਂ ਦੇ ਵਲਵਲੇ ਸਹਿਜੇ ਹੀ ਮਨ 'ਚ ਉਭਰ ਆਉਂਦੇ ਹਨ।

ਲੋਕ ਸਾਹਿਤ ਦੇ ਖੋਜਾਰਥੀ ਪ੍ਰੋਫ਼ੈਸਰ ਈਸਵਰ ਦਿਆਲ ਗੌੜਨੇ ਆਪਣੀ ਖੋਜ ਦਾ ਵਿਸਾ ਇਨ੍ਹਾਂ ਸਵਾਲਾਂ ਨੂੰ ਬਣਾਇਆ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਪਬਲਿਕੇਸਨ ਬਿਊਰੋ ਵੱਲੋਂ ਛਾਪੀ ਗਈ ਕਿਤਾਬ 'ਫਰੀਦਾ ਖਾਕ ਨਾ ਨਿੰਦੀਐਂ' ਵਿੱਚ ਪ੍ਰੋਫ਼ੈਸਰ ਈਸਵਰ ਦਿਆਲ ਗੌੜ ਨੇ ਪੰਜਾਬੀ ਸੱਭਿਆਚਾਰ ਦੇ ਇਤਿਹਾਸ ਵਿੱਚ ਖਾਸ ਅਹਿਮੀਅਤ ਰੱਖਣ ਵਾਲੇ ਦੁੱਲਾ ਭੱਟੀ ਬਾਰੇ ਜਾਣਕਾਰੀ ਪੇਸ ਕੀਤੀ ਹੈ।

ਇਹ ਲੇਖ ਈਸਵਰ ਦਿਆਲ ਗੌੜ ਦੀ ਇਜਾਜਤ ਨਾਲ ਛਾਪਿਆ ਗਿਆ ਹੈ।

## 'ਦੁੱਲਾ ਮਹਿਜ ਲੋਕਾਂ ਦੀ ਕਲਪਨਾ ਜਾਂ ਸਿਰਜਣਾ ਹੀ ਨਹੀਂ'

ਸ਼ਾਹ ਹੁਸੈਨ ਦਾ ਸਮਕਾਲੀ ਦੁੱਲਾ ਭੱਟੀ ਸਟੇਟ ਵਿਰੋਧੀ ਨਾਬਰ ਸਕਤੀ ਦਾ ਬਲਵਾਨ ਪ੍ਰਤੀਕ ਹੈ।

ਢਾਡੀ ਅਜੇ ਵੀ ਇਸ ਦੀ ਦਲੇਰੀ ਦੀਆਂ ਵਾਰਾਂ ਗਾਉਂਦੇ ਨਹੀਂ ਥਕਦੇ। 'ਖਜੀਨਾਤੁੱਲ ਅਸਫੀਆ' 'ਚ ਦਰਜ ਹੈ ਕਿ ਦੁੱਲੇ ਨੂੰ ਅਕਬਰ ਬਾਦਸਾਹ ਨੇ ਲਾਹੌਰ 'ਚ ਫਾਹੇ ਲਾਇਆ ਸੀ।

ਲੋਕਾਂ ਨੇ ਦੁੱਲੇ ਦੀ ਫਾਂਸੀ ਨੂੰ ਸਹਾਦਤ ਦਾ ਰੁਤਬਾ ਦਿੱਤਾ ਸੀ ਅਤੇ ਦੁੱਲੇ ਦੀ ਦੰਦ ਕਥਾ ਸੁਰੂ ਹੋਈ।

ਉਸ ਦੀ ਨਾਬਰੀ ਕਿੱਸੇ, ਕਹਾਣੀਆਂ ਅਤੇ ਇਕਾਂਗੀਆਂ 'ਚ ਨਸਰ ਹੋਣ ਲੱਗੀ। ਕਿਸਨ ਸਿੰਘ ਆਰਿਫ, ਬਲਵੰਤ ਗਾਰਗੀ ਅਤੇ ਨਜ ਹੁਸੈਨ ਸੱਯਦ ਨੇ ਦੁੱਲੇ ਨੂੰ ਪੰਜਾਬੂ ਸਾਹਿਤ ਵਿੱਚ ਅਮਰ ਕਰ ਦਿੱਤਾ।

ਦੁੱਲਾ ਮਹਿਜ ਲੋਕਾਂ ਦੀ ਕਲਪਨਾ ਜਾਂ ਸਿਰਜਣਾ ਹੀ ਨਹੀਂ, ਉਹ ਇਤਿਹਾਸ ਵਿੱਚ ਵਿਚਰਦਾ ਇੱਕ ਨਾਬਰ ਸੀ। ਜਿਸ ਨੇ ਪੰਜਾਬ ਦੇ ਨਾਬਰ ਸੱਭਿਆਚਾਰ ਨੂੰ ਹੋਰ ਲਿਸਕਾਇਆ।

## ਦੁੱਲਾ ਭੱਟੀ ਦੇ ਵਡੇਰਿਆਂ ਦਾ ਪਿਛੋਕੜ

ਦੁੱਲੇ ਨੇ ਮੁਗਲ ਸਰਕਾਰ ਦੀ ਸਰਦਾਰੀ ਨੂੰ ਵੰਗਾਰਿਆ। ਉਸ ਦਾ ਪਿੰਡ ਲਾਹੌਰ ਤੋਂ 12 ਕੋਹ ਦੂਰ ਕਾਬਲ ਵੱਲ ਨੂੰ ਜਾਂਦੀ ਜਰਨੈਲੀ ਸੜਕ 'ਤੇ ਪੈਂਦਾ ਸੀ।

ਦੁੱਲੇ ਦਾ ਦਾਦਾ ਸੰਦਲ ਭੱਟੀ ਅਤੇ ਪਿਉ ਫਰੀਦ ਖਾਨ ਭੱਟੀ ਵੀ ਨਾਬਰ ਸਨ।

ਉਨ੍ਹਾਂ ਨੇ ਅਕਬਰ ਬਾਦਸਾਹ ਦੀ ਜਬਰੀ ਭੂਮੀ ਲਗਾਨ ਨੀਤੀ ਦਾ ਵਿਰੋਧ ਕੀਤਾ ਸੀ। ਅਖੀਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਸਹਿਰ ਲਿਆਂਦਾ ਗਿਆ।

ਉਨ੍ਹਾਂ ਦੇ ਸਿਰ ਵੱਢ ਦਿੱਤੇ ਗਏ। ਉਨ੍ਹਾਂ ਦੀਆਂ ਖੱਲ੍ਹਾਂ ਵਿੱਚ ਫੂਸ ਭਰ ਕੇ ਲਾਹੌਰ ਸਹਿਰ ਦੇ ਮੁੱਖ ਦਰਵਾਜਿਆਂ 'ਤੇ ਟੰਗ ਦਿੱਤੇ ਗਏ।

ਦੁੱਲੇ ਅਤੇ ਉਸ ਦੇ ਪੁਰਖਿਆਂ ਦੀ ਬਗਾਵਤ ਨੂੰ ਢੁਕਵੇਂ ਇਤਿਹਾਸ ਪਰਿਪੇਸ 'ਚ ਸਮਝਣ ਹਿਤ ਅਕਬਰ ਦੇ ਸਮੇਂ ਉੱਤਰੀ ਭਾਰਤ ਦੀ ਜਰਾਇਤੀ/ਖੇਤੀਬਾੜੀ ਅਰਥਵਿਵਸਥਾ ਦੇ ਬੰਦੋਬਸਤ ਨੂੰ ਸਮਝਣਾ ਜਰੂਰੀ ਹੈ।

ਮੁਗਲ ਸਮਰਾਜ ਦੀ ਬਾਗਡੋਰ ਸੋਲ੍ਹਵੀ ਸਦੀ ਦੇ ਅੱਧ 'ਚ ਅਕਬਰ ਨੇ ਸੰਭਾਲੀ। ਉਸ ਨੇ ਕਈ ਪਰਗਨਿਆਂ ਨੂੰ ਲਗਾਨ ਹਲਕਿਆਂ ਵਿੱਚ ਤਬਦੀਲ ਕਰ ਦਿੱਤਾ।

ਹਰ ਇੱਕ ਫਸਲ 'ਤੇ ਲੱਗਣ ਵਾਲੇ ਲਗਾਨ ਦੀ ਮਿਆਰੀ ਦਰ ਮੁਕੱਰਰ ਕਰ ਦਿੱਤੀ ਸੀ। ਹਰ ਇੱਕ ਕਸਤਕਾਰ ਤੋਂ ਸਟੇਟ ਦੇ ਹਿੱਸੇ ਦਾ ਲਗਾਨ ਨਗਦੀ ਦੀ ਸਕਲ ਵਿੱਚ ਵਸੂਲਿਆਂ ਜਾਣ ਲੱਗਿਆ।

ਇਸ ਨਵੀਂ ਲਗਾਨ ਪ੍ਰਣਾਲੀ ਨੂੰ 'ਜਬਤੀ' ਆਖਿਆ ਗਿਆ।

ਸਟੇਟ ਨੂੰ ਲਗਾਨ ਅਦਾ ਕਰਨ ਦੀ ਜੰਮਿਵਾਰੀ ਇਲਾਕੇ ਦੇ ਜਮੀਂਦਾਰ ਦੀ ਸੀ। ਜਬਤੀ ਪ੍ਰਣਾਲੀ ਦੇ ਅਮਲ ਨੂੰ ਯਕੀਨੀ ਬਣਾਉਣ ਲਈ ਤਮਾਮ ਇਲਾਕਾਈ ਇਪ ਮੰਡਲਾਂ ਵਿੱਚ ਫੌਜਦਾਰਾਂ ਨੂੰ ਤਾਇਨਾਤ ਕਰ ਦਿੱਤਾ ਗਿਆ ਸੀ।

ਉਨ੍ਹਾਂ ਦੀਆਂ ਬਹੁ ਪੱਖੀ ਜੰਮਿਵਾਰੀਆਂ ਸਨ।

ਪਹਿਲੀ, ਉਨ੍ਹਾਂ ਨੇ ਜਮੀਂਦਾਰਾਂ ਦੀ ਵਫਾਦਾਰੀ ਹਾਸਿਲ ਕਰਨਾ ਅਤੇ ਬਰਕਰਾਰ ਰੱਖਣਾ।

ਦੂਜੀ, ਜਮੀਂਦਾਰਾਂ ਦਾ ਰਵੱਈਆ ਤੇ ਉਨ੍ਹਾਂ ਦੇ ਆਪੋ ਆਪਣੇ ਇਲਾਕਿਆਂ ਵਿੱਚ ਉਨ੍ਹਾਂ ਦੇ ਗਲਬੇ ਦੀ ਜਾਣਕਾਰੀ ਕਾਨੂੰਗੋਆਂ ਤੋਂ ਹਾਸਿਲ ਕਰਨੀ।

ਤੀਜੀ, ਜਮੀਂਦਾਰਾਂ ਤੋਂ ਬਕਾਇਦਾ ਲਗਾਨ ਵਸੂਲੀ ਨੂੰ ਯਕੀਨੀ ਬਣਾਉਣਾ।

ਚੌਥੀ, ਹਰ ਕਿਸਮ ਦੇ ਹੰਗਾਮੀ ਹਾਲਾਤ ਨਾਲ ਨਜਿੱਠਣ ਲਈ ਆਪਣੀਆਂ




ਫੌਜਾਂ ਨੂੰ ਤਿਆਰ ਬਰ ਤਿਆਰ ਰੱਖਣਾ। ਜੰਗਲੀ ਇਲਾਕੇ ਨੂੰ ਸਾਫਡ ਰੱਖਣਾ ਹੈ। ਪਿੰਡਾਂ ਨੂੰ ਜਾਂਦੀਆਂ ਸੜਕਾਂ ਦੀ ਰਖਵਾਲੀ ਕਰਨਾ ਵੀ ਫੌਜਦਾਰਾਂ ਦੀ ਜੰਮਿਵਾਰੀ ਸੀ।

ਪੰਜਵੀਂ, ਬਗਵਤੀ ਪਿੰਡ 'ਤੇ ਕੀਤੇ ਗਏ ਹੱਲੇ/ਹਮਲੇ ਦੇ ਦੌਰਾਨ ਇਕੱਠੀ ਕੀਤੀ ਗਈ ਲੁੱਟ ਵਿਚੋਂ ਉਸ ਪਿੰਡ ਦੇ ਬਕਾਇਆ ਲਗਾਨ ਨੂੰ ਵਸੂਲ ਕਰਨਾ ਸੀ।

ਛੇਵੀਂ, ਇਲਾਕੇ ਦੇ ਲੋਹਾਰਾਂ ਨੂੰ ਤੋੜੇਦਾਰ ਬੰਦੂਕਾਂ ਬਣਾਉਣ ਤੋਂ ਰੋਕਣਾ ਸੀ।

ਇਸ ਇੰਤਜਾਮ ਦਾ ਮਕਸਦ ਲਗਾਨ ਵਸੂਲੀ ਲਈ ਪਿੰਡਾਂ ਤੱਕ ਦਾ ਕੇਂਦਰੀਕਰਣ ਕਰਨਾ ਸੀ।

ਸਟੇਟ ਦਾ ਇਹ ਗਲਬਾ ਤੇ ਦਬਦਬਾ ਮੁਕਾਮੀ ਜਾਂ ਲੋਕਲ ਪੱਧਰ ਦੀਆਂ ਸਿਆਸੀਆਂ ਤਾਕਤਾਂ/ਜਮੀਂਦਾਰਾਂ ਨੂੰ ਇੱਕ ਵੰਗਾਰ ਸੀ। ਸਟੇਟ ਦੇ ਖਲਿਾਫ ਉਨ੍ਹਾਂ ਦਾ ਟਕਰਾਅ ਯਕੀਨੀ ਸੀ।

ਦੁੱਲਾ ਭੱਟੀ ਦੇ ਦਾਦਾ ਤੇ ਪਿਉ ਇਸੇ ਮੁਕਾਮੀ ਗਾਲਬ ਜਮਾਤ ਵਿਚੋਂ ਇੱਕ ਹਨ, ਜੋ ਸਟੇਟ ਨਾਲ ਟਾਕਰਾ ਲੈਂਦੇ ਹਨ ਅਤੇ ਬਾਦਸਾਹ ਅਕਬਰ ਦੇ ਹੱਥੋਂ ਮਾਰੇ ਜਾਂਦੇ ਹਨ।

ਆਪਣੇ ਪਿਉ ਦੀ ਮੌਤ ਤੋਂ ਚਾਰ ਮਹੀਨੇ ਬਾਅਦ ਦੁੱਲਾ ਲੱਧੀ ਦੇ ਪੇਟੋਂ ਪੈਦਾ ਹੋਇਆ।

ਲੱਧੀ ਨੂੰ ਇੱਕ ਖੜਕਾ ਸੀ ਕਿ ਦੁੱਲਾ ਆਪਣੇ ਪੁਰਖਿਆਂ ਵਾਂਗ ਨਾਬਰੀ ਦੇ ਪੈਂਡੇ ਨਾ ਟੁਰ ਪਵੇ ਅਤੇ ਆਪਣੇ ਪਿਉ ਦਾਦੇ ਦੀ ਮੌਤ ਦਾ ਬਦਲਾ ਲੈਣ ਦਾ ਮਨ ਨਾ ਬਣਾ ਲਵੇ।

ਜਿਸ ਦਿਨ ਦੁੱਲਾ ਜੰਮਿਆ ਉਸੇ ਦਿਨ ਬਾਦਸਾਹ ਅਕਬਰ ਨੂੰ ਰੱਬ ਨੇ ਪੁੱਤਰ ਦੀ ਦਾਤ ਦਿੱਤੀ ਜਿਸ ਨੇ ਭਵਿੱਖ ਦਾ ਜਹਾਂਗੀਰ ਬਣ ਹਿੰਦੋਸਤਾਨ 'ਤੇ ਹਕੂਮਤ ਕਰਨੀ ਸੀ।

ਨਜੂਮੀਆਂ ਨੇ ਬਾਦਸਾਹ ਨੂੰ ਦੱਸਿਆ ਕਿ ਜੇ ਸੇਖੂ (ਜਹਾਂਗੀਰ ਦੇ ਬਚਪਣ ਦਾ ਨਾਂ) ਨੂੰ ਕਿਸੇ ਉਸ ਰਾਜਪੂਤਾਣੀ ਦੇ ਦੁੱਧ 'ਤੇ ਪਾਲਿਆ ਜਾਵੇ, ਜਿਸ ਨੇ ਉਸੇ ਦਿਨ ਪੁੱਤਰ ਜੰਮਿਆ ਹੋਵੇ ਜਿਸ ਦਿਨ ਸੇਖੂ ਪੈਦਾ ਹੋਇਆ ਸੀ, ਤਦ ਇਹ ਸਹਿਜਾਦਾ ਭਵਿੱਖ ਵਿੱਚ ਸਦਾ ਲਈ ਬਹਾਦਰ 'ਤੇ ਜੇਤੂ ਰਹੇਗਾ।

ਇਸ ਮੰਤਵ ਦੀ ਪੂਰਤੀ ਲਈ ਲੱਧੀ ਹੀ ਹੋ ਸਕਦੀ ਸੀ।

ਹੁਣ ਸਾਰੇ ਸਾਹੀ ਇੰਤਜਾਮਾਂ ਨਾਲ ਸੇਖੂ ਨੂੰ ਲੱਧੀ ਦੇ ਪਿੰਡ ਰੁਖਸਤ ਕੀਤਾ ਗਿਆ ਪਰ ਬਾਦਸਾਹ ਅਕਬਰ ਤਾਂ ਕੋਈ ਹੋਰ ਚਾਲ ਖੇਡ ਰਿਹਾ ਸੀ।

ਨਜੂਮੀ ਤਾਂ ਇਸ ਸਾਹੀ ਸਿਆਸੀ ਖੇਡ ਵਿੱਚ ਝੂਠੀ ਮੂਠੀ ਲਿਆਂਦੇ ਗਏ ਸਨ। ਬਾਦਸਾਹ ਨੂੰ ਭੱਟੀ ਜਮੀਂਦਾਰਾਂ ਦੇ ਇਸ ਪੁੰਗਰਦੇ ਤੁਖਮ ਦੇ ਨਾਬਰ ਜੁੱਸੇ ਦੀ ਬਾਖੂਬੀ ਸਮਝ ਸੀ।

ਅਕਬਰ ਨੂੰ ਇਲਮ ਸੀ ਕਿ ਭਵਿੱਖ ਵਿੱਚ ਕੀ ਹੋਣ ਵਾਲਾ ਹੈ। ਕਿਉ ਨਾ ਪਹਿਲਾਂ ਹੀ ਭੱਟੀਆਂ ਦੇ ਪੁੰਗਰਦੇ ਤੁਖਮ ਦੇ ਨਾਬਰ ਲਹੂ ਨੂੰ ਸਾਹੀ ਸਹੂਲਤਾਂ ਨਾਲ ਸਿੰਜ ਕੇ ਮੁੱਢੋਂ ਹੀ ਠੰਢਾ ਕਰ ਦਿੱਤਾ ਜਾਏ।

ਬਾਦਸਾਹ ਨੇ ਆਪਣਾ ਜਾਲ ਸੁੱਟਿਆ। ਲੱਧੀ ਲਈ ਉਸ ਦੇ ਗਿਰਾਂ ਵਿੱਚ ਸਾਹੀ ਮਹਿਲ ਉਸਾਰਿਆਂ ਜਿੱਥੇ ਸੇਖੂ ਤੇ ਦੁੱਲੇ ਦਾ ਪਾਲਣ ਪੋਸਣ ਹੋਣਾ ਸੀ।

ਦੁੱਲੇ ਨੇ ਸੇਖੂ ਸੰਗ ਕੁਸਤੀ, ਤੀਰਅੰਦਾਜੀ ਤੇ ਘੋੜਸਵਾਰੀ ਸਭ ਕੁਝ ਸਿੱਖ ਲਿਆ। ਅਕਬਰ ਨੇ ਖੁਦ ਉਨ੍ਹਾਂ ਦੋਵਾਂ ਦੇ ਹੁਨਰਾਂ ਦਾ ਇਮਤਿਹਾਨ ਲਿਆ।

ਉਸ ਨੂੰ ਸੇਖੂ ਦੇ ਮੁਕਾਬਲੇ ਦੁੱਲੇ ਦੀ ਹੁਸਿਆਰੀ 'ਤੇ ਈਰਖਾ ਹੋਈ ਤੇ ਲੱਧੀ ਦੇ ਪਾਲਣ ਪੋਸਣ 'ਤੇ ਸੱਕ ਵੀ।

ਉਸ ਨੇ ਲੱਧੀ ਨੂੰ ਇਸ ਤਰਫਦਾਰੀ ਬਾਰੇ ਗੁੱਸੇ ਵਿੱਚ ਪੁੱਛਿਆ। ਕਿੱਸਾਕਾਰ, ਕਿਸਨ ਸਿੰਘ ਆਰਿਫ ਆਪਣੇ ਕਿੱਸੇ 'ਦੁੱਲਾ ਭੱਟੀ' ਵਿੱਚ ਲੱਧੀ ਦੀ ਅਰਜ ਨੂੰ ਪੇਸ ਕਰਦਾ ਹੈ:

"ਤੇਰੇ ਅੱਗੇ ਮੈਂ ਅਰਜ ਗੁਜਾਰਨੀ ਹਾਂ, ਮੇਰੀ ਬਾਤ ਸੁਣੀਂ ਕੰਨ ਲਾ ਕੇ ਜੀ।
ਤਨ ਮਨ ਲਾ ਕੇ ਪਾਲਿਆ ਹੈ, ਨਹੀਂ ਰੱਖਿਆ ਕੁਝ ਛੁਪਾ ਕੇ ਜੀ।
ਇਕ ਇਤਨਾ ਫਰਕ ਮਾਲੂਮ ਹੋਵੇ, ਸੱਜੀ ਛਾਤੀ ਲਵੇ ਦੁੱਲਾ ਅਇਕੇ ਜੀ।
ਖੱਬੀ ਛਾਤੀ ਦਾ ਦੁੱਧ ਸਹਿਜਾਦੇ ਨੂੰ, ਮੈਂ ਤਾਂ ਛੱਡਦੀ ਕੁਲ ਪਿਲਾਇ ਕੇ ਜੀ।
ਦੁੱਧ ਘਟ ਦਾ ਫਰਕ ਨਾ ਇਕ ਰਤੀ, ਸੱਚੀ ਗੱਲ ਮੈਂ ਕਹੀ ਸੁਣਾਇਕੇ ਜੀ।
ਭਾਵੇਂ ਮਾਰ ਤੇ ਛੱਡ ਤੂੰ ਬਾਦਸਾਹ, ਸੱਚ ਦੱਸਿਆ ਬੋਲ ਖਲਾਇਕੇ ਜੀ।
ਇਕ ਇਤਨਾ ਮੇਰਾ ਕਸੂਰ ਹੋਯਾ ਨਹੀਂ ਰੱਖਿਆ ਦੁੱਲਾ ਹਟਾਇਕੇ ਜੀ।"

ਕਬਰ ਨੇ ਆਪਣੀ ਸਤਰੰਜ ਦੀ ਖੇਡ ਜਾਰੀ ਰੱਖੀ। ਹੁਣ ਦੁੱਲੇ ਦੇ 'ਪੁਸਤੈਨੀ' ਨਾਬਰ ਸੁਭਾਅ ਨੂੰ ਬਦਲਣ ਲਈ, ਉਸ ਦਾ ਮਦਰੱਸੇ ਵਿੱਚ ਦਾਖਲਾ ਕਰਵਾ ਕੇ ਉਸ ਨੂੰ 'ਤਹਿਜੀਬਯਾਫਤਾ ਇਨਸਾਨ' ਬਣਾਉਣਾ ਸੀ ਅਤੇ ਸਾਹੀ ਗਲਬੇ ਦੇ ਕਲਾਵੇ 'ਚ ਉਸ ਨੂੰ ਕੈਦ ਕਰਨਾ ਸੀ।

ਅਕਬਰ ਨੇ ਲੱਧੀ ਨੂੰ ਆਖਿਆ:

"ਜਾ ਲੱਧੀਏ ਕੀਤਾ ਮੁਆਫ ਤੈਨੂੰ ਐਪਰ ਦੁੱਲੇ ਨੂੰ ਖੂਬ ਪੜਾਵਣਾ ਜੇ।
ਖੋਟੇ ਲੋਕਾਂ ਦੇ ਵਿਚ ਨਾ ਬਹਿਣ ਦੇਣਾ ਖੂਬ ਅਦਬ ਅਦਾਬ ਸਿਖਾਵਣਾ ਜੇ।
ਏਹਦੇ ਬਾਪ ਦਾਦੇ ਜਿਹੇ ਉੱਜਚ ਜਿਹੜੇ ਏਹਨਾਂ ਆਪਣਾ ਸੀਸੀ ਗੁਵਾਵਣਾ ਜੇ।
ਜੇ ਦੁੱਲਾ ਇਲਮ ਵਿਚੋਂ ਹੁਸਿਆਰ ਹੋਵੇ ਇਸ ਨੂੰ ਅਸਾਂ ਬੁਲਾਵਣੇ ਜੇ।
ਦੁੱਧ ਘਟ ਦਾ ਫਰਕ ਨਾ ਇਕ ਰਤੀ ਸੱਟੀ ਗੱਲ ਹੈ ਕਹੀ ਸੁਣਾਇਕੇ ਜੇ।
ਅਸੀਂ ਇਲਮ ਤੇ ਹੁਨਰ ਨੂੰ ਦੇਖ ਕੇ ਤੇ ਦਰਜਾ ਇਸ ਨੂੰ ਖੂਬ ਦਲਾਵਣਾ ਜੇ।"

ਦੁੱਲੇ ਨੂੰ ਕਾਜੀ ਕੋਲ ਪੜ੍ਹਨੇ ਭੇਜ ਦਿੱਤਾ ਜਾਂਦਾ ਹੈ: "ਕਾਜੀ ਆਖਦਾ ਦੁੱਲੇ ਨੂੰ ਸੁਣ ਬੱਚਾ ਜਿਹੜਾ ਸਬਕ ਮੈਂ ਤੈਨੂੰ ਪੜ੍ਹਾਵਣਾ ਹਾਂ। ਦਿਲ ਲਾ ਕੇ ਇਸ ਨੂੰ ਯਾਦ ਕਰਨਾ ਤਾਂਹੀ ਅੱਗੇ ਮੈਂ ਫਿਰ ਬਤਾਵਣਾ ਹਾਂ। ਨਿਉਂ ਨਿਉਂ ਕੇ ਖੁਦਾ ਦੀ ਕਰੀਂ ਸੇਵਾ ਇਹ ਸਿੱਖਿਆ ਤੈਨੂੰ ਸਿਖਾਵਣਾ ਹਾਂ।

ਧੰਨਵਾਦ ਬੀਬੀਸੀ





















## ਸੰਪਾਦਕੀ



ਚੰਗੇ ਹੋਣਾ ਆਸਾਨ ਹੈ, ਪਰ ਨਿਆਂਸ਼ੀਲ ਹੋਣਾ ਮੁਸ਼ਕਿਲ ਹੁੰਦਾ ਹੈ। -ਵਿਕਟਰ ਹਿਊਗੋ

## ਮੁੱਖਧਾਰਾ ਬਨਾਮ ਸੋਸ਼ਲ ਮੀਡੀਆ

ਮੁੱਖਧਾਰਾ ਮੀਡੀਆ ਦੇ ਸਮਾਂਤਰ ਸੋਸ਼ਲ ਮੀਡੀਆ 'ਤੇ ਸੂਚਨਾ ਦਾ ਵਿਸ਼ਾਲ ਸੰਸਾਰ ਨਿਰੰਤਰ ਰਚਿਆ ਜਾਂਦਾ ਹੈ ਅਤੇ ਪ੍ਰਸਾਰਿਤ ਹੁੰਦਾ ਰਹਿੰਦਾ ਹੈ। ਬਿਨਾਂ ਸ਼ੱਕ ਇਸ ਨਾਲ ਬਹੁਤ ਸਾਰੀਆਂ ਸੂਚਨਾਵਾਂ ਵੀ ਲੋਕਾਂ ਤੱਕ ਪਹੁੰਚ ਜਾਂਦੀਆਂ ਹਨ, ਜੋ ਮੁੱਖ ਧਾਰਾ ਮੀਡੀਆ ਵਿੱਚ ਆ ਜਾਂਦੀਆਂ ਹਨ ਜਾਂ ਜਿਨ੍ਹਾਂ ਨੂੰ ਜਾਣਬੁੱਝ ਕੇ ਛੱਡ ਦਿੱਤਾ ਜਾਂਦਾ ਹੈ। ਇਸ ਲਈ ਇਸ ਨੂੰ ਸੂਚਨਾ ਦਾ ਇਕ ਸਮਰਥ ਮਧਿਅਮ ਮੰਨਿਆ ਜਾ ਰਿਹਾ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਸੋਸ਼ਲ ਮੀਡੀਆ ਮੰਚ 'ਤੇ ਜਿਸ ਤਰ੍ਹਾ ਦੀ ਨਿਰੰਕੁਸ਼ਤਾ ਦਿਖਾਈ ਦੇਣ ਲੱਗੀ ਹੈ ਉਹ ਸੱਚਮੁੱਚ ਚਿੰਤਾ ਦਾ ਵਿਸ਼ਾ ਹੈ। ਚੂੰਕਿ ਸੋਸ਼ਲ ਮੀਡੀਆ 'ਤੇ ਆਪਣਾ ਖਾਤਾ ਬਣਾਉਣ ਜਾਂ ਨਿਊਜ਼ ਚੈਨਲ ਚਲਾਉਣ ਦੇ ਲਈ ਕਿਸੇ ਪ੍ਰਕਾਰ ਦਾ ਲਾਇਸੰਸ ਲੈਣ ਜਾਂ ਕਿਸੇ ਕਾਨੂੰਨੀ ਪ੍ਰਕ੍ਰਿਆ ਤੋਂ ਗੁਜਰਨ ਦੀ ਲੋੜ ਨਹੀਂ ਹੁੰਦੀ, ਇਸ ਲਈ ਬਹੁਤ ਸਾਰੇ ਲੋਕਾਂ ਨੇ ਇਸ ਨੂੰ ਬੋਲਣ ਦੇ ਸਹਿਜ ਮਾਧਿਅਮ ਦੇ ਰੂਪ ਵਿੱਚ ਅਪਣਾ ਲਿਆ ਹੈ। ਇਨ੍ਹਾਂ ਵਿੱਚ ਅਜਿਹੇ ਲੋਕਾਂ ਦੀ ਵੀ ਗਿਣਤੀ ਬਹੁਤ ਵੱਡੀ ਹੈ ਜੋ ਕਿਸੇ ਦਲਗਤ ਵਿਚਾਰਧਾਰਾ, ਧਾਰਮਿਕ ਮਾਨਤਾ, ਸਮਾਜਿਕ ਵਿਚਾਰਧਾਰਾ ਨੂੰ ਅਪਣਾ ਕੇ ਨਫਰਤ ਫੈਲਾਉਣ ਦੀ ਮਨਸ਼ਾ ਨਾਲ ਫਰਜ਼ੀ ਸੂਚਨਾਵਾਂ ਘੜਦੇ ਅਤੇ ਪਰੋਸਦੇ ਰਹਿੰਦੇ ਹਨ। ਅਨੇਕ ਨਿੱਜੀ ਚੈਨਲਾਂ 'ਤੇ ਫਿਰਕੂ ਰੰਗ ਦਿੰਦੇ ਹੋਏ ਸਮੱਗਰੀ ਪਰੋਸੀ ਜਾਂਦੀ ਹੈ। ਇਸ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਉਤੇ ਸੁਣਵਾਈ ਕਰਦੇ ਹੋਏ ਸੁਭਾਵਿਕ ਹੀ ਅਦਾਲਤ ਨੇ ਗਹਿਰੀ ਚਿੰਤਾ ਪ੍ਰਗਟ ਕੀਤੀ ਗਈ ਹੈ। ਉਸ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਹੈ ਕਿ ਅਜਿਹੀਆਂ ਖਬਰਾਂ ਫੈਲਾਉਣ ਵਾਲੇ ਨਿੱਜੀ ਚੈਨਲਾਂ 'ਤੇ ਰੋਕ ਲਗਾਉਣ ਦੇ ਲਈ ਕੀ ਤੁਸੀਂ ਕਦੇ ਕੋਸ਼ਿਸ਼ ਕੀਤੀ ਹੈ। ਹਾਲਾਂਕਿ ਫਰਜ਼ੀ ਖਬਰਾਂ 'ਤੇ ਰੋਕ ਲਗਾਉਣ ਦੇ ਮਕਸਦ ਨਾਲ ਕੇਂਦਰ ਸਰਕਾਰ ਨੇ ਯੂ ਟਿਊਬ ਆਦਿ ਉਤੇ ਚੱਲਣ ਵਾਲੇ ਨਿੱਜੀ ਚੈਨਲਾਂ 'ਤੇ ਨਿਗਰਾਨੀ ਰੱਖਣ ਦਾ ਇਕ ਤੰਤਰ ਵਿਕਸਤ ਕਰਨ ਦਾ ਇਰਾਦਾ ਜਤਾਇਆ ਗਿਆ ਸੀ, ਪਰ ਉਸ ਵਿੱਚ ਪਾਰਦਰਸ਼ਤਾ ਨਾ ਹੋਣ ਦੇ ਕਾਰਨ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਕੇਵਲ ਸੱਤਾ ਦੇ ਵਿਰੋਧ ਵਿੱਚ ਆਵਾਜ਼ ਉਠਾਉਣ ਵਾਲੇ ਲੋਕਾਂ ਉਤੇ ਰੋਕ ਲਈ ਲਗਾਈ ਜਾ ਸਕਦੀ। ਫਰਜ਼ੀ, ਫਿਰਕੂ ਨਫਰਤ ਫੈਲਾਉਣ ਵਾਲੀਆਂ ਅਤੇ ਸਰਕਾਰ ਦੀਆਂ ਨੀਤੀਆਂ, ਫੈਸਲਿਆਂ ਆਦਿ ਦੀ ਆਲੋਚਨਾ ਕਰਨ ਵਾਲੀਆਂ ਟਿੱਪਣੀਆਂ, ਵਿਚਾਰਾਂ ਵਿੱਚ ਅੰਤਰ ਕਰਨ ਦੀ ਲੋੜ ਹੈ। ਫਰਜ਼ੀ ਖਬਰਾਂ ਕਦੇ ਕਦੇ ਇੱਕ ਸਿਹਤਮੰਦ ਸਮਾਜ ਦੇ ਵਿਕਾਸ ਵਿੱਚ ਸਹਾਇਕ ਨਹੀਂ ਹੋ ਸਕਦੀਆਂ। ਉਨ੍ਹਾਂ ਨਾਲ ਸਮਾਜ ਵਿੱਚ ਨਫਰਤ ਅਤੇ ਹਿੰਸਾ ਨੂੰ ਵੀ ਹੱਲਾਸ਼ੇਰੀ ਮਿਲ ਸਕਦੀ ਹੈ। ਸਰਕਾਰ ਦੀ ਆਲੋਚਨਾ ਮਜ਼ਬੂਤ ਲੋਕਤੰਤਰ ਦੀ ਨਿਸ਼ਾਨੀ ਹੈ। ਪਰ ਚੂੰਕਿ ਕੇਂਦਰ ਸਰਕਾਰ ਜਿਨ੍ਹਾਂ ਨਿਯਮਾਂ-ਕਾਇਦਿਆਂ ਦੇ ਜ਼ਰੀਏ ਫਰਜ਼ੀ ਖਬਰਾਂ 'ਤੇ ਨਕੇਲ ਕੱਸਣਾ ਚਾਹੁੰਦੀਆਂ ਸੀ, ਉਸ ਵਿੱਚ ਸਰਕਾਰ ਦੇ ਆਲੋਚਕ ਚੈਨਲਾਂ ਨੂੰ ਸਬਕ ਸਿਖਾਉਣ ਦੀ ਮਨਸ਼ਾ ਜ਼ਿਆਦਾ ਸੀ, ਇਸ ਲਈ ਸੁਪਰੀਮ ਕੋ+ਟ ਨੇ ਇਸ ਨਾਲ ਸਬੰਧਤ ਨਿਯਮ ਕਾਇਦਿਆਂ ਨੂੰ ਵਿਵਹਾਰਿਕ ਬਣਾਉਣ ਨੂੰ ਕਿਹਾ ਸੀ। ਹਾਲਾਂਕਿ ਉਦੋਂ ਅਦਾਲਤ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਮੀਡੀਆ-ਪ੍ਰਿੰਟ, ਇਲੈਕਟਰੌਨਿਕ ਅਤੇ ਸੋਸ਼ਲ ਮੀਡੀਆ-ਨੂੰ ਜ਼ਿਆਦਾ ਜ਼ਿੰਮੇਵਾਰੀ ਨਾਲ ਆਪਣੇ ਕਰੱਤਵਾਂ ਦਾ ਪਾਲਣ ਕਰਨ ਦੀ ਲੋੜ ਹੈ, ਬਿਨਾਂ ਖਬਰਾਂ ਦੀ ਪੁਸ਼ਟੀ ਦੇ ਉਨ੍ਹਾਂ ਨੂੰ ਛਾਪਣ, ਪ੍ਰਸਾਰਿਤ ਕਰਨ, ਉਨ੍ਹਾਂ ਉਤੇ ਟਿੱਪਣੀ ਕਰਨ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਫਿਰ ਸਰਕਾਰ ਨੇ ਇਨ੍ਹਾਂ ਮੰਚਾਂ ਦੇ ਨਿਯਮਾਂ ਦੇ ਲਈ ਸੂਚਨਾ ਤਕਨੀਕ ਕਾਨੂੰਨ ਵਿੱਚ ਸੋਧ ਅਤੇ ਤਬਦੀਲੀ ਕਰ ਕੇ ਲਾਗੂ ਕਰ ਦਿੱਤਾ। ਸ਼ੁਰੂ ਤੋਂ ਜ਼ੋਰ ਦਿੱਤਾ ਜਾਂਦਾ ਰਿਹਾ ਹੈ ਕਿ ਮੀਡੀਆ ਵਿੱਚ ਸੈਲਫ ਰੈਗੂਲੇਸ਼ਨ ਹੋਣਾ ਚਾਹੀਦਾ ਹੈ। ਪਰ ਹਕੀਕਤ ਇਹ ਹੈ ਕਿ ਸੰਚਾਰ ਮਾਧਿਅਮ ਸ਼ਾਇਦ ਆਪਣੀ ਨੈਤਿਕ ਜ਼ਿੰਮੇਵਾਰੀ ਭੁੱਲਦੇ ਜਾਂਦੇ ਜਾ ਰਹੇ ਹਨ। ਸੋਸ਼ਲ ਮੀਡੀਆ ਹੀ ਕਿਉਂ, ਕੋਰੋਨਾ ਦੀ ਪਹਿਲੀ ਲਹਿਰ ਜਿਸ ਤਰ੍ਹਾਂ ਤਬਲੀਗੀ ਜਮਾਤ ਅਤੇ ਮਾਲਘਰ ਮਾਮਲੇ ਵਿੱਚ ਮੁੱਖ ਧਾਰਾ ਮੀਡੀਆ ਨੇ ਵੀ ਤੱਥਾਂ ਨੂੰ ਬਿਨਾ ਜਾਂਚ ਕੀਤਿਆਂ ਖਬਰਾਂ ਚਲਾਉਣੀਆਂ ਸ਼ੁਰੂ ਕੀਤੀਆਂ ਸਨ, ਉਸ ਤੋਂ ਸਮਾਜਿਕ ਤਾਣੇ ਬਾਣੇ ਨੂੰ ਖਤਰਾ ਪੈਦਾ ਹੋ ਗਿਆ ਸੀ। ਸੋਸ਼ਲ ਮੀਡੀਏ ਦਾ ਹਾਲ ਇਹ ਹੈ ਕਿ ਉਸ ਉਤੇ ਸਾਰੇ ਅਜਿਹੇ ਨਿੱਜੀ ਚੈਨਲ ਖੁੱਲ੍ਹ ਗਏ ਹਨ, ਜੋ ਕਿਸੇ ਦਲਗਤ ਜਾਂ ਧਾਰਮਿਕ ਵਿਚਾਰਧਾਰਾ ਤੋਂ ਸੰਚਾਲਿਤ ਹਨ। ਉਨ੍ਹਾਂ ਦੀਆਂ ਖਬਰਾਂ ਨਾ ਸਿਰਫ ਫਰਜ਼ੀ ਢੰਗ ਨਾਲ ਘੜ੍ਹੀਆਂ ਹੁੰਦੀਆਂ ਹਨ, ਬਲਕਿ ਨਫਰਤ ਨੂੰ ਹੱਲਾਸ਼ੇਰੀ ਦਿੰਦੀਆਂ ਹਨ। ਇਸ ਲਈ ਅਜਿਹੀਆਂ ਖਬਰਾਂ ਅਤੇ ਵਿਚਾਰਧਾਰਾ ਪਰੋਸਣ ਵਾਲੇ ਚੈਨਲਾਂ ਨੂੰ ਲੈ ਕੇ ਸੁਪਰੀਮ ਕੋਰਟ ਦੀ ਚਿੰਤਾ ਵਾਜਬ ਹੈ।

**ਸੁਖਜਿੰਦਰ ਸਮਰਾ**
ਮੋ. 95835-92000

403 640 2000
punjabiakhbaar@gmail.com

# ਹਾਏ ਉਏ ਮਰ ਗਏ, ਵੱਟਸਐਪ ਤੇ ਫੇਸਬੁੱਕ ਬੰਦ ਹੋ ਗਏ !

**ਕਈ ਸਾਲ ਪਹਿਲਾਂ ਮੈਂ ਕਿਸੇ ਜਿਲ੍ਹੇ ਵਿੱਚ ਐੱਸ.ਪੀ. ਡਿਟੈੱਕਟਿਵ ਲੱਗਾ ਹੋਇਆ ਸੀ ਕਿ ਇੱਕ ਪਿੰਡ ਦੀ ਫਿਰਨੀ 'ਤੇ ਕਤਲ ਹੋ ਗਿਆ। ਕਤਲ ਰਾਤ ਦੇ 9 ਕੁ ਵਜੇ ਹੋਇਆ ਸੀ, ਇਸ ਲਈ ਅਸੀਂ ਰੂਟੀਨ ਵਿੱਚ ਪਿੰਡ ਵਾਲਿਆਂ ਤੋਂ ਵੀ ਪੁੱਛ ਗਿੱਛ ਕਰਨੀ ਸ਼ੁਰੂ ਕਰ ਦਿੱਤੀ ਕਿ ਸ਼ਾਇਦ ਕਿਸੇ ਨੇ ਕਤਲ ਹੁੰਦਾ ਵੇਖਿਆ ਹੋਵੇ। ਪਰ ਸਾਰੇ ਮੁੱਕਰ ਗਏ ਕਿ ਕਿਸੇ ਨੇ ਕੁਝ ਨਹੀਂ ਵੇਖਿਆ। ਪਿੰਡ ਦੀ ਪੰਚਾਇਤ ਮੇਰੇ ਕੋਲ ਆਈ ਤੇ ਸਰਪੰਚ ਨੇ ਦੱਸਿਆ ਕਿ ਜ਼ਨਾਬ ਪਿੰਡਾਂ ਵਿੱਚ ਤਾਂ ਲੋਕ 8 - 9 ਵਜੇ ਸੌਂ ਜਾਂਦੇ ਹਨ। ਸਾਡਾ ਪਿੰਡ ਕਿਹੜਾ ਸ਼ਹਿਰ ਹੈ ਜਿੱਥੇ ਲੋਕ ਰਾਤ ਨੂੰ 12 -12 ਵਜੇ ਤੱਕ ਬਜ਼ਾਰਾਂ ਵਿੱਚ ਘੁੰਮਦੇ ਫਿਰਨਗੇ।**



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

4 ਅਕਤੂਬਰ ਦੀ ਰਾਤ ਨੂੰ 10 - 11 ਵਜੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿੱਚ ਅਚਾਨਕ ਫੇਸ ਬੁੱਕ, ਵੱਟਸਐਪ ਤੇ ਇੰਸਟਾਗਰਾਮ 6 ਘੰਟੇ ਲਈ ਬੰਦ ਹੋ ਜਾਣ ਕਾਰਨ ਕਰੋੜਾਂ ਉਪਭੋਗਤਾਵਾਂ ਵਿੱਚ ਹੜਕੰਪ ਮੱਚ ਗਿਆ। ਪੰਜਾਬ ਵਿੱਚ ਤਾਂ ਉਹ ਹਾਲਤ ਹੋ ਗਈ ਜਿਵੇਂ ਪਾਕਿਸਤਾਨ ਨੇ ਹਵਾਈ ਹਮਲਾ ਕਰ ਦਿੱਤਾ ਹੋਵੇ। ਸਾਰੇ ਇੱਕ ਦੂਸਰੇ ਨੂੰ ਫੋਨ ਕਰ ਕਰ ਕੇ ਪੁੱਛਣ ਲੱਗੇ ਕਿ ਤੇਰਾ ਵੱਟਸਐਪ ਚੱਲਦਾ ਹੈ ਕਿ ਨਹੀਂ ? ਰਾਤ ਦੇ 12 ਕੁ ਵਜੇ ਮੇਰੇ ਇੱਕ ਟੱਲੀ ਹੋਏ ਦੋਸਤ ਦਾ ਫੋਨ ਆਇਆ ਕਿ ਤੇਰਾ ਵੱਟਸਐਪ ਚਲਦਾ ਹੈ ? ਚੰਗੀ ਭਲੀ ਨੀਂਦ ਖਰਾਬ ਹੋ ਜਾਣ ਕਾਰਨ ਮੈਂ ਖਿਝ ਕੇ ਜਵਾਬ ਦਿੱਤਾ ਕਿ ਜੇ ਤੇਰਾ ਨਹੀਂ ਚੱਲਦਾ ਤਾਂ ਮੇਰਾ ਕਿਵੇਂ ਚੱਲ ਸਕਦਾ ਹੈ ? ਉਸ ਨੇ ਕਿਹਾ ਕਿ ਸਾਰੇ ਪਾਸੇ ਇਹ ਗੱਲ ਫੈਲੀ ਹੋਈ ਹੈ ਕਿ ਸੈਂਟਰ ਸਰਕਾਰ ਕੁਝ ਐਕਸ਼ਨ ਲੈਣ ਲੱਗੀ ਹੈ, ਇਸ ਲਈ ਆਮ ਜਨਤਾ ਦਾ ਸੋਸ਼ਲ ਮੀਡੀਆ ਬੰਦ ਕਰ ਦਿੱਤਾ ਗਿਆ ਹੈ ਤੇ ਸਿਰਫ ਪੁਲਿਸ ਤੇ ਫੌਜ ਦਾ ਚੱਲ ਰਿਹਾ ਹੈ। ਅਗਲੇ ਦਿਨ ਵੱਟਸਐਪ ਚੱਲਣ ਤੋਂ ਬਾਅਦ ਪਤਾ ਲੱਗਾ ਕਿ ਸੋਸ਼ਲ ਮੀਡੀਆ 'ਤੇ ਇਹ ਅਫਵਾਹ ਜੋਰ ਸ਼ੋਰ ਨਾਲ ਚੱਲ ਰਹੀ ਹੈ ਕਿ ਸੈਂਟਰ ਸਰਕਾਰ ਕਿਸਾਨ ਅੰਦੋਲਨ ਦੇ ਖਿਲਾਫ ਦੋ ਚਾਰ ਦਿਨਾਂ ਵਿੱਚ ਕਸ਼ਮੀਰ ਵਰਗਾ ਕੋਈ ਸਖਤ ਐਕਸ਼ਨ ਲੈਣ ਜਾ ਰਹੀ ਹੈ, ਇਸ ਲਈ ਸੋਸ਼ਲ਼ ਮੀਡੀਆ ਬੰਦ ਕਰ ਕੇ ਰਿਹਰਸਲ ਕਰ ਰਹੀ ਸੀ। ਸਵੇਰੇ ਅਖਬਾਰਾਂ ਵਿੱਚ ਸੱਚਾਈ ਪੜ੍ਹ ਕੇ ਲੋਕਾਂ ਦੇ ਸਾਹ ਵਿੱਚ ਸਾਹ ਆਇਆ ਕਿ ਇਹ ਕੋਈ ਸਰਕਾਰ ਦੀ ਸਾਜ਼ਿਸ਼ ਨਹੀਂ ਸੀ, ਸਗੋਂ ਵੱਟਸਐਪ, ਫੇਸਬੁੱਕ ਤੇ ਇੰਸਟਾਗਰਾਮ ਦੇ ਮਾਲਕ ਮਾਰਕ ਜ਼ੁੱਕਨਬਰਗ ਦਾ ਸਿੰਘਾਸਣ ਹਿੱਲ ਗਿਆ ਹੈ। ਉਹ ਸਿਰਫ 6 ਘੰਟਿਆ ਵਿੱਚ ਅਰਬਾਂ ਡਾਲਰ ਦਾ ਘਾਟਾ ਖਾ ਕੇ ਦੁਨੀਆਂ ਦੇ ਨੰਬਰ ਇੱਕ ਅਮੀਰ ਆਦਮੀ ਦੇ ਅਹੁਦੇ ਤੋਂ ਖਿਸਕ ਕੇ ਦੂਸਰੇ ਨੰਬਰ 'ਤੇ ਆ ਗਿਆ ਹੈ।

ਸੋਸ਼ਲ ਮੀਡੀਆ ਨੇ ਲੋਕਾਂ ਦੇ ਦਿਲੋ ਦਿਮਾਗ 'ਤੇ ਕਬਜ਼ਾ ਜਮਾ ਲਿਆ ਹੈ। ਅਸੀਂ ਇੱਕ ਤਰਾਂ ਨਾਲ ਇਸ ਦੇ ਮਾਨਸਿਕ ਗੁਲਾਮ ਬਣ ਗਏ ਹਾਂ। ਲੱਗਦਾ ਹੈ ਕਿ ਜੇ ਕਿਤੇ ਅੰਗਰੇਜ਼ ਰਾਜ ਸਮੇਂ ਸੋਸ਼ਲ਼ ਮੀਡੀਆ ਅਤੇ ਗੋਦੀ ਨਿਊਜ਼ ਚੈਨਲ ਹੁੰਦੇ ਤਾਂ ਅਜ਼ਾਦੀ ਅਜੇ ਹੋਰ 100 ਸਾਲ ਨਹੀਂ ਸੀ ਆਉਣੀ। ਕਿਉਂਕਿ ਇਨ੍ਹਾਂ ਨੇ ਜਨਤਾ ਨੂੰ ਅੰਗਰੇਜ਼ ਰਾਜ ਦੇ ਫਾਇਦੇ ਗਿਣਾ ਗਿਣਾ ਕੇ ਸੁਲਾਈ ਰੱਖਣਾ ਸੀ। ਸੋਸ਼ਲ਼ ਮੀਡੀਆ ਦੀ ਵਰਤੋਂ, ਖਾਸ ਤੌਰ 'ਤੇ ਭਾਰਤ ਵਿੱਚ 10% ਵੀ ਚੰਗੇ ਕੰਮਾਂ ਲਈ ਨਹੀਂ ਹੁੰਦੀ। ਇਸ ਦੀ ਜਿਆਦਾਤਰ ਵਰਤੋਂ ਧਾਰਮਿਕ ਨਫਰਤ ਫੈਲਾਉਣ, ਰਾਜਨੀਤਕ ਏਜੰਡਾ ਵਧਾਉਣ, ਅਫਵਾਹਾਂ ਫੈਲਾਉਣ, ਦੰਗੇ ਭੜਕਾਉਣ, ਅਸ਼ਲੀਲ ਚੁਟਕਲੇ ਅਤੇ ਪੋਰਨ ਸ਼ੇਅਰ ਕਰਨ ਅਤੇ ਸਭ ਤੋਂ ਵੱਧ ਆਸ਼ਕੀ ਮਾਸ਼ੂਕੀ ਲਈ ਕੀਤੀ ਜਾਂਦੀ ਹੈ। 2020 ਦੇ ਸਰਵੇ ਅਨੁਸਾਰ ਸੋਸ਼ਲ਼ ਮੀਡੀਆ 'ਤੇ ਪੋਰਨ ਵੇਖਣ ਵਿੱਚ ਸੰਸਾਰ ਪੱਧਰ 'ਤੇ ਭਾਰਤ ਪੰਜਵੇਂ ਸਥਾਨ ਅਤੇ ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਪਹਿਲੇ ਨੰਬਰ 'ਤੇ ਹੈ। ਸੋਸ਼ਲ਼ ਮੀਡੀਆ ਨਾਲ ਸੈਂਕੜੇ ਕਰੋੜ ਲੋਕ ਜੁੜੇ ਹੋਏ ਹਨ। ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਐਪਸ ਵਿੱਚੋਂ ਫੇਸਬੁੱਕ ਦੀ ਇਸ ਵੇਲੇ ਕਰੀਬ 30 ਕਰੋੜ, ਵੱਟਸਐੱਪ 25 ਕਰੋੜ, ਮੈਸੇਂਜਰ 22 ਕਰੋੜ, ਇੰਸਟਾਗਰਾਮ 50 ਕਰੋੜ, ਟਿਕ ਟਾਕ 20 ਕਰੋੜ, ਟਵਿੱਟਰ 42 ਕਰੋੜ, ਸਨੈਪਚੈਟ 31 ਕਰੋੜ ਅਤੇ ਯੂ ਟਿਊਬ ਦੀ ਕਰੀਬ 62 ਕਰੋੜ ਲੋਕ ਵਰਤੋਂ ਕਰ ਰਹੇ ਹਨ। ਭਾਰਤ ਵਿੱਚ 44 ਕਰੋੜ ਦੇ ਲਗਭਗ ਸੋਸ਼ਲ਼ ਮੀਡੀਆਂ ਯੂਜ਼ਰ ਹਨ ਤੇ ਇੱਕ ਰਿਪੋਰਟ ਮੁਤਾਬਕ ਭਾਰਤੀ ਯੂਜ਼ਰ ਔਸਤਨ ਢਾਈ ਘੰਟੇ ਰੋਜ਼ਾਨਾ ਸੋਸ਼ਲ ਮੀਡੀਆ 'ਤੇ ਬਿਤਾਉਂਦੇ ਹਨ। ਭਾਰਤ ਦੇ ਨੀਤੀ ਘਾੜਿਆਂ ਸਾਹਮਣੇ ਸੋਸ਼ਲ ਮੀਡੀਆ ਦੀ ਦੁਰਵਰਤੋਂ ਨੂੰ ਕਾਬੂ ਕਰਨਾ ਇੱਕ ਵੱਡੀ ਚੁਣੌਤੀ ਬਣ ਚੁੱਕੀ ਹੈ ਤੇ ਇਸ ਦਾ ਮੁਕਾਬਲਾ ਕਰਨ ਲਈ ਕਈ ਸਖਤ ਕਾਨੂੰਨ ਪਾਰਲੀਮੈਂਟ ਪਾਸ ਕਰ ਰਹੀ ਹੈ। ਪਿਛਲੇ ਸਾਲ ਦੱਖਣੀ ਭਾਰਤ ਦੀ ਇੱਕ ਯੂਨੀਵਰਸਿਟੀ ਦੇ ਸਾਈਕੋਲੌਜੀ ਵਿਭਾਗ ਨੇ ਵਿਦਿਆਰਥੀਆਂ ਦੇ ਸੋਸ਼ਲ਼ ਮੀਡੀਆ ਨਾਲ ਜੁੜਾਵ ਨੂੰ ਚੈੱਕ ਕਰਨ ਲਈ ਇੱਕ ਪ੍ਰਯੋਗ ਕੀਤਾ ਸੀ।



ਉਨ੍ਹਾਂ ਨੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਦੇ ਖਾਣੇ ਦੀ ਗੁਣਵਤਾ ਘੱਟ ਕਰਨੀ ਸ਼ੁਰੂ ਕਰ ਦਿੱਤੀ। ਵਿਦਿਆਰਥੀਆਂ ਵਿੱਚ ਥੋੜ੍ਹੀ ਬਹੁਤੀ ਸੁਗਬਗਾਹਟ ਹੋਈ ਤੇ ਕਈਆਂ ਨੇ ਲਿਖਤੀ ਸ਼ਿਕਾਇਤ ਵੀ ਕੀਤੀ। ਦੋ ਚਾਰ ਦਿਨ ਬਾਅਦ ਕਦੀ ਬਰੇਫਾਸਟ, ਕਦੇ ਲੰਚ ਅਤੇ ਕਦੀ ਡਿਨਰ ਦੇ ਨਾਗੇ ਪਾਉਣੇ ਸ਼ੁਰੂ ਕਰ ਦਿੱਤੇ। ਫਿਰ ਵੀ ਵਿਦਿਆਰਥੀਆਂ ਨੇ ਕੋਈ ਬਹੁਤਾ ਧਿਆਨ ਨਾ ਦਿੱਤਾ। ਇੱਕ ਦਿਹਾੜੇ ਰਾਤ ਨੂੰ 8 ਵਜੇ ਅਚਾਨਕ ਹੋਸਟਲ ਦਾ ਵਾਈ ਫਾਈ ਬੰਦ ਕਰ ਦਿੱਤਾ ਗਿਆ। ਸਾਰੇ ਵਿਦਿਆਰਥੀ ਹੋਸਟਲ ਦੇ ਕਮਰਿਆਂ 'ਚੋਂ ਬਾਹਰ ਨਿਕਲ ਆਏ ਤੇ ਵਾਰਡਨ ਦੇ ਖਿਲਾਫ ਰੌਲਾ ਰੱਪਾ ਪਾਉਣਾ ਸ਼ੁਰੂ ਕਰ ਦਿੱਤਾ। ਵਾਰਡਨ ਨੇ ਬਹਾਨੇ ਵਗੈਰਾ ਮਾਰ ਕੇ ਦੋ ਚਾਰ ਘੰਟੇ ਬਾਅਦ ਵਾਈ ਫਾਈ ਚਲਾ ਦਿੱਤਾ। ਫਿਰ ਤਾਂ ਇਹ ਰੋਜ ਦਾ ਵਰਤਾਰਾ ਹੋ ਗਿਆ, ਕਦੇ ਇੱਕ ਘੰਟਾ ਤੇ ਕਦੇ ਦੋ ਘੰਟੇ ਲਈ ਵਾਈ ਫਾਈ ਬੰਦ ਕਰ ਦਿੱਤਾ ਜਾਣ ਲੱਗਾ। ਸਿਰਫ ਚਾਰ ਦਿਨਾਂ ਬਾਅਦ ਹੀ ਵਿਦਿਆਰਥੀਆਂ ਨੇ ਹੜਤਾਲ ਕਰ ਦਿੱਤੀ ਤੇ ਵਾਈਸ ਚਾਂਸਲਰ ਦੇ ਦਫਤਰ ਨੂੰ ਘੇਰ ਲਿਆ। ਸਾਬਤ ਹੋ ਗਿਆ ਕਿ ਨਵੀਂ ਪੀੜ੍ਹੀ ਨੂੰ ਰੋਟੀ ਤੋਂ ਜਿਆਦਾ ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦੀ ਜਰੂਰਤ ਹੈ।

ਕਈ ਸਾਲ ਪਹਿਲਾਂ ਮੈਂ ਕਿਸੇ ਜਿਲ੍ਹੇ ਵਿੱਚ ਐੱਸ.ਪੀ. ਡਿਟੈੱਕਟਿਵ ਲੱਗਾ ਹੋਇਆ ਸੀ ਕਿ ਇੱਕ ਪਿੰਡ ਦੀ ਫਿਰਨੀ 'ਤੇ ਕਤਲ ਹੋ ਗਿਆ। ਕਤਲ ਰਾਤ ਦੇ 9 ਕੁ ਵਜੇ ਹੋਇਆ ਸੀ, ਇਸ ਲਈ ਅਸੀਂ ਰੂਟੀਨ ਵਿੱਚ ਪਿੰਡ ਵਾਲਿਆਂ ਤੋਂ ਵੀ ਪੁੱਛ ਗਿੱਛ ਕਰਨੀ ਸ਼ੁਰੂ ਕਰ ਦਿੱਤੀ ਕਿ ਸ਼ਾਇਦ ਕਿਸੇ ਨੇ ਕਤਲ ਹੁੰਦਾ ਵੇਖਿਆ ਹੋਵੇ। ਪਰ ਸਾਰੇ ਮੁੱਕਰ ਗਏ ਕਿ ਕਿਸੇ ਨੇ ਕੁਝ ਨਹੀਂ ਵੇਖਿਆ। ਪਿੰਡ ਦੀ ਪੰਚਾਇਤ ਮੇਰੇ ਕੋਲ ਆਈ ਤੇ ਸਰਪੰਚ ਨੇ ਦੱਸਿਆ ਕਿ ਜ਼ਨਾਬ ਪਿੰਡਾਂ ਵਿੱਚ ਤਾਂ ਲੋਕ 8 - 9 ਵਜੇ ਸੌਂ ਜਾਂਦੇ ਹਨ। ਸਾਡਾ ਪਿੰਡ ਕਿਹੜਾ ਸ਼ਹਿਰ ਹੈ ਜਿੱਥੇ ਲੋਕ ਰਾਤ ਨੂੰ 12 -12 ਵਜੇ ਤੱਕ ਬਜ਼ਾਰਾਂ ਵਿੱਚ ਘੁੰਮਦੇ ਫਿਰਨਗੇ। ਪੰਚਾਇਤ ਨੂੰ ਤੋਰ ਕੇ ਅਸੀਂ ਮੁਖਬਰਾਂ ਦੀ ਮਦਦ ਨਾਲ ਪਿੰਡ ਦੇ ਸਾਰੇ ਸ਼ੱਕੀ ਵਿਅਕਤੀਆਂ ਦੇ ਮੋਬਾਇਲ ਨੰਬਰ ਸਰਵੇਲੈਂਸ 'ਤੇ ਲਗਾ ਦਿੱਤੇ। ਸਰਪੰਚ ਦੀ ਗੱਲ ਦੇ ਉਲਟ ਇਹ ਸਾਹਮਣੇ ਆਇਆ ਕਿ ਪਿੰਡ ਦੇ 50% ਤੋਂ ਵੱਧ ਲੋਕ ਅੱਧੀ ਰਾਤ ਤੱਕ ਸੋਸ਼ਲ਼ ਮੀਡੀਆ 'ਤੇ ਲੱਗੇ ਰਹਿੰਦੇ ਹਨ। ਕਤਲ ਤਾਂ ਖੈਰ ਕਿਸੇ ਹੋਰ ਪਾਸੇ ਤੋਂ ਟਰੇਸ ਹੋ ਗਿਆ, ਪਰ ਸਾਨੂੰ ਇਹ ਜਰੂਰ ਪਤਾ ਲੱਗ ਗਿਆ ਕਿ ਕੁੰਵਾਰਿਆਂ ਤੋਂ ਇਲਾਵਾ ਪਿੰਡ ਦੇ ਸਰਪੰਚ ਸਮੇਤ 20 - 22 ਵਿਆਹੇ ਵਰੇ ਬੰਦੇ-ਜਨਾਨੀਆਂ ਦੇ ਆਪਸ ਵਿੱਚ ਪ੍ਰੇਮ ਸਬੰਧ ਚੱਲ ਰਹੇ ਹਨ। ਵੈਸੇ ਇਹ ਗੱਲ ਗੁਪਤ ਹੀ ਰਹੀ ਤੇ ਕੇਸ ਹੱਲ ਹੋਣ ਤੋਂ ਬਾਅਦ ਉਥੇ ਹੀ ਠੱਪ ਕਰ ਦਿੱਤੀ ਗਈ। ਇਹ ਨਹੀਂ ਕਿ ਸੋਸ਼ਲ਼ ਮੀਡੀਆ ਵਿੱਚ ਸਿਰਫ ਬੁਰਾਈਆਂ ਹੀ ਹਨ। ਇਸ ਨੇ ਕੰਮ ਕਾਜੀ ਲੋਕਾਂ ਦੀ ਜ਼ਿੰਦਗੀ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ। ਕਰੋਨਾ ਲੌਕ ਡਾਊਨ ਵੇਲੇ ਬੱਚਿਆਂ ਦੀ ਪੜ੍ਹਾਈ ਸਿਰਫ ਵੱਟਸਐਪ ਰਾਹੀਂ ਹੀ ਸੰਭਵ ਹੋ ਸਕੀ ਸੀ। ਆਧੁਨਿਕ ਕਾਲ ਤਕਨੀਕ ਦਾ ਦੌਰ ਹੈ। ਹਰ ਵਿਅਕਤੀ ਸਮਾਜਿਕ ਹੋਵੇ ਚਾਹੇ ਭਾਵੇਂ ਨਾ ਹੋਵੇ, ਪਰ ਸੋਸ਼ਲ ਜਰੂਰ ਹੋਣਾ ਚਾਹੀਦਾ ਹੈ। ਸੋਸ਼ਲ ਮੀਡੀਆ ਲੋਕਾਂ ਨਾਲ ਜੁੜਨ ਦਾ ਇੱਕ ਮਹੱਤਵਪੂਰਨ ਸਾਧਨ ਬਣ ਚੁੱਕਾ ਹੈ ਤੇ ਇਸ ਨੇ ਵਿਸ਼ਵ ਵਿੱਚ ਸੰਚਾਰ ਨੂੰ ਇੱਕ ਨਵਾਂ ਪਹਿਲੂ ਦਿੱਤਾ ਹੈ। ਜਿੱਥੇ ਸੋਸ਼ਲ ਮੀਡੀਆ ਕਾਰੋਬਾਰੀਆਂ ਲਈ ਕਾਰੋਬਾਰ ਦਾ ਨਵਾਂ ਸਾਧਨ ਬਣਿਆਂ ਹੈ, ਉਥੇ ਰੋਜ਼ਗਾਰ ਦੇ ਕਈ ਨਵੇਂ ਮੌਕੇ ਵੀ ਇਸ ਨੇ ਪੈਦਾ ਕੀਤੇ ਹਨ। ਇਹ ਉਨ੍ਹਾਂ ਲੋਕਾਂ ਦੀ ਅਵਾਜ਼ ਬਣਿਆ ਹੈ ਜਿਨ੍ਹਾਂ ਦੀ ਅਵਾਜ਼ ਹੁਣ ਤੱਕ ਦਬਾਈ ਜਾਂਦੀ ਰਹੀ ਹੈ। ਅੱਜ ਸੋਸ਼ਲ ਮੀਡੀਆ ਸੂਚਨਾਵਾਂ ਦਾ ਕੇਂਦਰ ਜਾਪਦਾ ਹੈ। ਸਾਰੀਆਂ ਵੱਡੀਆਂ ਅਖਬਾਰਾਂ ਆਪਣੇ ਈ ਐਡੀਸ਼ਨ ਕੱਢਦੀਆਂ ਹਨ। ਕਈ ਖੋਜਾਂ ਵਿੱਚ ਸਾਹਮਣੇ ਆਇਆ ਹੈ ਕਿ ਜਿਆਦਾਤਰ ਲੋਕ ਰੋਜ਼ਮੱਰਾ ਦੀਆਂ ਸੂਚਨਾਵਾਂ ਸਵੇਰੇ ਸੋਸ਼ਲ ਮੀਡੀਆ ਰਾਹੀਂ ਹਾਸਲ ਕਰਦੇ ਹਨ। ਪੰਜਾਬੀ ਦੇ ਅਨੇਕਾਂ ਗਾਇਕ ਯੂ ਟਿਊਬ 'ਤੇ ਗਾਣੇ ਰਿਲੀਜ਼ ਕਰ ਕੇ ਰਾਤੋ ਰਾਤ ਪ੍ਰਸਿੱਧ ਹੋਏ ਹਨ।

ਸੋਸ਼ਲ ਮੀਡੀਆ ਦੀ ਬੇਤਹਾਸ਼ਾ ਵਰਤੋਂ ਕਰਨ ਨਾਲ ਦਿਮਾਗ ਵਿੱਚ ਨਾਂਹ ਪੱਖੀ ਵਿਚਾਰ ਆਉਂਦੇ ਹਨ ਤੇ ਬਹੁਤੇ ਲੋਕਾਂ ਨੂੰ ਡਿਪਰੈਸ਼ਨ ਹੋ ਜਾਂਦੀ ਹੈ। ਇਸ ਕਾਰਨ ਸਾਈਬਰ ਕਰਾਈਮ ਵੀ ਵਧਦੇ ਜਾ ਰਹੇ ਹਨ ਤੇ ਲੋਕਾਂ ਦਾ ਨਿੱਜੀ ਡਾਟਾ ਚੋਰੀ ਕਰ ਕੇ ਬੈਂਕ ਖਾਤੇ ਸਾਫ ਕਰ ਦਿੱਤੇ ਜਾਂਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਸੋਸ਼ਲ਼ ਮੀਡੀਆ ਸਮਾਜ ਲਈ ਇੱਕ ਮੌਕਾ ਵੀ ਹੈ ਤੇ ਇੱਕ ਸਮੱਸਿਆ ਵੀ। ਇਹ ਵਰਤੋਂ ਕਰਨ ਵਾਲੇ 'ਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਤਰੱਕੀ ਕਰਨ ਦੇ ਮੌਕੇ ਦੀ ਤਰਾਂ ਅਪਣਾਉਂਦੇ ਹਨ ਜਾਂ ਆਪਣੇ ਅਤੇ ਦੂਸਰਿਆਂ ਲਈ ਸਮੱਸਿਆਵਾਂ ਪੈਦਾ ਕਰਨ ਲਈ। ਸੋਸ਼ਲ਼ ਮੀਡੀਆ ਦੀ ਵਰਤੋਂ ਬਹੁਤ ਸੰਜਮ ਨਾਲ ਕਰਨੀ ਚਾਹੀਦੀ ਹੈ। ਨਵੀਂ ਪੀੜ੍ਹੀ ਦੀ ਤਾਂ ਇਹ ਹਾਲਤ ਹੋ ਗਈ ਹੈ ਕਿ ਮਹੀਨੇ ਦੋ ਮਹੀਨੇ ਬਾਅਦ ਇੱਕ ਅੱਧੀ ਖਬਰ ਆ ਹੀ ਜਾਂਦੀ ਹੈ ਕਿ ਫਲਾਣੇ ਲੜਕੇ - ਲੜਕੀ ਨੇ ਘਰ ਵਾਲਿਆ ਦੇ ਸੋਸ਼ਲ ਮੀਡੀਆ ਦੀ ਵਰਤੋਂ ਤੋਂ ਵਰਜਣ ਕਾਰਨ ਆਤਮ ਹੱਤਿਆ ਕਰ ਲਈ ਹੈ ਜਾਂ ਆਪਣੇ ਮਾਂ ਪਿਉ ਨੂੰ ਚਾਕੂ ਮਾਰ ਦਿੱਤਾ ਹੈ। ਅਜਿਹੀਆਂ ਘਟਨਾਵਾਂ ਰੋਕਣ ਲਈ ਬੱਚਿਆਂ 'ਤੇ ਖਾਸ ਨਜ਼ਰ ਰੱਖਣੀ ਚਾਹੀਦੀ ਹੈ ਤੇ ਉਨ੍ਹਾਂ ਦੇ ਫੇਸਬੁੱਕ ਅਤੇ ਇੰਸਟਾਗਰਾਮ ਆਦਿ ਦੇ ਅਕਾਊਂਟਾਂ ਨੂੰ ਚੈੱਕ ਕਰਦੇ ਰਹਿਣਾ ਚਾਹੀਦਾ ਹੈ।

# ਉੱਚੇ ਅਹੁਦੇ ਨੀਵੇਂ ਲੋਕ

**ਲੋਕ ਪੱਖੀ ਮੀਡੀਆਂ ਸਰਕਾਰੀ ਪੈਸੇ ਵਾਲੇ ਇਸ਼ਤਿਹਾਰੀ ਸਹਾਇਤਾ ਦੇ ਬਿਨਾਂ ਸਰਕਾਰੀ ਸਹਿ ਪਰਾਪਤ ਮੀਡੀਆ ਦਾ ਮੁਕਾਬਲਾ ਹੀ ਨਹੀਂ ਕਰ ਸਕਦਾ। ਸਰਕਾਰੀ ਸਹਿ ਪਰਾਪਤ ਪੰਜਾਬ ਦੇ ਵੱਡੇ ਅਖਬਾਰ ਹੀ ਦੋ ਲੱਖ ਤੋਂ ਦਸ ਲੱਖ ਤੱਕ ਦੇ ਸਰਕਾਰੀ ਇਸਤਿਹਾਰ ਰੋਜਾਨਾਂ ਛਾਪ ਕੇ ਮੋਟੇ ਅਤੇ ਵੱਡੇ ਹੋਈ ਜਾ ਰਹੇ ਹਨ ਜਦ ਕਿ ਛੋਟੇ ਅਤੇ ਨਵੇ ਅਖਬਾਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾਂ ਹੈ । ਜਦ ਤੱਕ ਛੋਟੇ ਅਤੇ ਨਵੇਂ ਅਖਬਾਰ ਸਰਕਾਰਾਂ ਦੀ ਗੁਲਾਮੀ ਕਬੂਲ ਨਹੀਂ ਕਰਦੇ ਤਦ ਤੱਕ ਉਹਨਾਂ ਨੂੰ ਬਣਦਾ ਹਿੱਸਾ ਇਸਤਿਹਾਰਾਂ ਦਾ ਨਹੀਂ ਦਿੱਤਾ ਜਾਂਦਾ ।**



ਗੁਰਚਰਨ ਪੱਖੋ
ਫੋਨ 9417727245
ਪਿੰਡ ਪੱਖੋ ਕਲਾਂ (ਬਰਨਾਲਾ)

ਦੇਸ ਵਿੱਚ ਜਿਸ ਤਰਾਂ ਭਰਿਸਟਾਚਾਰ ਅਤੇ ਲੁੱਟਤੰਤਰ ਦਾ ਬੋਲਬਾਲਾ ਹੋ ਰਿਹਾ ਹੈ ਇਸ ਦਾ ਕਾਰਨ ਦੇਸ ਦੇ ਉੱਚੇ ਅਹੁਦਿਆਂ ਉੱਪਰ ਨੀਵੇਂ ਲੋਕਾਂ ਦੇ ਬੈਠਣ ਕਾਰਨ ਹੀ ਤਾਂ ਹੈ। ਦੇਸ ਦੇ ਰਾਜਨੀਤਕ ਮਹੌਲ ਨੇ ਦੇਸ ਦੇ ਬਾਕੀ ਪਰਬੰਧਕੀ ਢਾਂਚੇ ਉੱਪਰ ਵੀ ਆਪਣੇ ਵਰਗੇ ਲੋਕ ਹੀ ਬਿਠਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਭਾਰਤੀ ਲੋਕਤੰਤਰ ਦੇ ਚਾਰੇ ਥੰਮਾਂ ਵਿੱਚੋਂ ਕੋਈ ਵੀ ਥੰਮ ਹੁਣ ਬਚਿਆ ਨਹੀਂ ਲੱਗਦਾ ਇਸ ਖਤਰਨਾਕ ਬਿਮਾਰੀ ਤੋਂ । ਦੇਸ ਦੇ ਲੋਕ ਦੋ ਡੰਗ ਦੀ ਰੋਟੀ ਖਾਣ ਲਈ ਵੀ ਸਬਸਿਡੀ ਦੀ ਮੰਗ ਕਰਨ ਲਈ ਮਜਬੂ ਹੋਈ ਜਾ ਰਹੇ ਹਨ। ਜੋ ਵੀ ਲੋੜ ਸਮੇਂ ਅਨੁਸਾਰ ਆਮ ਲੋਕਾਂ ਦੀ ਪੈਦਾ ਹੋ ਰਹੀ ਹੈ ਸਰਕਾਰਾਂ ਉਸ ਉੱਪਰ ਸਰਕਾਰੀ ਟੈਕਸਾਂ ਦਾ ਬੋਝ ਲੱਦ ਦਿੰਦੀਆਂ ਹਨ। ਜਿੰਦਗੀ ਦੀ ਮੁੱਢਲੀ ਲੋੜ ਖਾਣਾਂ ਵੀ ਸਰਕਾਰੀ ਟੈਕਸਾਂ ਦੀ ਮਾਰ ਹੇਠ ਹੈ। ਦੂਜੀ ਮੁੱਢਲੀ ਲੋੜ ਘਰ ਬਣਾਉਣਾਂ ਵੀ ਟੈਕਸਾਂ ਕਾਰਨ ਮੁਸਕਲ ਹੋ ਗਿਆ ਹੈ। ਇੱਟਾਂ ਬਣਾਉਣ ਲਈ ਮਿੱਟੀ ਪੁੱਟਣ ਤੇ ਵੀ ਸਰਕਾਰਾਂ ਨੇ ਟੈਕਸ ਲਾਉਣ ਦੀਆਂ ਤਿਆਰੀਆਂ ਕਰ ਲਈਆਂ ਹਨ । ਪਹਿਨਣ ਵਾਲਾ ਕੱਪੜਾ ਤਾਂ ਪਹਿਲਾਂ ਹੀ ਸਰਕਾਰੀ ਟੈਕਸਾ ਦਾ ਸਿੰਗਾਰਿਆ ਹੋਇਆ ਹੈ। ਕੀ ਇਨਸਾਨ ਦੀਆਂ ਮੁੱਢਲੀਆਂ ਲੋੜਾਂ ਤੇ ਵੀ ਟੈਕਸ ਲਾਉਣਾਂ ਜਰੂਰੀ ਹੈ।



ਇਹ ਤਾਂ ਆਧੁਨਿਕ ਮਨੁੱਖ ਦਾ ਹਾਲ ਗੁਲਾਮ ਲੋਕਾਂ ਨਾਲੋ ਵੀ ਮਾੜਾ ਕਰਨ ਵਾਲੀ ਗੱਲ ਹੈ। ਸਰਕਾਰਾਂ ਐਸਪਸਤੀ ਵਾਲੀਆਂ ਜਰੂਰਤਾਂ ਤੇ ਜੰਮ ਜੰਮ ਟੈਕਸ ਲਾਉਣ ਆਧੁਨਿੱਕ ਮਸੀਨਾਂ ਤੇ ਜੋ ਮਰਜੀ ਹੁਕਮ ਚਾੜਨ ਪਰ ਮਨੁੱਖ ਦੇ ਤਨ ਨੂੰ ਢੱਕਣ ਅਤੇ ਤਨ ਨੂੰ ਰਜਾਉਣ ਵਾਲੇ ਅੰਨ ਤੇ ਹੀ ਟੈਕਸ ਲਾਉਣਾਂ ਸੁਰੂ ਕਰ ਦੇਣ ਇਹ ਤਾਂ ਘੋਰ ਜੁਲਮ ਅਤੇ ਅਤਿ ਦੀ ਨੀਚਤਾ ਹੈ। ਇਹੋ ਜਿਹੇ ਕਾਨੂੰਨ ਬਣਉਣ ਵਾਲੇ ਅਫਸਰਸਾਹ ਅਤੇ ਰਾਜਨੀਤਕ ਤਾਂ ਜਾਬਰ ਅਤੇ ਨਾਬਰ ਲੋਕ ਹੀ ਹੋ ਸਕਦੇ ਹਨ। ਐਸਪ੍ਰਸਤੀ ਦੀਆਂ ਅਮੀਰ ਵਰਗ ਦੀਆਂ ਵਿਦੇਸੀ ਵਸਤਾਂ ਤੇ ਲਗਾਤਰ ਟੈਕਸ ਘੱਟ ਕੀਤੇ ਜਾ ਰਹੇ ਹਨ ।ਅਮੀਰ ਲੋਕ ਅਤੇ ਰਾਜਨੀਤਕ ਨੇਤਾ ਵਿਦੇਸਾਂ ਵਿੱਚੋਂ ਸਰੇਆਮ ਸੋਨੇ ਅਤੇ ਸਰਾਬ ਤੱਕ ਦੇ ਬੈਗ ਭਰਕ ਲਿਆਉਦੇਂ ਹਨ ਅਤੇ ਹਵਾਈ ਅੱਡਿਆਂ ਤੋਂ ਬਿਨਾਂ ਟੈਕਸ ਦਿਤੇ ਲੰਘਦੇ ਹਨ ਜਿਸਦਾ ਫਾਇਦਾ ਵਿਦੇਸੀਆਂ ਨੂੰ ਹੁੰਦਾਂ ਹੈ। ਪਰ ਦੇਸ ਦੇ ਲੋਕਾਂ ਤੋਂ ਹਰ ਚੀਜ ਤੇ ਟੈਕਸ ਲੈਣ ਦੇ ਫੁਰਮਾਨ ਚਾੜ ਦਿੱਤੇ ਜਾਂਦੇ ਹਨ। ਵਿਦੇਸਾਂ ਵਿੱਚੋਂ ਆਉਣ ਵਾਲੇ ਅਮੀਰ ਭਾਰਤੀ ਸੋਨੇ ਦੇ ਅਤੇ ਹੀਰੇ ਦੇ ਗਹਿਣੇ ਪਹਿਨ ਕੇ ਹਵਾਈ ਅੱਡਿਆਂ ਤੋਂ ਆਮ ਹੀ ਲੰਘਦੇ ਹਨ ਅਤੇ ਬਾਅਦ ਵਿਚ ਬਜਾਰ ਵਿੱਚ ਵੇਚਦੇ ਹਨ। ਵਿਦੇਸਾਂ ਵਿੱਚ ਜਾਣ ਵਾਲੇ ਰਾਜਨੇਤਾ ਜਿੰਹਨਾਂ ਵਿੱਚ ਪਿੱਛੇ ਜਿਹੇ ਪੰਜਾਬ ਤੋਂ ਗਏ ਰਾਜਨੇਤਾ ਜੋ ਸਰਾਬ ਦੇ ਕਾਰਖਾਨਿਆਂ ਨੂੰ ਦੇਖਣ ਗਏ ਸਨ ਸਰੇਆਮ ਸਰਾਬ ਦੀਆਂ ਪੇਟੀਆਂ ਤੋਹਫੇ ਦੇ ਤੌਰ ਤੇ ਲੈਕੇ ਆਏ ਸਨ ਅਤੇ ਇੱਕ ਮੁਖਮੰਤਰੀ ਤਾਂ ਸਰਾਬ ਦੀਆਂ ਬਲਿਊ ਸਕਾਟ ਦੀਆਂ ਬੋਤਲਾਂ ਜਿੰਹਨਾਂ ਤੇ 6500 ਰੁਪਏ ਪ੍ਰਤੀ ਬੋਤਲ ਟੈਕਸ ਸੀ ਬਿਨਾਂ ਅਦਾ ਕੀਤਆਂ ਹੀ ਹਵਾਈ ਅੱਡਿਆਂ ਤੋਂ ਲੰਘਾਕਿ ਲਿਆਂਇਆ ਸੀ। ਪਰ ਜਦ ਦੇਸ ਦੇ ਲੋਕਾਂ ਲਈ ਕੋਈ ਵੀ ਅਨਾਜ ਵਿਦੇਸਾਂ ਤੋਂ ਮੰਗਵਾਇਆ ਜਾਂਦਾਂ ਹੈ ਤਦ ਉਸਦੇ ਉੱਪਰ ਟੈਕਸ ਲਾਉਣਾਂ ਸਰਕਾਰ ਅਤੇ ਰਾਜਨੇਤਾ ਕਦੇ ਨਹੀਂ ਭੁੱਲਦੇ। ਦੇਸ ਦੀ 40 ਕਰੋੜ ਅਬਾਦੀ ਤਾਂ 20 ਰੁਪਏ ਰੋਜਾਨਾਂ ਤੋਂ ਵੀ ਘੱਟ ਆਮਦਨ ਰੱਖਦੀ ਹੈ ਜਿਸ ਲਈ ਅਨਾਜ ਦੀ ਥਾਂ ਤੇ ਜੰਗਲੀ ਵਸਤਾਂ ਜਾਂ ਪਾਣੀ ਵਿੱਚੋਂ ਪਰਾਪਤ ਭੋਜਨ ਖਾਣਾਂ ਹੀ ਸੰਭਵ ਹੈ। ਇਹੋ ਜਿਹੇ ਹਾਲਤਾਂ ਨੂੰ ਪੈਦਾ ਕਰਨ ਵਾਲੀਆਂ ਸਰਕਾਰਾਂ ਤਾਂ ਮੱਧਵਰਗ ਨੂੰ ਵੀ ਰੋਟੀ ਖਾਣ ਤੋਂ ਮੁਥਾਂਜ ਕਰਨ ਦੀਆਂ ਸਕੀਮਾਂ ਤੇ ਕੰਮ ਕਰ ਰਹੀਆਂ ਹਨ । ਦੇਸ ਦੇ ਆਮ ਬੰਦੇ ਅਤੇ ਮੁਲਾਜਮ ਵਰਗ ਦੀ ਆਮਦਨ ਵਿੱਚ ਸੈਕੜੇ ਗੁਣਾਂ ਦਾ ਫਰਕ ਪਾਕੇ ਸਰਕਾਰ ਸਮਾਜ ਨੂੰ ਦੋ ਧੜਿਆਂ ਵਿੱਚ ਵੰਡ ਰਹੀ ਹੈ। ਮੁਲਾਜਮ ਵਰਗ ਵਿੱਚ ਸਾਮਲ ਹੋ ਜਾਣ ਵਾਲਾ ਹਰ ਬੰਦਾਂ ਜੋ ਆਮ ਲੋਕਾਂ ਵਿੱਚੋਂ ਹੀ ਗਿਆ ਹੁੰਦਾਂ ਹੈ ਤੁਰੰਤ ਹੀ ਲੁਟੇਰੇ ਸਰਕਾਰੀ ਧੜੇ ਦੀ ਪੁਸਤ ਪਨਾਹੀ ਵਿੱਚ ਜਾ ਲੁਕਦਾ ਹੈ। ਸਰਕਾਰੀ ਪਨਾਹ ਵਿੱਚ ਲੁਕੇ ਹੋਏ ਕਦੇ ਵੀ ਆਮ ਲੋਕਾਂ ਦੀ ਹਮਾਇਤ ਨਹੀਂ ਕਰਦੇ ਹੁੰਦੇ। ਦੇਸ ਦੇ ਚਾਰੇ ਥੰਮਾਂ ਵਿੱਚੋਂ ਪਹਿਲੇ ਕਨੂੰਨ ਬਣਾਉਣ ਵਾਲੇ ਥੰਮ ਵਿਧਾਨ ਪਾਲਿਕਾ ਵਿੱਚ ਨਵਜੋਤ ਸਿੱਧੂ ਵਰਗੇ ਸਜਾ ਪਰਾਪਤ ਮੁਜਰਮ ਅਤੇ ਅਨੇਕਾਂ ਘੁਟਾਲਿਆਂ ਵਿੱਚ ਸਾਮਲ ਲਾਲੂ ਪਰਸਾਦ ,ਕੱਫਨਾਂ ਵਿੱਚੋਂ ਪੈਸੇ ਖਾ ਜਾਣ ਵਾਲੇ ਨੇਤਾ ,ਦੰਗਿਆਂ ਨੂੰ ਕਰਵਾਉਣ ਦੇ ਮਾਹਰ ਲੋਕ ਆ ਬੈਠੇ ਹਨ ਤਾਂ ਦੱਸੋ ਇਹ ਥੰਮ ਕਿਹੋ ਜਿਹਾ ਹੋਵੇਗਾ। ਵਿਧਾਨ ਪਾਲਿਕਾ ਵਿੱਚ 50% ਦੇ ਕਰੀਬ ਲੋਕ ਅਦਾਲਤੀ ਕੇਸਾਂ ਵਿੱਚ ਉਲਝੇ ਹੋਏ ਹਨ। ਦੂਜਾ ਥੰਮ ਨਿਆ ਪਾਲਿਕਾ ਨੇ ਜੋ ਫੈਸਲੇ ਲੈਣੇ ਹਨ ਉਹ ਕੋਈ ਅਜਾਦ ਫੈਸਲੇ ਨਹੀਂ ਹੁੰਦੇ ਦੇਸ ਦੀ ਕੈਬਨਿਟ ਦੀ ਸਲਾਹ ਵੀ ਸਾਮਲ ਹੁੰਦੀ ਹੈ ਅਤੇ ਕਾਨੂੰਨ ਵੀ ਜੋ ਦੇਸ ਦੀ ਵਿਧਾਨ ਪਾਲਿਕਾ ਬਣਾਉਂਦੀ ਹੈ ਜਿਸ ਵਿੱਚ ਸਾਮਲ ਲੋਕਾਂ ਬਾਰੇ ਅਸੀਂ ਜਾਣਦੇ ਹੀ ਹਾਂ। ਤੀਜੇ ਵੱਡੇ ਥੰਮ ਪਰੈਸ ਜਾਂ ਮੀਡੀਆ ਦਾ ਰੋਲ ਵੀ ਅਜਾਦ ਨਹੀਂ ਹੋ ਸਕਦਾ ਕਿਉਂਕਿ ਸਰਕਾਰ ਨੇ ਦੇਸ ਦੇ ਵੱਡੇ ਮੀਡੀਆ ਗਰੁੱਪਾਂ ਨੂੰ ਸਰਕਾਰੀ ਪੈਸਾ ਇਸਤਿਹਾਰਾਂ ਦੇ ਰੂਪ ਵਿੱਚ ਦੇਕੇ ਗੁਲਾਮ ਬਣਾ ਲਆ ਹੈ। ਲੋਕ ਪੱਖੀ ਮੀਡੀਆਂ ਸਰਕਾਰੀ ਪੈਸੇ ਵਾਲੇ ਇਸਤਿਹਾਰੀ ਸਹਾਇਤਾ ਦੇ ਬਿਨਾਂ ਸਰਕਾਰੀ ਸਹਿ ਪਰਾਪਤ ਮੀਡੀਆ ਦਾ ਮੁਕਾਬਲਾ ਹੀ ਨਹੀਂ ਕਰ ਸਕਦਾ। ਸਰਕਾਰੀ ਸਹਿ ਪਰਾਪਤ ਪੰਜਾਬ ਦੇ ਵੱਡੇ ਅਖਬਾਰ ਹੀ ਦੋ ਲੱਖ ਤੋਂ ਦਸ ਲੱਖ ਤੱਕ ਦੇ ਸਰਕਾਰੀ ਇਸਤਿਹਾਰ ਰੋਜਾਨਾਂ ਛਾਪ ਕੇ ਮੋਟੇ ਅਤੇ ਵੱਡੇ ਹੋਈ ਜਾ ਰਹੇ ਹਨ ਜਦ ਕਿ ਛੋਟੇ ਅਤੇ ਨਵੇ ਅਖਬਾਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾਂ ਹੈ। ਜਦ ਤੱਕ ਛੋਟੇ ਅਤੇ ਨਵੇਂ ਅਖਬਾਰ ਸਰਕਾਰਾਂ ਦੀ ਗੁਲਾਮੀ ਕਬੂਲ ਨਹੀਂ ਕਰਦੇ ਤਦ ਤੱਕ ਉਹਨਾਂ ਨੂੰ ਬਣਦਾ ਹਿੱਸਾ ਇਸਤਿਹਾਰਾਂ ਦਾ ਨਹੀਂ ਦਿੱਤਾ ਜਾਂਦਾ । ਇਸ ਤਰਾਂ ਹੀ ਇਲੈਕਟਰੋਨਿਕ ਮੀਡੀਆ ਨਾਲ ਵੀ ਕੀਤਾ ਜਾਂਦਾਂ ਹੈ। ਸਰਕਾਰਾਂ ਦੇ ਗਲਤ ਕੰਮਾਂ ਨੂੰ ਨਸਰ ਕਰਨ ਵਾਲੇ ਚੈਨਲਾਂ ਨੂੰ ਤਾਂ ਸਹਾਇਤਾ ਤਾਂ ਕੀ ਉਲਟਾ ਪਰਸਾਰਣ ਤੋਂ ਰੋਕਣ ਲਈ ਵੀ ਸੌ ਤਰਾਂ ਦੇ ਹੱਥਕੰਡੇ ਵਰਤ ਕੇ ਰਾਹ ਰੋਕਿਆ ਜਾਂਦਾਂ ਹੈ। ਇਹੋ ਜਿਹੇ ਹਾਲਤਾਂ ਦੇ ਬਣਨ ਦਾ ਕਾਰਨ ਉੱਚੇ ਅਹਦਆਂ ਉੱਪਰ ਨੀਵੀ ਸੋਚ ਵਾਲੇ ਭੁੱਖੇ ਅਤੇ ਲੁਟੇਰੇ ਲੋਕਾਂ ਦੇ ਬੈਠਣ ਕਾਰਨ ਹੋ ਰਿਹਾ ਹੈ। ਜਦ ਤੱਕ ਨੀਵੀ ਸੋਚ ਵਾਲੇ ਲੋਕ ਰਾਜ ਸੱਤਾ ਦੇ ਮਾਲਕ ਬਣਦੇ ਰਹਿਣਗੇ ਤਦ ਤੱਕ ਆਮ ਲੋਕ ਪਿਛੜਦੇ ਹੀ ਚਲੇ ਜਾਣਗੇ ਅਤੇ ਇਹ ਹੀ ਆਮ ਭਾਰਤੀ ਦੀ ਹੋਣੀ ਬਣੀ ਰਹੇਗੀ। ਚੌਥਾ ਥੰਮ ਲੋਕਤੰਤਰ ਦਾ ਆਮ ਲੋਕ ਹਨ ਜਿਹਨਾਂ ਨੂੰ ਰੋਟੀ ਖਾਣ ਲਈ ਵੀ ਅਨਾਜ ਤੇ ਸਬਸਿਡੀ ਚਾਹੀਦੀ ਹੈ ਉਹ ਦੱਸੋ ਉੱਪਰਲੇ ਤਿੰਨੇ ਥੰਮਾਂ ਬਾਰੇ ਕੀ ਜਾਣ ਸਕੇਗਾ। ਇਸ ਗਰੀਬ ਵਰਗ ਨੂੰ ਤਾਂ ਉਸ ਦਿਨ ਲੁੱਟਣ ਦਾ ਮੌਕਾ ਨਸੀਬ ਹੁੰਦਾਂ ਹੈ ਜਦ ਬਗਾਵਤ ਹੁੰਦੀ ਹੈ ਜਾਂ ਕੁਦਰਤੀ ਕਹਿਰ ਵਰਤਦੇ ਹਨ ਜਿਸ ਵਿੱਚ ਇਸਦਾ ਕੁੱਝ ਬਿਗੜਦਾ ਨਹੀਂ ਹੁੰਦਾਂ ਸਗੋਂ ਜੇ ਬਚ ਜਾਵੇ ਤਾਂ ਕੁੱਝ ਨਾਂ ਕੁੱਝ ਥਿਆ ਜਰੂਰ ਜਾਂਦਾ ਹੈ ਜੇ ਮਰ ਜਾਵੇ ਤਾਂ ਸਦਾ ਲਈ ਮੁਕਤੀ ਹਾਸਲ ਹੋ ਜਾਂਦੀ ਹੈ ਇਸ ਝੰਝਟ ਰੂਪੀ ਲੁਟੇਰੇ ਸਮਾਜ ਤੋਂ।

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। - **ਸੰਪਾਦਕ**

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸ਼ਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com



Regina
Gurbinder Singh Gagowal
306 520 4313, 639 999 1000
Email: gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Lakha Sehajpal Daudhar
204 891 0031
431 733 3000
lakhadaudhar007@gmail.com



Winnipeg
Amritpal Singh Kang
204 218 3852
431 733 3000
just4kang@gmail.com

# ਖੇਤਰੀ ਭਾਸ਼ਾਵਾਂ ਲਈ ਇੱਕ ਹੋਰ ਖ਼ਤਰੇ ਦੀ ਘੰਟੀ

ਡਾ. ਲਖਵਿੰਦਰ ਸਿੰਘ ਜੌਹਲ

ਨਵੀਂ ਸਿੱਖਿਆ ਨੀਤੀ ਅਨੁਸਾਰ ਦੇਸ਼ ਭਰ ਦੇ ਸਕੂਲਾਂ ਵਿਚ ਖੇਤਰੀ ਭਾਸ਼ਾਵਾਂ ਦੀ ਪੜ੍ਹਾਈ ਦਾ ਮਸਲਾ ਲਗਾਤਾਰ ਇਕ ਰਹੱਸ ਬਣਿਆ ਹੋਇਆ ਹੈ। ਕੇਂਦਰੀ ਸਿੱਖਿਆ ਮੰਤਰਾਲੇ ਵਲੋਂ ਵਾਰ-ਵਾਰ ਸਪੱਸ਼ਟੀਕਰਨ ਦਿੱਤੇ ਜਾਣ ਦੇ ਬਾਵਜੂਦ ਸਕੂਲਾਂ ਵਿਚ ਭਾਸ਼ਾਵਾਂ ਦੀ ਪੜ੍ਹਾਈ ਦੀਆਂ ਤਰਜ਼ੀਹਾਂ ਅੰਗਰੇਜ਼ੀ, ਹਿੰਦੀ ਅਤੇ ਸੰਸਕ੍ਰਿਤ ਤੋਂ ਅੱਗੇ ਨਹੀਂ ਤੁਰਦੀਆਂ।

ਨਵੀਂ ਸਿੱਖਿਆ ਨੀਤੀ (2020) ਦੇ ਖਰੜੇ ਵਿਚ ਸਾਫ਼ ਤੌਰ 'ਤੇ ਲਿਖਿਆ ਗਿਆ ਹੈ ਕਿ ਸਕੂਲਾਂ ਵਿਚ ਬੱਚਿਆਂ ਨੂੰ ਵੱਖ-ਵੱਖ ਪੱਧਰਾਂ ਉੱਪਰ ਤਿੰਨ ਭਾਸ਼ਾਵਾਂ ਪੜ੍ਹਾਈਆਂ ਜਾਣਗੀਆਂ, ਜਿਨ੍ਹਾਂ ਵਿਚੋਂ ਇਕ ਹਰ ਹਾਲਤ ਵਿਚ ਸਥਾਨਕ/ਖੇਤਰੀ ਭਾਸ਼ਾ ਹੋਵੇਗੀ। ਅੱਠਵੀਂ ਜਮਾਤ ਤੱਕ ਪੜ੍ਹਾਈਆਂ ਜਾਣ ਵਾਲੀਆਂ ਤਿੰਨਾਂ ਭਾਸ਼ਾਵਾਂ ਬਾਰੇ ਫ਼ੈਸਲਾ ਕਰਨ ਦੇ ਅਧਿਕਾਰ ਸੂਬਿਆਂ ਦੇ ਸਿੱਖਿਆ ਵਿਭਾਗਾਂ ਨੂੰ ਦਿੱਤੇ ਗਏ ਹਨ। ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਤੀਸਰੀ ਭਾਸ਼ਾ ਵਾਧੂ ਵਿਸ਼ੇ ਵਜੋਂ ਪੜ੍ਹਾਈ ਜਾਣ ਦਾ ਜ਼ਿਕਰ ਕੀਤਾ ਗਿਆ ਹੈ। ਨਵੀਂ ਸਿੱਖਿਆ ਨੀਤੀ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜਿਸ ਵਿਦਿਆਰਥੀ ਨੇ ਅੱਠਵੀਂ ਜਮਾਤ ਤੱਕ ਤਿੰਨ ਭਾਸ਼ਾਵਾਂ ਦਾ ਇਮਤਿਹਾਨ ਪਾਸ ਨਹੀਂ ਕੀਤਾ ਹੋਵੇਗਾ, ਉਸ ਨੂੰ ਦਸਵੀਂ ਦੀ ਬੋਰਡ ਪ੍ਰੀਖਿਆ ਵਿਚ ਬੈਠਣ ਦਾ ਅਧਿਕਾਰ ਨਹੀਂ ਹੋਵੇਗਾ। ਨਵੀਂ ਸਿੱਖਿਆ ਨੀਤੀ ਦੀਆਂ ਇਨ੍ਹਾਂ ਮੱਦਾਂ ਦੀ ਪੁਸ਼ਟੀ ਲੋਕ ਸਭਾ ਵਿਚ ਇਕ ਸਵਾਲ ਦਾ ਜਵਾਬ ਦਿੰਦਿਆਂ ਕੇਂਦਰੀ ਸਿੱਖਿਆ ਰਾਜ ਮੰਤਰੀ ਅੰਨਪੂਰਨਾ ਦੇਵੀ ਨੇ ਵੀ ਕੀਤੀ। ਉਸ ਨੇ ਨਾਲ ਹੀ ਇਹ ਵੀ ਕਿਹਾ ਕਿ ਸਿੱਖਿਆ ਦਾ ਮਸਲਾ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਕਿਉਂਕਿ ਇਹ ਸਹਿਵਰਤੀ () ਸੂਚੀ ਵਿਚ ਸ਼ਾਮਿਲ ਹੈ। ਆਪਣੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਸੂਬਾ ਸਰਕਾਰ ਚਾਹੇ ਤਾਂ ਉਹ ਕਿਸੇ ਵੀ ਖੇਤਰੀ ਭਾਸ਼ਾ ਜਾਂ ਉੱਪ-ਭਾਸ਼ਾ ਨੂੰ ਸਕੂਲ ਸਿੱਖਿਆ ਵਿਚ ਸ਼ਾਮਿਲ ਕਰ ਸਕਦੀ ਹੈ। ਪਰ ਇਹ ਸਭ ਗੱਲਾਂ ਸਿਰਫ਼ ਕਹਿਣ ਦੀਆਂ ਹੀ ਸਾਬਤ ਹੋ ਰਹੀਆਂ ਹਨ। ਦੇਸ਼ ਭਰ ਦੇ ਸਕੂਲ ਸਿੱਖਿਆ ਬੋਰਡਾਂ ਵਲੋਂ ਖੇਤਰੀ ਭਾਸ਼ਾਵਾਂ ਪ੍ਰਤੀ ਵਿਖਾਈ ਜਾ ਰਹੀ ਪਹੁੰਚ ਇਸ ਤੋਂ ਵੱਖਰੀ ਹੈ। ਸੀ.ਬੀ.ਐੱਸ.ਈ. ਬੋਰਡ ਨਾਲ ਸੰਬੰਧਿਤ ਆਰਮੀ ਸਕੂਲਾਂ ਦਾ ਪ੍ਰਬੰਧ ਵੇਖਣ ਵਾਲੀ ਸੰਸਥਾ-ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ (15) ਵਲੋਂ ਦੇਸ਼ ਭਰ ਦੇ ਸਕੂਲਾਂ ਨੂੰ ਇਸੇ ਮਹੀਨੇ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਕਿਸੇ ਵੀ ਆਰਮੀ ਸਕੂਲ ਵਿਚ ਖੇਤਰੀ ਭਾਸ਼ਾ ਦੀ ਪੜ੍ਹਾਈ ਨਹੀਂ ਕਰਵਾਈ ਜਾਵੇਗੀ, ਇਨ੍ਹਾਂ ਸਕੂਲਾਂ ਵਿਚ ਅੰਗਰੇਜ਼ੀ-ਹਿੰਦੀ ਅਤੇ ਸੰਸਕ੍ਰਿਤ ਦੀ ਪੜ੍ਹਾਈ ਹੀ ਹੋਵੇਗੀ। ਇਨ੍ਹਾਂ ਹੁਕਮਾਂ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜੇਕਰ ਸੀ. ਬੀ. ਐਸ. ਈ. ਦੀਆਂ ਜ਼ਰੂਰਤਾਂ ਲਈ ਕੋਈ ਵਿਦਿਆਰਥੀ ਖੇਤਰੀ ਭਾਸ਼ਾ ਪੜ੍ਹਨੀ ਚਾਹੁੰਦਾ ਹੈ ਤਾਂ ਉਸ ਨੂੰ ਦਾਖ਼ਲਾ ਦੇ ਦਿੱਤਾ ਜਾਵੇ ਪਰ ਨਾਲ ਹੀ ਸਪੱਸ਼ਟ ਕਰ ਦਿੱਤਾ ਜਾਵੇ ਕਿ ਉਸ ਨੂੰ ਕੋਈ ਅਧਿਆਪਕ ਮੁਹੱਈਆ ਨਹੀਂ ਕੀਤਾ ਜਾਵੇਗਾ। ਵਿਦਿਆਰਥੀ ਖੇਤਰੀ ਭਾਸ਼ਾ ਦੀ ਪੜ੍ਹਾਈ ਆਪਣੇ ਤੌਰ 'ਤੇ ਹੀ ਕਰੇ। ਸਕੂਲਾਂ ਨੂੰ ਸਖ਼ਤ ਤਾੜਨਾ ਕੀਤੀ ਗਈ ਹੈ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਸਬੰਧਿਤ ਸਕੂਲ ਦੇ ਪ੍ਰਿੰਸੀਪਲ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਉਕਤ ਹੁਕਮਾਂ ਉਪਰੰਤ ਜਲੰਧਰ ਛਾਉਣੀ ਦੇ ਆਰਮੀ ਸਕੂਲ ਵਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਭੇਜੇ ਗਏ ਇਕ ਆਡੀਓ-ਸੁਨੇਹੇ ਵਿਚ ਵੀ ਇਹ ਗੱਲ ਸਪੱਸ਼ਟ ਕਰ ਦਿੱਤੀ ਗਈ ਹੈ ਕਿ ਜੇਕਰ ਉਨ੍ਹਾਂ ਦੇ ਬੱਚਿਆਂ ਨੇ ਆਪਣੀ ਮਾਤ-ਭਾਸ਼ਾ ਪੜ੍ਹਨੀ ਹੈ, ਤਾਂ ਉਹ ਆਪੇ ਪੜ੍ਹ ਲੈਣ। ਸਕੂਲ ਤੋਂ ਕੋਈ ਆਸ ਨਾ ਰੱਖਣ। ਸਕੂਲ ਵਲੋਂ ਅਧਿਆਪਕ ਮੁਹੱਈਆ ਨਹੀਂ ਕੀਤੇ ਜਾਣਗੇ।




ਜਲੰਧਰ ਛਾਉਣੀ ਦੇ ਇਸ ਆਰਮੀ ਸਕੂਲ ਵਿਚ 798 ਵਿਦਿਆਰਥੀ ਪੰਜਾਬੀ ਪੜ੍ਹਨ ਲਈ ਦਾਖ਼ਲ ਹੋ ਚੁੱਕੇ ਹਨ। ਚੌਥੀ ਜਮਾਤ ਵਿਚ 74, ਪੰਜਵੀਂ ਜਮਾਤ ਵਿਚ 142, ਛੇਵੀਂ ਜਮਾਤ ਵਿਚ 100, ਸੱਤਵੀਂ ਜਮਾਤ ਵਿਚ 120, ਅੱਠਵੀਂ ਜਮਾਤ ਵਿਚ 141, ਨੌਵੀਂ ਜਮਾਤ ਵਿਚ 114 ਅਤੇ ਦਸਵੀਂ ਜਮਾਤ ਵਿਚ 107 ਵਿਦਿਆਰਥੀ ਹਨ। ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਜ਼ਿੰਮੇਵਾਰ ਕੌਣ ਹੈ?

ਇਹ ਸਭ ਕੁਝ ਉਦੋਂ ਹੋ ਰਿਹਾ ਹੈ, ਜਦੋਂ ਕੇਂਦਰੀ ਸਰਕਾਰ ਲੋਕ ਸਭਾ ਵਿਚ ਨਵੀਂ ਸਿੱਖਿਆ ਨੀਤੀ ਦੀ ਵਿਆਖਿਆ ਖੇਤਰੀ ਭਾਸ਼ਾਵਾਂ ਦੇ ਹੱਕ ਵਿਚ ਕਰ ਰਹੀ ਹੈ ਅਤੇ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਲਾਗੂ ਕਰਾਉਣ ਲਈ ਭਾਸ਼ਾ ਕਾਨੂੰਨ ਵਿਚ ਤੀਜੀ ਵਾਰ ਸੋਧ ਕਰਨ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਵਿਚ ਮਾਣ ਮਹਿਸੂਸ ਕਰ ਰਹੀ ਹੈ। ਉਪਰੋਕਤ ਆਰਮੀ ਸਕੂਲ ਪੰਜਾਬ ਦੇ ਸਿੱਖਿਆ ਮੰਤਰੀ ਦੇ ਆਪਣੇ ਚੋਣ ਹਲਕੇ ਦਾ ਸਕੂਲ ਹੈ, ਜਿਥੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਮਾਪੇ ਸਕੂਲ ਅਧਿਕਾਰੀਆਂ ਦੇ ਹਾੜੇ ਕੱਢ ਰਹੇ ਹਨ। ਪਰ ਉਨ੍ਹਾਂ ਨੂੰ ਉੱਪਰ ਤੋਂ ਆਏ ਹੁਕਮ ਦੱਸ ਕੇ ਅਣਗੌਲਿਆਂ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਦੇ ਸੈਕੰਡਰੀ ਐਜੂਕੇਸ਼ਨ ਦੇ ਡੀ.ਪੀ.ਆਈ. ਵਲੋਂ ਸੀ.ਬੀ.ਐਸ.ਈ. ਅਤੇ ਆਈ. ਸੀ.ਐਸ.ਈ. ਨੂੰ ਲਿਖੇ ਗਏ ਇਕ ਪੱਤਰ ਅਨੁਸਾਰ ਪੰਜਾਬ ਦੀ ਹੱਦ ਵਿਚ ਪੈਂਦੇ ਇਨ੍ਹਾਂ ਬੋਰਡਾਂ ਨਾਲ ਸੰਬੰਧਿਤ ਸਾਰੇ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਪੰਜਾਬੀ ਭਾਸ਼ਾ ਦੀ ਪੜ੍ਹਾਈ ਜ਼ਰੂਰੀ ਕਰਵਾਉਣ ਲਈ ਕਿਹਾ ਗਿਆ ਹੈ ਕਿਉਂਕਿ 'ਪੰਜਾਬ ਲਰਨਿੰਗ ਆਫ਼ ਪੰਜਾਬੀ ਅਤੇ ਅਦਰ ਲੈਂਗੂਏਜਿਜ਼ ਐਕਟ 2008' ਅਨੁਸਾਰ ਅਜਿਹਾ ਕਰਨਾ ਜ਼ਰੂਰੀ ਹੈ।

ਦੇਸ਼ ਭਰ ਵਿਚ 137 ਆਰਮੀ ਸਕੂਲ ਹਨ, ਜਿਨ੍ਹਾਂ ਦਾ ਪ੍ਰਬੰਧ ਸਕੂਲ ਐਡਮਿਨਸਟ੍ਰੇਸ਼ਨ ਅਤੇ ਪ੍ਰਬੰਧਕੀ ਕਮੇਟੀਆਂ ਚਲਾਉਂਦੀਆਂ ਹਨ, ਇਹ ਅੱਗੋਂ ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਦਿੱਲੀ ਦੀ ਦੇਖ-ਰੇਖ ਨਾਲ ਜੁੜੇ ਹੋਏ ਹਨ। ਆਰਮੀ ਪਬਲਿਕ ਸਕੂਲਾਂ ਦੀ ਇਹ ਲੜੀ ਦੇਸ਼ ਵਿਚ ਸਭ ਤੋਂ ਵੱਡੀ ਲੜੀ ਹੈ। ਅੱਗੋਂ ਇਸ ਦੇ ਪ੍ਰਬੰਧ ਅਧੀਨ 249 ਆਰਮੀ ਪ੍ਰੀ-ਪ੍ਰਾਇਮਰੀ ਸਕੂਲ ਹਨ ਅਤੇ ਕੁਝ ਉੱਚ ਸਿੱਖਿਆ ਸੰਸਥਾਵਾਂ ਵੀ ਹਨ। ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ (15) ਦੀ ਸਥਾਪਨਾ 1983 ਵਿਚ ਕੀਤੀ ਗਈ ਸੀ ਪਰ ਆਰਮੀ ਪਬਲਿਕ ਸਕੂਲਾਂ ਦੀ ਸਥਾਪਨਾ 1974 ਤੋਂ ਹੀ ਸ਼ੁਰੂ ਹੋ ਗਈ ਸੀ। ਪਹਿਲਾਂ ਇਨ੍ਹਾਂ ਨੂੰ ਸਥਾਨਕ ਪ੍ਰਬੰਧਕ ਕਮੇਟੀਆਂ ਹੀ ਚਲਾਉਂਦੀਆਂ ਸਨ। ਇਸ ਵੇਲੇ ਦੇਸ਼ ਭਰ ਵਿਚ ਲਗਭਗ ਦਸ ਹਜ਼ਾਰ ਅਧਿਆਪਕ ਅਤੇ ਢਾਈ ਲੱਖ ਵਿਦਿਆਰਥੀ ਇਨ੍ਹਾਂ ਸਕੂਲਾਂ ਵਿਚ ਹਨ। ਹਰ ਸਾਲ ਔਸਤਨ ਪੰਜ ਹਜ਼ਾਰ ਵਿਦਿਆਰਥੀ ਇਨ੍ਹਾਂ ਸਕੂਲਾਂ ਵਿਚੋਂ ਸਿੱਖਿਆ ਪ੍ਰਾਪਤ ਕਰਕੇ ਸਿਵਲ ਅਤੇ ਆਰਮੀ ਦੇ ਉੱਚ-ਅਹੁਦਿਆਂ ਤੱਕ ਪਹੁੰਚਦੇ ਹਨ। ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਕੰਮ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਦਾ ਜਾਇਜ਼ਾ ਲਈਏ ਤਾਂ ਹਰ ਸਕੂਲ ਵਿਚ ਚਾਰ ਤੋਂ ਅੱਠ ਤੱਕ ਖੇਤਰੀ ਭਾਸ਼ਾਵਾਂ ਪੜ੍ਹਾਉਣ ਵਾਲੇ ਅਧਿਆਪਕ ਹਨ। ਉਕਤ ਫ਼ੈਸਲੇ ਨਾਲ ਨਾ ਸਿਰਫ ਨਵੀਂ ਪੀੜ੍ਹੀ ਦਾ ਆਪਣੀ ਮਾਤ-ਭਾਸ਼ਾ ਤੋਂ ਵਿਰਵੇ ਹੋਣ ਦਾ ਖ਼ਤਰਾ ਹੈ, ਸਗੋਂ ਖੇਤਰੀ ਭਾਸ਼ਾਵਾਂ ਨੂੰ ਰੁਜ਼ਗਾਰ ਨਾਲੋਂ ਤੋੜਨ ਦੀ ਗਹਿਰੀ ਸਾਜਿਸ਼ ਵੀ ਹੈ। ਇਹ ਮੰਨਿਆ ਪ੍ਰਮੰਨਿਆ ਤੱਥ ਹੈ ਕਿ ਜਿੰਨਾ ਚਿਰ ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜ ਕੇ ਨਹੀਂ ਦੇਖਿਆ ਜਾਵੇਗਾ ਓਨਾ ਚਿਰ ਭਾਸ਼ਾ ਦੀ ਪ੍ਰਗਤੀ ਦਾ ਮਸਲਾ ਸਿਰਫ ਖਿਆਲੀ ਅਤੇ ਜਜ਼ਬਾਤੀ ਹੀ ਬਣਿਆ ਰਹੇਗਾ ਅਤੇ ਸਮਾਜ ਸੱਭਿਆਚਾਰ ਦੀਆਂ ਹਕੀਕਤਾਂ ਇਸ ਤੋਂ ਉਲਟੀਆਂ ਹੋਣਗੀਆਂ। ਕੇਂਦਰ ਅਤੇ ਸੂਬਾ ਸਰਕਾਰਾਂ ਦੀਆਂ ਅਣਗਹਿਲੀਆਂ ਅਤੇ ਮਾਤ-ਭਾਸ਼ਾਵਾਂ ਪ੍ਰਤੀ ਬੇਮੁੱਖਤਾ ਖੇਤਰੀ ਭਾਸ਼ਾਵਾਂ ਦੇ ਭਵਿੱਖ ਉੱਤੇ ਵੱਡੇ ਸਵਾਲੀਆ ਨਿਸ਼ਾਨ ਲਗਾ ਰਹੀ ਹੈ।

# ਮੇਰੀ ਅੰਮੜੀ ਬਾਝੋਂ ਨੀਂ, ਮੈਂ ਸਭ ਨੇ ਝਿੜਕੀ



ਹੌਲਦਾਰ ਸੰਤੋਖ ਪਾਲ
ਪੰਜਾਬ ਪੁਲਿਸ, ਜ਼ਿਲ੍ਹਾ ਬਰਨਾਲਾ।
80540-10233

ਰਸੋਈ ਵਿੱਚ ਭਾਂਡੇ ਸਾਫ ਕਰ ਰਹੀ ਸੁਰਜੀਤ ਕੌਰ ਦੇ ਹੱਥ ਵਿੱਚੋਂ ਕੱਚ ਦਾ ਗਿਲਾਸ ਡਿੱਗ ਕੇ ਟੁੱਟ ਗਿਆ। ਗਿਲਾਸ ਟੁੱਟਣ ਦੀ ਆਵਾਜ ਸੁਣ ਕੇ ਬਾਹਰ ਚੌਂਤਰੇ 'ਤੇ ਬੈਠੀ ਸੁਰਜੀਤ ਕੌਰ ਦੀ ਨੂੰਹ ਨੇ ਉਸਨੂੰ ਟੋਕਦਿਆਂ ਕਿਹਾ, "ਬੀਬੀ, ਜੇ ਨਹੀਂ ਕੰਮ ਹੁੰਦਾ ਤਾਂ ਐਂਵੇਂ ਪੰਗੇ ਨਾ ਲਿਆ ਕਰ, ਹਰੇਕ ਕੰਮ ਵਿੱਚ ਲੱਤ ਅੜਾਉਣੀ ਐਂ ਤੂੰ, ਰੋਜ ਕੋਈ ਨਾ ਕੋਈ ਨੁਕਸਾਨ ਕਰ ਦੇਨੀ ਐਂ।" ਇਤਨੇ ਵਿੱਚ ਸੁਰਜੀਤ ਕੌਰ ਦਾ ਲੜਕਾ ਹਰਮਨ ਨਹਾ ਕੇ ਬਾਥਰੂਮ ਵਿੱਚੋਂ ਬਾਹਰ ਨਿਕਲਿਆ ਤਾਂ ਉਸਦੀ ਘਰਵਾਲੀ ਨੇ ਆਪਣੀ ਸੱਸ ਦੀਆਂ ਸਕਿਾਇਤਾਂ ਲਾਉਣੀਆਂ ਸੁਰੂ ਕਰ ਦਿੱਤੀਆਂ ਪਰ ਜਲਦੀ ਵਿੱਚ ਹੋਣ ਕਰਕੇ ਉਸਨੇ ਆਪਣੀ ਘਰਵਾਲੀ ਦੀਆਂ ਗੱਲਾਂ ਅਣਸੁਣੀਆਂ ਕਰ ਦਿੱਤੀਆਂ। ਉਹ ਫਟਾਫਟ ਤਿਆਰ ਹੋ ਕੇ ਆਪਣੀ ਘਰਵਾਲੀ ਨੂੰ ਇਹ ਕਹਿੰਦਾ ਹੋਇਆ ਘਰੋਂ ਚਲਾ ਗਿਆ ਕਿ "ਮਾਂ ਤਾਂ ਝੱਲੀ ਐ, ਤੂੰ ਤਾਂ ਚੁੱਪ ਕਰ ਜਾਇਆ ਕਰ।" ਹਰਮਨ ਨਾਲ ਦੇ ਹੀ ਕਿਸੇ ਪਿੰਡ ਵਿੱਚ ਸਰਕਾਰੀ ਮਾਸਟਰ ਲੱਗਾ ਹੋਇਆ ਸੀ। ਉਹ ਮੇਰੇ ਭਤੀਜਿਆਂ ਦੀ ਥਾਂ ਲੱਗਦਾ ਸੀ। ਬਾਅਦ ਵਿੱਚ ਸੁਰਜੀਤ ਕੌਰ ਦੀ ਨੂੰਹ ਉਸਨੂੰ ਬਹੁਤ ਮੰਦਾ ਚੰਗਾ ਬੋਲੀ। ਮੰਦੇ ਚੰਗੇ ਬੋਲ ਬੋਲਦੀ ਹੋਈ ਉਹ ਆਪਣੇ ਛੇ ਸਾਲ ਦੇ ਮੁੰਡੇ ਕਰਨਵੀਰ ਨੂੰ ਬਾਂਹ ਤੋਂ ਫੜ ਕੇ ਆਪਣੇ ਕਮਰੇ ਅੰਦਰ ਜਾ ਬੈਠੀ। ਸੁਰਜੀਤ ਕੌਰ ਅਤੇ ਉਸਦੀ ਨੂੰਹ ਵਿਚਕਾਰ ਇਹ ਹਰ ਰੋਜ ਦੀ ਲੜਾਈ ਸੀ। ਭਰੇ ਹੋਏ ਮਨ ਨਾਲ ਕੱਚ ਦੇ ਗਿਲਾਸ ਦੇ ਟੁਕੜੇ ਫਰਸ ਤੋਂ ਚੁੱਕਦਿਆਂ ਸੁਰਜੀਤ ਕੌਰ ਦਾ ਧਿਆਨ ਬਰਾਂਡੇ ਵਿੱਚ ਟੰਗੀਆਂ ਕੁਝ ਪੁਰਾਣੀਆਂ ਬਲੈਕ ਐਂਡ ਵਾਈਟ ਫੋਟੋਆਂ ਵੱਲ ਚਲਾ ਗਿਆ।

ਕਿਸੇ ਸਮੇਂ ਸਾਡੇ ਪਿੰਡ ਵਿੱਚ ਤਾਏ ਦਲੀਪ ਸਿੰਘ ਦੀ ਬਹੁਤ ਚੜ੍ਹਾਈ ਹੋਇਆ ਕਰਦੀ ਸੀ ਕਿਉਂਕਿ ਫੌਜ ਵਿੱਚ ਨੌਕਰੀ ਕਰਨ ਵਾਲਾ ਉਹ ਪਿੰਡ ਦਾ ਪਹਿਲਾ ਵਿਅਕਤੀ ਸੀ। ਤਾਏ ਦਲੀਪ ਸਿੰਘ ਦਾ ਲੜਕਾ ਸੀ ਹਾਕਮ ਸਿੰਘ ਜੋ ਉਹ ਵੀ ਆਪਣੇ ਪਿਤਾ ਵਾਂਗ ਸੋਹਣਾ, ਸੁਨੱਖਾ ਅਤੇ ਤਕੜਾ ਜਵਾਨ ਸੀ। ਤਾਇਆ ਦਲੀਪ ਸਿੰਘ ਫੌਜ ਵਿੱਚ ਨੌਕਰੀ ਕਰਦਾ ਸੀ, ਜਿਸ ਕਰਕੇ ਹਾਕਮ ਸਿੰਘ ਅਤੇ ਉਸ ਦੀ ਮਾਂ ਤਾਈ ਮੁਖਤਿਆਰ ਕੌਰ ਦੋਵੇਂ ਘਰ ਵਿੱਚ ਇਕੱਲੇ ਹੀ ਰਹਿੰਦੇ ਸਨ। ਸਾਇਦ ਇਸੇ ਕਰਕੇ ਹਾਕਮ ਸਿੰਘ ਨੌਕਰੀ ਨਹੀਂ ਕਰਨੀ ਚਾਹੁੰਦਾ ਸੀ। ਤਾਈ ਮੁਖਤਿਆਰ ਕੌਰ ਤਾਂ ਛੇਤੀ ਹੀ ਤਾਏ ਦਲੀਪ ਸਿੰਘ ਦਾ ਸਾਥ ਛੱਡ ਕੇ ਪਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੀ ਸੀ। ਤਾਈ ਨੂੰ ਕੈਂਸਰ ਦੀ ਬਿਮਾਰੀ ਲੈ ਬੈਠੀ। ਹਾਕਮ ਸਿੰਘ ਆਪਣੇ ਚਾਚੇ-ਤਾਇਆਂ ਦੀ ਛਤਰ-ਛਾਇਆ ਹੇਠ ਵੱਡਾ ਹੋਇਆ।

ਇੱਕ ਵਾਰ ਸਾਡੇ ਪਿੰਡ ਵਿੱਚ ਪਹਿਲਵਾਨਾਂ ਦਾ ਅਖਾੜਾ ਲੱਗਿਆ। ਉਹਨਾਂ ਵਿੱਚੋਂ ਇੱਕ ਪਹਿਲਵਾਨ ਬਹੁਤ ਮਸਤਿਆ ਹੋਇਆ ਸੀ। ਉਸ ਨੇ ਝੰਡੀ ਗੱਡ ਦਿੱਤੀ 'ਤੇ ਕਹਿੰਦਾ ਕਿ ਸਾਰੇ ਪਿੰਡ ਵਿੱਚ ਉਸ ਨਾਲ ਮੱਥਾ ਲਾਉਣ ਵਾਲਾ ਕੋਈ ਹੈ ਤਾਂ ਆ ਜਾਵੇ। ਉਸ ਦਿਨ ਪਿੰਡ ਦੇ ਸਕੂਲ ਵਿੱਚ ਪਹਿਲਵਾਨਾਂ ਦੇ ਘੋਲ ਦੇਖਣ ਲਈ ਸਾਰਾ ਪਿੰਡ ਇਕੱਠਾ ਹੋਇਆ ਸੀ। ਹਾਕਮ ਸਿੰਘ ਨੇ ਉਸ ਪਹਿਲਵਾਨ ਦੀ ਝੰਡੀ ਅੱਗੇ ਹੋ ਕੇ ਫੜੀ ਸੀ। ਜਦੋਂ ਹਾਕਮ ਸਿੰਘ ਨੇ ਦੋ-ਤਿੰਨ ਵਾਰ ਪਟਕਾ ਕੇ ਜਮੀਨ ਨਾਲ ਮਾਰਿਆ ਤਾਂ ਉਸ ਪਹਿਲਵਾਨ ਨੇ ਮਿਨਤਾਂ ਕਰਕੇ ਆਪਣੀ ਜਾਨ ਛੁਡਾਈ ਸੀ। ਪਿੰਡ ਦੇ ਲੋਕਾਂ ਨੇ ਦੋ ਮਨ ਘਿਓ ਇਕੱਠਾ ਕਰਕੇ ਹਾਕਮ ਸਿੰਘ ਨੂੰ ਇਨਾਮ ਵਜੋਂ ਦਿੱਤਾ ਸੀ। ਤਾਏ ਦਲੀਪ ਸਿੰਘ ਨੇ ਸੁਰਜੀਤ ਕੌਰ ਦੇ ਮਾਪਿਆਂ ਤੋਂ ਉਹਨਾਂ ਦੀ ਇਕਲੌਤੀ ਧੀ ਦਾ ਰਿਸਤਾ ਮੰਗ ਕੇ ਲਿਆ ਸੀ। ਉਸਨੇ ਸੁਰਜੀਤ ਕੌਰ ਨੂੰ ਆਪਣੇ ਕਿਸੇ ਦੋਸਤ ਦੇ ਵਿਆਹ ਵਿੱਚ ਦੇਖਿਆ ਸੀ ਅਤੇ ਉਦੋਂ ਤੋਂ ਹੀ ਉਹ ਉਸ ਨੂੰ ਆਪਣੀ ਨੂੰਹ ਬਣਾਉਣੀ ਚਾਹੁੰਦਾ ਸੀ। ਉਹਨਾਂ ਸਮਿਆਂ ਵਿੱਚ ਵੀ ਸੁਰਜੀਤ ਕੌਰ ਦੇ ਪੇਕਿਆਂ ਨੇ ਬਰਾਤ ਦੀ ਦੋ ਦਿਨ ਖੂਬ ਸੇਵਾ ਕੀਤੀ ਸੀ। ਜਦੋਂ ਸੁਰਜੀਤ ਕੌਰ ਪਿੰਡ ਵਿੱਚ ਵਿਆਹ ਕੇ ਆਈ ਸੀ ਤਾਂ ਆਪਣੇ ਹਾਣ ਦੀਆਂ ਨਵੀਆਂ ਵਿਆਹੀਆਂ ਕੁੜੀਆਂ ਵਿੱਚੋਂ ਉਹ ਸਭ ਤੋਂ ਸੋਹਣੀ ਸੀ। ਪਿੰਡ ਦੇ ਮੁੰਡੇ ਇੱਕ ਵਾਰ ਉਸ ਦਾ ਮੂੰਹ ਵੇਖਣ ਨੂੰ ਤਰਸਦੇ ਸੀ। ਤਾਏ ਦਲੀਪ ਸਿੰਘ ਦੇ ਸਖਤ ਸੁਭਾਅ ਤੋਂ ਡਰਦੀਆਂ ਪਿੰਡ ਦੀਆਂ ਔਰਤਾਂ ਨਵੀਂ ਵਿਆਹੀ ਵਹੁਟੀ ਨੂੰ ਵਾਰ-ਵਾਰ ਦੇਖਣ ਲਈ ਕਿਸੇ ਨਾ ਕਿਸੇ ਬਹਾਨੇ ਉਹਨਾਂ ਦੇ ਘਰ ਆਉਂਦੀਆਂ ਰਹਿੰਦੀਆਂ। ਸੁਰਜੀਤ ਕੌਰ ਆਪਣੀ ਸਿਆਣਪ ਅਤੇ ਮਿਲਾਪੜੇ ਸੁਭਾਅ ਨਾਲ ਸਭ ਨੂੰ ਕੀਲ ਕੇ ਰੱਖ ਦਿੰਦੀ ਅਤੇ ਉੱਤੋਂ ਰੱਬ ਨੇ ਰੰਗ ਰੂਪ ਵੀ ਰੱਜਵਾਂ ਦਿੱਤਾ ਸੀ। ਉਹ ਦਸ ਜਮਾਤਾਂ ਪਾਸ ਸੀ ਅਤੇ ਨੱਚਣ-ਟੱਪਣ ਦੀ ਸੌਕੀਨ ਸੀ। ਪਿੰਡ ਵਿੱਚ ਵਿਆਹਾਂ ਸਾਦੀਆਂ ਦੌਰਾਨ ਉਹ ਖੂਬ




ਰੌਣਕਾਂ ਲਗਾ ਕੇ ਰੱਖਦੀ। ਉਸਦੇ ਪਿਤਾ ਮਾਸਟਰ ਰਿਟਾਇਰ ਹੋਏ ਸਨ। ਮਾਤਾ-ਪਿਤਾ ਵੱਲੋਂ ਦਿੱਤੇ ਹੋਏ ਸੰਸਕਾਰ ਉਸਦੇ ਸੁਭਾਅ ਵਿੱਚੋਂ ਸਾਫ ਝਲਕਦੇ ਸਨ। ਹਾਕਮ ਸਿੰਘ ਨੇ ਖੇਤੀਬਾੜੀ ਦੇ ਕੰਮ-ਕਾਰ ਦੇ ਨਾਲ-ਨਾਲ ਘਰ ਵਿੱਚ ਮੱਝਾਂ ਵੀ ਰੱਖੀਆਂ ਹੋਈਆਂ ਸਨ। ਇੱਕ ਤੋਂ ਇੱਕ ਸੋਹਣੀ ਝੋਟੀ ਉਸਦੇ ਘਰ ਦਾ ਸ਼ਿੰਗਾਰ ਹੁੰਦੀ ਸੀ। ਕੁਝ ਸਰੀਕੇ ਵਾਲੇ ਇਸ ਗੱਲ ਤੋਂ ਬੜੇ ਦੁਖੀ ਸਨ ਕਿ ਇੱਕ ਤਾਂ ਹਾਕਮ ਸਿੰਘ ਪਹਿਲਾਂ ਹੀ ਉਹਨਾਂ ਨਾਲੋਂ ਸੌਖਾ ਸੀ ਅਤੇ ਦੂਜਾ ਘਰਵਾਲੀ ਵੀ ਸੋਹਣੀ ਅਤੇ ਸਿਆਣੀ ਮਿਲ ਗਈ। ਕਿਸੇ ਨੂੰ ਸੁਖੀ ਵਸਦਾ ਦੇਖ ਕੋਈ ਵੀ ਸਰੀਕ ਵਾਲਾ ਖੁਸ ਨਹੀਂ ਹੁੰਦਾ। ਬੱਸ ਇਸੇ ਗੱਲ ਕਰਕੇ ਵਿਆਹ ਤੋਂ ਬਾਅਦ ਸਰੀਕੇ ਵਾਲੇ ਹਾਕਮ ਸਿੰਘ ਨਾਲ ਖਾਰ ਖਾਂਦੇ ਰਹੇ।

ਕਈ ਸਾਲ ਬੀਤ ਗਏ ਪਰ ਹਾਕਮ ਸਿਉਂ ਦੇ ਘਰ ਕੋਈ ਔਲਾਦ ਪੈਦਾ ਨਾ ਹੋਈ। ਸਿਆਣੇ ਕਹਿੰਦੇ ਹਨ ਕਿ ਲੋਕਾਂ ਦੀਆਂ ਨਜਰਾਂ ਤਾਂ ਕੰਧਾਂ ਪਾੜ ਕੇ ਰੱਖ ਦਿੰਦੀਆਂ ਨੇ। ਸਾਇਦ ਸੁਰਜੀਤ ਕੌਰ ਦੀ ਕੁੱਖ ਨੂੰ ਵੀ ਇਹਨਾਂ ਨਜਰਾਂ ਨੇ ਹਰੀ ਭਰੀ ਨਾ ਹੋਣ ਦਿੱਤਾ। ਜਿਸ ਕਰਕੇ ਉਹ ਕੁਝ ਉਦਾਸ ਰਹਿਣ ਲੱਗੀ। ਜਿਹੜੇ ਸਰੀਕੇ ਵਾਲੇ ਹਾਕਮ ਸਿੰਘ ਤੋਂ ਸੜਦੇ ਸਨ, ਉਹਨਾਂ ਨੂੰ ਗੱਲਾਂ ਬਣਾਉਣ ਦਾ ਮੌਕਾ ਮਿਲ ਗਿਆ। ਔਲਾਦ ਪ੍ਰਾਪਤੀ ਲਈ ਗੁਰੂਆਂ ਪੀਰਾਂ ਦੇ ਦਰ 'ਤੇ ਬਹੁਤ ਸੁੱਖਾਂ ਸੁੱਖੀਆਂ ਪਰ ਕਿਤੋਂ ਵੀ ਝੋਲੀ ਨਾ ਭਰੀ। ਸੁਰਜੀਤ ਕੌਰ ਦੇ ਸਬਰ ਦਾ ਬੰਨ੍ਹ ਹੁਣ ਟੁੱਟਣ ਲੱਗਾ ਸੀ ਕਿਉਂਕਿ ਇੱਕ ਔਰਤ ਲਈ ਔਲਾਦ ਦੀ ਪ੍ਰਾਪਤੀ ਹੀ ਸਭ ਤੋਂ ਵੱਡਾ ਸੁੱਖ ਹੁੰਦੀ ਹੈ, ਨਹੀਂ ਤਾਂ ਲੋਕ ਉਸ ਦੇ ਨਾਮ ਨਾਲ ਅਜਿਹੇ ਸਬਦ ਜੋੜ ਦਿੰਦੇ ਹਨ ਜੋ ਕਿਸੇ ਵੀ ਔਰਤ ਲਈ ਸੁਣਨੇ ਮੁਸਕਿਲ ਹੋ ਜਾਂਦੇ ਹਨ। ਤਾਇਆ ਵੀ ਆਪਣੇ ਪੋਤਰੇ ਨੂੰ ਗੋਦੀ ਵਿੱਚ ਚੁੱਕ ਕੇ ਖਿਡਾਉਣਾ ਚਾਹੁੰਦਾ ਸੀ ਪਰ ਸੂਗਰ ਦੀ ਬਿਮਾਰੀ ਕਾਰਨ ਉਸਦੀ ਸਿਹਤ ਦਿਨੋਂ-ਦਿਨ ਵਿਗੜਦੀ ਜਾ ਰਹੀ ਸੀ। ਤਾਏ ਦੀ ਦਿਨ ਰਾਤ ਸੇਵਾ ਕਰਦਿਆਂ ਸੁਰਜੀਤ ਕੌਰ ਨੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਇੱਕ ਪੰਜਾਬੀ ਔਰਤ ਮਰਦੇ ਸਮੇਂ ਤੱਕ ਆਪਣੇ ਉਸ ਘਰ ਪ੍ਰਤੀ ਵਫਾਦਾਰ ਰਹਿੰਦੀ ਹੈ, ਜਿਸ ਘਰ ਵਿੱਚ ਉਹ ਵਿਆਹ ਕੇ ਆਈ ਹੁੰਦੀ ਹੈ। ਇਸ ਜੰਿਮੇਵਾਰੀ ਨੂੰ ਸੁਰਜੀਤ ਕੌਰ ਨੇ ਬਾਖੂਬੀ ਨਿਭਾਇਆ। ਉਸਦੀ ਸਿਆਣਪ ਅਤੇ ਸਹਿਣਸੀਲਤਾ ਦੇਖ ਕੇ ਤਾਏ ਨੇ ਵੀ ਹਮੇਸਾ ਉਸ ਨੂੰ ਆਪਣੀਆਂ ਧੀਆਂ ਵਾਂਗ ਰੱਖਿਆ। ਇਹ ਸਭ ਕੁਝ ਦੇਖ ਕੇ ਹਾਕਮ ਸਿੰਘ ਦਾ ਕੰਮ ਕਰਨ ਦਾ ਹੌਂਸਲਾ ਹੋਰ ਵਧ ਜਾਂਦਾ ਅਤੇ ਉਹ ਸੁਰਜੀਤ ਕੌਰ ਨੂੰ ਖੁਸ ਰੱਖਣ ਦੀ ਹਰ ਸੰਭਵ ਕੋਸਸਿ ਕਰਦਾ। ਤਾਏ ਦੀ ਸਿਹਤ ਖਰਾਬ ਹੋਣ ਕਰਕੇ ਅਸੀਂ ਉਸ ਨੂੰ ਸਹਿਰ ਦੇ ਕਿਸੇ ਵੱਡੇ ਹਸਪਤਾਲ ਵਿੱਚ ਦਾਖਲ ਕਰਵਾਇਆ ਪਰ ਸੂਗਰ ਦੀ ਬਿਮਾਰੀ ਨੇ ਉਸਦੀ ਜੰਿਦਗੀ ਦਾ ਸਫਰ ਜਲਦੀ ਖਤਮ ਕਰ ਦਿੱਤਾ। ਸਾਰੇ ਪਿੰਡ ਨੇ ਦੇਖਿਆ ਸੀ ਕਿ ਤਾਏ ਦਲੀਪ ਸਿੰਘ ਦੀ ਅਰਥੀ 'ਤੇ ਸੁਰਜੀਤ ਕੌਰ ਇਸ ਤਰ੍ਹਾਂ ਰੋਈ ਸੀ, ਮੰਨੋਂ ਉਸਦਾ ਆਪਣਾ ਪਿਤਾ ਇਸ ਦੁਨੀਆਂ ਤੋਂ ਰੁਖਸਤ ਹੋਇਆ ਹੋਵੇ। ਸੁਰਜੀਤ ਕੌਰ ਦੇ ਮਾਪਿਆਂ ਨੂੰ ਉਸ ਦਿਨ ਆਪਣੀ ਧੀ 'ਤੇ ਮਾਣ ਮਹਿਸੂਸ ਹੋ ਰਿਹਾ ਸੀ, ਜਦੋਂ ਤਾਏ ਦੇ ਭੋਗ ਵਾਲੇ ਦਿਨ ਪਿੰਡ ਦੇ ਲੋਕ ਸੁਰਜੀਤ ਕੌਰ ਦੀਆਂ ਤਰੀਫਾਂ ਕਰ ਰਹੇ ਸਨ। ਲੋਕ ਗੱਲਾਂ ਕਰਦੇ ਸਨ ਕਿ ਨੂੰਹ ਹੋਵੇ ਤਾਂ ਸੁਰਜੀਤ ਕੌਰ ਵਰਗੀ ਹੋਵੇ। ਦਲੀਪ ਸਿੰਘ ਦੀ ਮੌਤ ਤੋਂ ਬਾਅਦ ਹਾਕਮ ਸਿੰਘ ਅਤੇ ਸੁਰਜੀਤ ਕੌਰ ਦੋਵੇਂ ਜੀਅ ਘਰ ਵਿੱਚ ਇਕੱਲੇ ਰਹਿ ਗਏ। ਹਾਕਮ ਸਿੰਘ ਨੂੰ ਇਸ ਗੱਲ ਦਾ ਬਹੁਤ ਸਦਮਾ ਲੱਗਾ ਅਤੇ ਹੁਣ ਉਸ ਦਾ ਆਪਣੇ ਕੰਮ-ਕਾਰ ਵਿੱਚ ਮਨ ਵੀ ਘੱਟ ਹੀ ਲੱਗਦਾ ਸੀ।

ਸਮਾਂ ਬੀਤਦਾ ਗਿਆ ਅਤੇ ਕੁਝ ਸਮੇਂ ਬਾਅਦ ਸੁਰਜੀਤ ਕੌਰ ਨੂੰ ਉਸਦੀ ਕੀਤੀ ਹੋਈ ਸੇਵਾ ਦਾ ਫਲ ਮਿਲਿਆ। ਹਾਕਮ ਸਿੰਘ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ, ਜਿਸ ਦਾ ਨਾਮ ਹਰਮਨਦੀਪ ਸਿੰਘ ਰੱਖਿਆ ਗਿਆ। ਘਰ ਵਿੱਚ ਦੁਬਾਰਾ ਰੌਣਕਾਂ ਲੱਗੀਆਂ। ਹਾਕਮ ਸਿਉਂ ਦੇ ਘਰ ਪੁੱਤਰ ਹੋਣ ਦੀ ਖੁਸ਼ੀ ਵਿੱਚ ਲੋਹੜੀ ਵੰਡੀ ਗਈ। ਇਸ ਖੁਸ਼ੀ ਵਿੱਚ ਸਰੀਕੇ ਵਾਲਿਆਂ ਨੂੰ ਛੱਡ ਕੇ ਬਾਕੀ ਸਾਰਾ ਪਿੰਡ ਸਾਮਲ ਹੋਇਆ ਸੀ। ਹਰਮਨਦੀਪ ਵੱਡਾ ਹੋਇਆ। ਸੁਰਜੀਤ ਕੌਰ ਦੇ ਕੰਨ ਜਿਸ ਸਬਦ ਨੂੰ ਸੁਣਨ ਲਈ ਤਰਸੇ ਪਏ ਸਨ, ਪੁੱਤਰ ਦੇ ਮੂੰਹ ਤੋਂ "ਮਾਂ" ਸਬਦ ਸੁਣ ਕੇ ਉਸਦੀ ਆਤਮਾ ਨੂੰ ਸਕੂਨ ਮਿਲਦਾ। ਸੁਰਜੀਤ ਕੌਰ ਨੇ ਆਪਣੇ ਪੁੱਤਰ ਨੂੰ ਚੰਗੀ ਸਿੱਖਿਆ ਦੇਣ ਵਿੱਚ ਕੋਈ ਕਸਰ ਨਾ ਛੱਡੀ। ਪਹਿਲਾਂ ਪਿੰਡ ਦੇ ਸਕੂਲ ਅਤੇ ਫਿਰ ਸਹਿਰ ਕਾਲਜ ਵਿੱਚ ਪੜ੍ਹਦਿਆਂ ਹਰਮਨਦੀਪ ਨੇ ਆਪਣੀ ਪੜ੍ਹਾਈ ਪੂਰੀ ਕੀਤੀ। ਆਪਣੇ ਪੁੱਤਰ ਨੂੰ ਜਵਾਨ ਹੁੰਦਾ ਦੇਖ ਮਾਤਾ-ਪਿਤਾ ਦੇ ਮਨ ਵਿੱਚ ਉਸਦੇ ਵਿਆਹ ਬਾਰੇ ਵਿਚਾਰ ਆਉਣ ਲੱਗ ਜਾਂਦੇ ਹਨ। ਹਾਕਮ ਸਿੰਘ ਵੀ ਸੋਚਦਾ ਕਿ ਉਸ ਦੇ ਘਰ ਵੀ ਇੱਕ ਇਹੋ ਜਿਹੀ ਨੂੰਹ ਆਵੇ ਜੋ ਸੁਰਜੀਤ ਕੌਰ ਦੀ ਤਰ੍ਹਾਂ ਬੁਢਾਪੇ ਵਿੱਚ ਉਹਨਾਂ ਦੀ ਸੇਵਾ ਕਰੇ। ਸੁਰਜੀਤ ਕੌਰ ਦਾ ਪੁੱਤਰ ਵੀ ਸਾਰੇ ਪਿੰਡ ਦੇ ਮੁੰਡਿਆਂ ਨਾਲੋਂ ਸੁਨੱਖਾ ਸੀ। ਜਿਹੜੇ ਸਰੀਕੇ ਵਾਲੇ ਪਹਿਲਾਂ ਹੀ ਹਾਕਮ ਸਿੰਘ ਦੀ ਖੁਸ਼ੀ ਬਰਦਾਸਤ ਨਹੀਂ ਕਰ ਸਕਦੇ ਸਨ, ਉਹਨਾਂ ਨੂੰ ਇਹ ਗੱਲ ਕਿਵੇਂ ਹਾਜਮ ਹੋ ਸਕਦੀ ਸੀ। ਉਹਨਾਂ ਨੇ ਹਰਮਨਦੀਪ ਨੂੰ ਪੁੱਠੇ ਰਸਤੇ ਪਾਉਣ ਦੀ ਹਰ ਸੰਭਵ ਕੋਸਸਿ ਕੀਤੀ। ਸਰੀਕੇ ਵਾਲੇ ਉਦੋਂ ਆਪਣੇ ਇਸ ਮਕਸਦ ਵਿੱਚ ਕਾਮਯਾਬ ਹੋ ਗਏ ਜਦੋਂ ਹਰਮਨਦੀਪ ਨੇ ਆਪਣੇ ਨਾਲ ਕਾਲਜ ਵਿੱਚ ਪੜ੍ਹਦੀ ਕਿਸੇ ਹੋਰ ਬਿਰਾਦਰੀ ਦੀ ਕੁੜੀ ਨਾਲ ਲਵ-ਮੈਰਿਜ ਕਰਵਾ ਲਈ। ਜਦੋਂ ਇਹ ਗੱਲ ਘਰ ਵਿੱਚ ਪਤਾ ਲੱਗੀ ਤਾਂ ਹਾਕਮ ਸਿੰਘ ਅਤੇ ਸੁਰਜੀਤ ਕੌਰ ਦੀਆਂ ਸਾਰੀਆਂ ਸੱਧਰਾਂ 'ਤੇ ਪਾਣੀ ਫਿਰ ਗਿਆ। ਕੁੜੀ ਨੇ ਵੀ ਆਪਣੇ ਮਾਪਿਆਂ ਦੀ ਇਜਾਜਤ ਤੋ ਬਿਨ੍ਹਾਂ ਘਰੋਂ ਭੱਜ ਕੇ ਲਵ-ਮੈਰਿਜ ਕਰਵਾਈ ਸੀ। ਪਿੰਡ ਵਿੱਚ ਹਾਹਾਕਾਰ ਮੱਚ ਗਈ ਕਿਉਂਕਿ ਪਿੰਡ ਵਿੱਚ ਪਹਿਲਾਂ ਇਹੋ ਜਿਹਾ ਕੋਈ ਕੰਮ ਨਹੀਂ ਹੋਇਆ ਸੀ। ਇਹ ਤਾਏ ਦਲੀਪ ਸਿਉਂ ਦੇ ਪਰਿਵਾਰ 'ਤੇ ਲੱਗੇ ਕਿਸੇ ਕਲੰਕ ਨਾਲੋਂ ਘੱਟ ਨਹੀਂ ਸੀ। ਕੁੱਝ ਮਹੀਨਿਆਂ ਬਾਅਦ ਹੀ ਘਰ ਵਿੱਚ ਕਲੇਸ ਰਹਿਣ ਲੱਗ ਪਿਆ। ਹਰਮਨਦੀਪ ਸਿੰਘ ਆਪਣੀ ਪੜ੍ਹਾਈ ਕਰਕੇ ਸਰਕਾਰੀ ਮਾਸਟਰ ਬਣ ਗਿਆ ਪਰ ਉਸਦੀ ਘਰਵਾਲੀ ਦੀ ਨੌਕਰੀ ਨਹੀਂ ਲੱਗੀ। ਹਾਕਮ ਸਿੰਘ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਪਹਿਲਾਂ ਤਾਂ ਪਿਤਾ ਦਾ ਡਰ ਸੀ, ਜਿਸ ਕਰਕੇ ਘਰ ਦਾ ਮਾਹੌਲ ਕੁੱਝ ਠੀਕ ਰਹਿੰਦਾ ਸੀ ਪਰ ਹਾਕਮ ਸਿੰਘ ਦੀ ਮੌਤ ਤੋਂ ਬਾਅਦ ਹਰਮਨਦੀਪ ਆਪਣੀ ਮਾਤਾ 'ਤੇ ਹੱਥ ਵੀ ਚੁੱਕਣ ਲੱਗ ਪਿਆ ਸੀ। ਹੁਣ ਸੁਰਜੀਤ ਕੌਰ ਇਕੱਲੀ ਰਹਿ ਗਈ ਅਤੇ ਉਸ ਦਾ ਪੁੱਤਰ ਆਪਣੀ ਘਰਵਾਲੀ ਦੇ ਪਿੱਛੇ ਲੱਗ ਕੇ ਉਸ ਨੂੰ ਝਿੜਕਾਂ ਵੀ ਮਾਰ ਦਿੰਦਾ ਸੀ। ਸੁਰਜੀਤ ਕੌਰ ਦੇ ਘਰ ਜਦੋਂ ਪੋਤਰੇ ਨੇ ਜਨਮ ਲਿਆ ਤਾਂ ਉਸ ਨੂੰ ਹਰਮਨਦੀਪ ਦੇ ਜਨਮ ਦੀਆਂ ਸਾਰੀਆਂ ਖੁਸੀਆਂ ਯਾਦ ਆ ਗਈਆਂ ਪਰ ਪੋਤਰੇ ਦੀ ਲੋਹੜੀ 'ਤੇ ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰ ਰਹੀ ਸੀ।

ਜ਼ਿੰਦਗੀ ਦੀਆਂ ਖੱਟੀਆਂ ਮਿੱਠੀਆਂ ਯਾਦਾਂ ਇੱਕ ਰੀਲ ਦੀ ਤਰ੍ਹਾਂ ਸੁਰਜੀਤ ਕੌਰ ਦੇ ਦਿਮਾਗ ਵਿੱਚ ਘੁੰਮਦੀਆਂ ਰਹੀਆਂ। ਕੱਚ ਦੇ ਗਿਲਾਸ ਦਾ ਇੱਕ ਟੁਕੜਾ ਉਸਦੇ ਹੱਥ ਵਿੱਚ ਲੱਗਿਆ ਤਾਂ ਉਹ ਇੱਕਦਮ ਸੋਚਾਂ ਵਿੱਚੋਂ ਬਾਹਰ ਨਿਕਲੀ। ਉਹ ਬਰਾਂਡੇ ਦੀ ਕੰਧ 'ਤੇ ਟੰਗੀ ਆਪਣੇ ਵਿਆਹ ਵਾਲੀ ਫੋਟੋ ਨੂੰ ਦੇਖ-ਦੇਖ ਕੇ ਰੋ ਰਹੀ ਸੀ। ਇਹ ਫੋਟੋ ਉਸਦੇ ਜਵਾਨੀ ਦੇ ਦਿਨਾਂ ਦੀ ਸੀ, ਜਿਸ ਵਿੱਚ ਉਹ ਆਪਣੇ ਪਤੀ ਹਾਕਮ ਸਿੰਘ ਨਾਲ ਖੜ੍ਹੀ ਹੈ। ਇੱਕ ਫੋਟੋ ਵਿੱਚ ਹਰਮਨ ਉਸਦੇ ਮੋਢਿਆਂ 'ਤੇ ਚੁੱਕਿਆ ਹੋਇਆ ਸੀ। ਤੀਸਰੀ ਫੋਟੋ ਉਸਦੇ ਸਹੁਰੇ ਦਲੀਪ ਸਿੰਘ ਦੀ ਸੀ। ਮਨ ਵਿੱਚ ਸੋਚਦੀ ਹੈ ਕਿ ਜੇਕਰ ਸੁੱਖਾਂ ਸੁੱਖ-ਸੁੱਖ ਕੇ ਮੰਗੀ ਔਲਾਦ ਨੇ ਮੇਰੇ ਬੁਢਾਪੇ ਨੂੰ ਇੰਝ ਹੀ ਰੋਲਣਾ ਸੀ ਤਾਂ ਮੈਂ ਅਜਿਹੇ ਪੁੱਤਰ ਨਾਲੋਂ ਰੱਬ ਕੋਲੋਂ ਇੱਕ ਧੀ ਮੰਗ ਲੈਂਦੀ ਜੋ ਘੱਟੋ-ਘੱਟ ਮੈਨੂੰ ਕਦੇ ਰੋਣ ਤਾਂ ਨਾ ਦਿੰਦੀ। ਇਤਨੇ ਵਿੱਚ ਸੁਰਜੀਤ ਕੌਰ ਦਾ ਪੋਤਾ ਕਰਨਵੀਰ ਕਮਰੇ ਵਿੱਚੋਂ ਬਾਹਰ ਆਇਆ ਅਤੇ ਆਪਣੀ ਦਾਦੀ ਨੂੰ ਕਹਿੰਦਾ, "ਦਾਦੀ, ਤੈਨੂੰ ਪਤਾ ਅੱਜ ਮਦਰਜ ਡੇ ਹੈ, ਮੈਂ ਪਾਪਾ ਨਾਲ ਤੇਰੀ ਫੋਟੋ ਕਰਨੀ ਐ, ਉਹ ਫੋਟੋ ਮੈਂ ਆਪਣੇ ਦੋਸਤਾਂ ਨੂੰ ਭੇਜਾਂਗਾ।" ਪੋਤੇ ਦੇ ਮੂੰਹੋਂ ਇਹ ਸਬਦ ਸੁਣ ਕੇ ਸੁਰਜੀਤ ਕੌਰ ਨੇ ਉਸ ਨੂੰ ਘੁੱਟ ਕੇ ਜੱਫੀ ਪਾ ਲਈ ਅਤੇ ਕਿਹਾ, "ਪੁੱਤ, ਇਹ ਫੋਟੋਆਂ ਉਦੋਂ ਚੰਗੀਆਂ ਲੱਗਦੀਆਂ ਨੇ ਜਦੋਂ ਮਨ ਖੁਸ ਹੋਵੇ, ਨਹੀਂ ਤਾਂ ਇਹਨਾਂ ਨੂੰ ਦੇਖ ਕੇ ਬੰਦਾ ਸਾਰੀ ਉਮਰ ਰੋਂਦਾ ਹੀ ਰਹਿੰਦਾ ਹੈ।" ਇੱਕ ਏਕੜ ਵਿੱਚ ਪਾਈ ਸਾਨਦਾਰ ਕੋਠੀ ਸੁਰਜੀਤ ਕੌਰ ਨੂੰ ਖਾਣ ਨੂੰ ਆਉਂਦੀ ਅਤੇ ਕੋਠੀ ਦੇ ਕਮਰੇ ਉਸਨੂੰ ਮਿੱਠੀ ਜੇਲ੍ਹ ਜਾਪਦੇ। ਪੋਤੇ ਨੂੰ ਆਪਣੀ ਬੁੱਕਲ ਵਿੱਚ ਲੈ ਕੇ ਆਪਣੇ ਮਾਪਿਆਂ ਨੂੰ ਯਾਦ ਕਰਦਿਆਂ ਸੁਰਜੀਤ ਕੌਰ ਮਨ ਹੀ ਮਨ ਗੁਣਗੁਣਾ ਰਹੀ ਸੀ:-

ਉੱਡ ਉੱਡ ਚਿੜੀਏ ਨੀਂ, ਉੱਡ ਬਹਿ ਜਾ ਖਿੜਕੀ
ਮੇਰੀ ਅੰਮੜੀ ਬਾਝੋਂ ਨੀਂ, ਮੈਂ ਸਭ ਨੇ ਝਿੜਕੀ
ਉੱਡ ਉੱਡ ਚਿੜੀਏ ਨੀਂ, ਉੱਡ ਬਹਿ ਜਾ ਉਖਲੀ
ਮੇਰੀ ਅੰਮੜੀ ਬਾਝੋਂ ਨੀਂ, ਕੌਣ ਭੇਜੇ ਗੁਥਲੀ?
ਉੱਡ ਉੱਡ ਚਿੜੀਏ ਨੀਂ, ਉੱਡ ਬਹਿ ਜਾ ਖੂਹੇ
ਮੇਰੀ ਅੰਮੜੀ ਬਾਝੋਂ ਨੀਂ, ਕੌਣ ਭੇਜੇ ਸੂਹੇ?....

A-CHOICE DRIVING SCHOOL
Bay# 324, 4774 Westwinds Dr NE
Calgary Alberta T3J 0L9
Tel: 403-473-1682

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

# ਪੰਜਾਬੀ ਰੰਗਮੰਚ ਤੇ ਸਿਨਮੇ ਨੂੰ ਸਮਰਪਿਤ ਵਰਿਆਮ ਮਸਤ


ਸੁਰਜੀਤ ਜੱਸਲ
9814607737



ਪੰਜਾਬੀ ਰੰਗਮੰਚ ਫ਼ਿਲਮਾਂ 'ਚ ਬਤੌਰ ਲੇਖਕ, ਨਿਰਦੇਸ਼ਕ, ਅਦਾਕਾਰ ਗੂੜ੍ਹੀਆਂ ਪੈੜ੍ਹਾਂ ਪਾਉਣ ਵਾਲਾ ਵਰਿਆਮ ਮਸਤ ਇਕ ਉਹ ਮਸਤ ਮੌਲਾ ਕਲਾਕਾਰ ਹੈ ਜਿਸਨੇ ਨੈਸ਼ਨਲ ਐਵਾਰਡ ਜੇਤੂ ਪੰਜਾਬੀ ਫ਼ਿਲਮ 'ਚੰਨ ਪਰਦੇਸੀ 'ਦੀ ਕਹਾਣੀ ਤੇ ਗੀਤ ਹੀ ਨਹੀਂ ਲਿਖੇ ਬਲਕਿ ਸਾਹਿਤ ਦੇ ਖੇਤਰ ਵਿੱਚ ਵੀ ਚੰਗਾ ਨਾਮਾਣਾ ਖੱਟਿਆ। ਚਾਰ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਉਦੋਂ ਉਹ ਡਰਾਮਾ ਵਿਭਾਗ ਸਿਰਕੱਢ ਯੋਧਾ ਸੀ ਤੇ ਲੇਖਣੀ ਤੇ ਨਿਰਦੇਸ਼ਨ ਕਾਰਜਾਂ ਵਿਚ ਰੁੱਝਿਆ ਹੋਇਆ ਸੀ। ਜ਼ੀਰੋ ਤੋਂ ਸੁਰੂ ਹੋ ਕੇ ਇੱਕ ਸੌ ਇੱਕ ਤੱਕ ਸਫਲਤਾਂ ਦੀਆਂ ਪੌੜੀਆਂ ਚੜ੍ਹਨ ਵਾਲੇ ਇਸ ਕਲਾਕਾਰ ਦੀ ਜ਼ਿੰਦਗੀ ਮੁੱਢ ਕਦੀਮੋਂ ਹੀ ਕੰਡਿਆਂ ਦੀ ਸੇਜ ਰਹੀ ਹੈ।

ਵਰਿਆਮ ਮਸਤ ਨੇ ਜਿੱਥੇ 'ਚੰਨ ਪਰਦੇਸੀ' ਫ਼ਿਲਮ ਦੀ ਕਹਾਣੀ ਤੇ ਗੀਤ ਲਿਖੇ ਉੱਥੇ ਨਿੰਮੋ, ਭਾਬੋ, ਜੈ ਮਾਂ ਚਿੰਤਪੂਰਨੀ' ਸਮੇਤ ਹੋਰ ਵੀ ਕਈ ਫਿਲਮਾਂ ਲਈ ਗੀਤ ਲਿਖੇ। ਵੱਖ ਵੱਖ ਵਿਸ਼ਿਆ ਅਧਾਰਤ ੨੦੦ ਤੋਂ ਵੱਧ ਡਾਕੂਮੈਂਟਰੀ ਫ਼ਿਲਮਾਂ ਲਈ ਵੀ ਕੰਮ ਕੀਤਾ। ਸ੍ਰੀ ਹੇਮਕੁੰਟ ਸਾਹਿਬ, ਚਿੱਤਰਕਾਰ ਸੋਭਾ ਸਿੰਘ ਤੇ .....ਬਾਰੇ ਬਣੀਆਂ ਡਾਕੂਮੈਂਟਰੀਆਂ ਨੇ ਨੈਸ਼ਨਲ ਐਵਾਰਡ ਵੀ ਪ੍ਰਾਪਤ ਕੀਤੇ।

ਵਰਿਆਮ ਮਸਤ ਦੀ ਕਹਾਣੀ ਉਸਦੀਆਂ ਖੁਦ ਦੀਆਂ ਲਿਖੀਆਂ ਕਹਾਣੀਆਂ ਤੋਂ ਬਹੁਤ ਹਟਕੇ ਹੈ। ਉਸਨੂੰ ਸਮਝਣ ਲਈ ਉਸਦੇ ਧੁਰ-ਅੰਦਰ ਤੱਕ ਝਾਕਣ ਦੀ ਲੋੜ ਹੈ।

ਵਰਿਆਮ ਮਸਤ ਦਾ ਜਨਮ ੧੫ ਅਪ੍ਰੈਲ ੧੯੫੧ ਨੂੰ ਰਾਜਪੁਰੇ ਨੇੜਲੇ ਪਿੰਡ ਫਰੀਦਪੁਰ ਗੁੱਜਰਾਂ ਵਿਖੇ ਪਿਤਾ ਸਵ. ਜੈਮਲ ਸਿੰਘ ਰੋਮਾਣਾ ਤੇ ਮਾਤਾ ਅਪਾਰ ਕੌਰ ਦੇ ਘਰ ਮੇਹਨਤ ਮਜਦੂਰੀ ਕਰਨ ਵਾਲੇ ਪਰਿਵਾਰ ਚ ਹੋਇਆ। ਉਸਦੇ ਪਰਿਵਾਰ ਕੋਲ ਆਪਣੇ ਗੁਜਾਰੇ ਜੋਗੀ ਜ਼ਮੀਨ ਸੀ। ਜੈਮਲ ਸਿਉਂ



ਬੜ੍ਹਾ ਸਾਊ ਤੇ ਨਰਮ ਸੁਭਾਓ ਵਾਲਾ ਸੀ। ਪਿੰਡ ਦਾ ਸਰਪੰਚ ਉਸਦੇ ਸਾਊਪੁਣੇ ਦਾ ਫਾਇਦਾ ਲੈ, ਰਾਤ ਨੂੰ ਉਸਦੇ ਖੂਹ ਦੀਆਂ ਟਿੰਡਾਂ ਚੁੱਕ ਕੇ ਲੈ ਗਿਆ। ਜੈਮਲ ਸਿਉਂ ਨੇ ਪਿੰਡ ਦੇ ਚਾਰ ਮੋਹਤਬਰ-ਬੰਦੇ ਇਕੱਠੇ ਕਰਕੇ ਗੱਲ ਤੋਰੀ ਤਾਂ ਉਸਨੇ ਪੈਰੀਂ ਪਾਣੀ ਨਾ ਪੈਣ ਦਿੱਤਾ। ਅਖ਼ੀਰ ਬਾਪੂ ਥਾਣੇ ਜਾ ਖੜ੍ਹਿਆ। ਗੱਲ ਵਧਦੀ ਵਧਦੀ ਕੋਰਟ-ਕਚੈਹਰੀ 'ਚ ਹੋ ਤੁਰੀ।

ਸਿਆਣਿਆ ਨੇ ਜੈਮਲ ਸਿੰਘ ਨੂੰ ਸਮਝਾਇਆ ਕਿ ਪਿੰਡ 'ਚ ਪਿਆਂ ਵੈਰ ਚੰਗਾ ਨਹੀਂ ਹੁੰਦਾ। ਤੇਰਾ ਇੱਕ ਪੁੱਤ ਹੈ। ਵਰਿਆਮ ਉਦੋਂ ਮਸਾਂ ਚਾਰ ਕੁ ਸਾਲ ਦਾ ਸੀ ਜਦ ਉਸਦਾ ਬਾਪੂ ਜੈਮਲ ਸਿੰਘ ਰਾਜਪੁਰੇ ਤੋਂ ਬਰਨਾਲੇ ਆ ਵਸਿਆ। ਇਥੇ ਆ ਕੇ ਉਹ ਸਬਜ਼ੀ ਵੇਚਣ ਦਾ ਕੰਮ ਕਰਨ ਲੱਗਿਆ। ਕਿਰਾਏ ਦੇ ਮਕਾਨ ਚ ਰਹਿੰਦਿਆਂ....ਉਸਨੇ ਆਪਣੀ ਕਬੀਲਦਾਰੀ ਤੋਰੀ। ਵਰਿਆਮ ਸਕੂਲ ਜਾਣ ਲੱਗਿਆ ਤਾਂ ਉਸਨੂੰ ਕੁਝ ਆਸਾਂ ਬੱਝੀਆ। ਹੌਲੀ ਹੌਲੀ ਜਿੰਦਗੀ ਦੀ ਗੱਡੀ ਰੁੜ੍ਹਦੀ ਗਈ। ਕੋਰਟ ਕਚੈਹਰੀ ਦੇ ਚੱਕਰਾਂ ਚ ਪਿਆ ਜੈਮਲ ਸਿੰਘ ਤਰੀਕਾਂ ਭੁਗਤਣ ਰਾਜਪੁਰੇ ਨਾ ਜਾ ਸਕਿਆ ਤੇ ਉਹ ਕੇਸ ਹਾਰ ਗਿਆ।

ਵਰਿਆਮ ਨੇ ਦੱਸਿਆ ਕਿ ਉਸਦੇ ਘਰੇਲੂ ਹਲਾਤ ਬਹੁਤੇ ਸੁਖਾਵੇਂ ਨਾ ਹੋਣ ਕਰਕੇ ਉਸਦਾ ਪੜ੍ਹਾਈ ਵਿਚ ਮਨ ਨਹੀਂ ਸੀ ਲੱਗਦਾ। ਉਸਦਾ ਬਾਪੂ ਸ਼ਹਿਰ ਦੀ ਗਲੀ ਮੁਹੱਲੇ ਹੋਕਾ ਦੇ ਕੇ ਸ਼ਬਜੀ ਵੇਚਦਾ ਸੀ ਤੇ ਵਰਿਆਮ ਆਪ ਕਦੇ ਬੱਸਾਂ ਵਿਚ ਗੋਲੀਆਂ- ਟੋਫ਼ੀਆਂ ਵੇਚਦਾ ਤੇ ਕਦੇ ਬਾਜਾਰ ਵਿਚ ਘੁੰਗਣੀਆਂ ਵੇਚਦਾ.. ਕਦੇ ਛੱਲੀਆਂ ਭੁੰਨ-ਭੁੰਨ ਵੇਚਦਾ ਤਾਂ ਜੋ ਉਸਦੇ ਘਰ ਦਾ ਚੁੱਲ੍ਹਾ ਮਘਦਾ ਰਹੇ.. ਉਂਝ ਉਸਦੇ ਸੁਫਨੇ ਬਹੁਤ ਵੱਡੇ ਸੀ। ਉਹ ਇਸ ਗੁਰਬਤ ਭਰੀ ਜ਼ਿੰਦਗੀ ਚੋਂ ਨਿਕਲਣਾ ਚਾਹੁੰਦਾ ਸੀ। ਉਸਨੇ ਜਿੰਦਗੀ ਵਿੱਚ ਬਹੁਤ ਸੰਘਰਸ਼ ਕੀਤਾ। ਉਸਦੇ ਹੱਥਾਂ ਚ ਪਏ ਨਿਸ਼ਾਨ ਉਸਨੂੰ ਅੱਜ ਵੀ ਧਨੌਲੇ ਰੋਡ ਵਾਲੇ ਕਾਰਖਾਨਿਆਂ 'ਚ ਕੀਤੀ ਮਜਦੂਰੀ ਦੇ ਦਿਨ ਯਾਦ ਕਰਵਾ ਦਿੰਦੇ ਹਨ, ਜਿੱਥੇ ਉਹ ਸਾਰੀ-ਸਾਰੀ ਰਾਤ ਲੋਹੇ ਦੇ ਸਰੀਏ ਗਰਮ ਕਰਕੇ ਮੋੜਦਾ ਸੀ।

ਕਲਾ ਦੇ ਖੇਤਰ ਨਾਲ ਜੁੜਨ ਦਾ ਸਬੱਬ ਵੀ ਉਸਨੂੰ ਬਰਨਾਲੇ ਦੀ ਮਹਾਂ ਸ਼ਕਤੀ ਕਲਾ ਮੰਦਰ ਤੋਂ ਹੀ ਬਣਿਆ ਜਿਥੇ ਉਹ ਰਾਮਲੀਲ੍ਹਾ ਵੇਖਣ ਜਾਂਦਾ ਸੀ ਅਤੇ ਇਸੇ ਮੰਚ ਤੋਂ ਖੇਡੇ ਜਾਂਦੇ ਸਮਾਜ ਸੁਧਾਰ ਡਰਾਮਿਆ ਨੇ ਉਸਦੇ ਅੰਦਰਲੇ ਕਲਾਕਾਰ ਨੂੰ ਹਲੂਣਾ ਦਿੱਤਾ। ਸਕੂਲੀ ਦਿਨਾਂ ਵਿਚ ਉਸਨੂੰ ਗਾਉਂਣ ਦਾ ਸ਼ੌਂਕ ਸੀ। ਗਾਇਕੀ ਦੀ ਚਿਣਗ ਉਸਨੂੰ ਨਾਨਕਿਆਂ ਦੀ ਵਿਰਾਸਤ 'ਚੋਂ ਮਿਲੀ । ਉਸਦੇ ਮਾਮਾ ਪ੍ਰੀਤਮ ਸਿੰਘ ਜੀ ਨੂੰ ਗਾਉਣ ਦਾ ਸ਼ੌਂਕ ਸੀ। ਅਨੇਕਾਂ ਫ਼ਿਲਮੀ ਗੀਤ ਉਸਦੀ ਜੁਬਾਨੀ ਚੇਤੇ ਸੀ ਜੋ ਉਹ ਅਕਸਰ ਗਾਇਆ ਕਰਦਾ।

ਵਰਿਆਮ ਮਸਤ ਨੇ ਦੱਸਿਆ ਕਿ ਗੁਰਪੁਰਬ ਦੇ ਦਿਹਾੜੇ ਤੇ ਸ਼ਹਿਰ ਦੇ ਵੱਡੇ ਗੁਰਦੁਆਰਾ ਸਾਹਿਬ ਵਿਚ ਜੋ ਸਮਾਗਮ ਹੁੰਦਾ ਸੀ ਉਥੇ ਉਹ ਆਪਣੀ ਲਿਖੀ ਕੋਈ ਨਾ ਕੋਈ ਧਾਰਮਿਕ ਲਿਖਤ ਜਰੂਰ ਬੋਲਦਾ। ਇਕ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਲਾਨਾ ਸਮਾਗਮ ਤੇ ਆਪਣੀ ਲਿਖਿਆ ਗੀਤ ਗਾਇਆ ਤਾਂ ਉਥੇ ਇਕ ਕਾਲੇ ਚੋਲੇ ਵਾਲੇ ਫ਼ਕੀਰ ਦਰਵੇਸ਼ ਨੇ ਖੜ੍ਹੇ ਹੋ ਕੇ ਉਸਦੇ ਬੋਲੇ ਗੀਤ ਦੀ ਪ੍ਰਸ਼ੰਸ਼ਾਂ ਕਰਦਿਆਂ ਕਿਹਾ ਕਿ ਵੇਖੋ ਇਸ ਭੁਚੰਗੀ ਨੇ ਕਿੰਨ੍ਹਾਂ ਸੋਹਣਾ ਸ਼ਬਦ ਗਾਇਆ ਹੈ ਕਿ ਸਭ ਨੂੰ ਮਸਤ ਕਰ ਦਿੱਤਾ। ਇਹ ਭੁਚੰਗੀ ਵੱਡਾ ਹੋਕੇ ਜਰੂਰ ਇਕ ਨਾਮੀ ਕਲਾਕਾਰ ਬਣੇਗਾ। ਅੱਜ ਤੋਂ ਮੈਂ ਇਸਨੂੰ ਮਸਤ ਦਾ ਨਾਂ ਦਿੰਦਾ ਹਾਂ। ਇਨ੍ਹਾਂ ਕਹਿ ਉਸਨੇ ਬੋਲੇ ਸੋ ਨਿਹਾਲ ਦਾ ਜੈਕਾਰਾ ਛੱਡ ਦਿੱਤਾ ਤੇ ਇਸ ਤਰ੍ਹਾਂ ਉਸ ਫ਼ਕੀਰ ਦੇ ਬੋਲਾਂ ਨਾਲ ਵਰਿਆਮ ਕਲਾ 'ਚ 'ਮਸਤ' ਹੋ ਗਿਆ।

ਐੱਸ ਡੀ ਕਾਲਜ ਪੜ੍ਹਦਿਆਂ ਉਹ 'ਐਨ ਸੀ ਸੀ' ਦੀ ਟੀਮ ਵਿੱਚ ਸੀ। ਉਨ੍ਹਾਂ ਦੀ ਟੀਮ ਵੱਲੋਂ ਨੇੜਲੇ ਪਿੰਡ ਫਰਵਾਹੀ ਚ ਇਕ ਸਫਾਈ ਮੁਹਿੰਮ ਦਾ ਇੱਕ ਕੈਂਪ ਲਗਾਇਆ ਸੀ ।ਆਥਣ ਵੇਲੇ ਥੱਕੇ ਟੁੱਟੇ ਸਾਰੇ ਸਾਥੀ ਗੀਤ ਗਾ ਕੇ ,ਭੰਗੜਾ ਪਾ ਕੇ ਮਨੋਰੰਜਨ ਕਰਦੇ ਤੇ ਇਕ ਦਿਨ ਵਰਿਆਮ ਨੇ ਆਪਣਾ ਲਿਖਿਆ ਤੇ ਤਿਆਰ ਕੀਤਾ ਨਾਟਕ ਖੇਡਿਆ। ਪਿੰਡ ਵਾਸੀਆਂ ਨੇ ਉਸ ਨਾਟਕ ਨੂੰ ਬਹੁਤ ਪਸੰਦ ਕੀਤਾ। ਇਸ ਤਰ੍ਹਾਂ ਵਰਿਆਮ ਦਾ ਹੌਸਲਾ ਵਧਿਆ ਤੇ ਉਹ ਇਸ ਕਲਾ ਨਾਲ ਜੁੜ ਗਿਆ। ਇਸ ਟੀਮ ਦੇ ਸੰਚਾਲਕ ਪ੍ਰੋ ਹਰਦਿਆਲ ਸਿੰਘ ਅੱਤਰੀ ਤੇ ਪ੍ਰੋ ਰਵਿੰਦਰ ਭੱਠਲ ਸਨ।

੧੯੭੩ ਵਿੱਚ ਜਦ ਗਰੇਜੂਏਸ਼ਨ ਪੂਰੀ ਹੋਈ ਤਾਂ ਹਾਣੀ ਮੁੰਡਿਆਂ 'ਚੋਂ ਕੋਈ ਐਮ.ਏ. ਕਰਨ ਲੱਗਿਆ, ਕੋਈ ਪ੍ਰੋਫ਼ੈਸਰੀ ਦੇ ਰਾਹ ਤੁਰ ਪਿਆ, ਕੋਈ ਮਾਸਟਰ ਬਣਨ ਦੀ ਸੋਚਣ ਲੱਗਿਆ ਪਰ ਵਰਿਆਮ ਨੇ ਸਿਰਫ਼ ਇੱਕ ਹੀ ਗੱਲ ਸੋਚੀ ਕਿ ਮੈਂ ਐਕਟਰ ਬਣਨਾ ਤੇ ਬੰਬੇ ਜਾਣਾ ।ਉਸਦਾ ਥੀਏਟਰ ਨਾਲ ਲਗਾਓ ਵੇਖ ਪ੍ਰੋ ਭੱਠਲ ਨੇ ਪੰਜਾਬ ਯੂਨੀਵਰਸਿਟੀ ਵਿੱਚ ਬਲਵੰਤ ਗਾਰਗੀ ਦੇ ਡਿਪਾਰਟਮੈਂਟ ਆਫ ਇੰਡੀਅਨ ਥੀਏਟਰ ਬਾਰੇ ਦੱਸਿਆ। ਵਰਿਆਮ ਚੰਡੀਗੜ੍ਹ ਦੀ ਬੱਸ ਫੜ੍ਹ, ਬਲਵੰਤ ਗਾਰਗੀ ਤੇ ਚਰਨੀ ਜਾ ਲੱਗਿਆ। ਉਸਦੇ ਬੈਚ ਵਿੱਚ ਕਿਰਨ ਖੇਰ, ਕਮਲ ਤਿਵਾੜੀ ਵੀ ਸੀ ਜਦਕਿ ਅਨੁਪਮ ਖੇਰ ਉਸਤੋਂ ਇੱਕ ਸਾਲ ਬਾਅਦ ਆਇਆ। ਵਰਿਆਮ ਨੇ ਬਲਵੰਤ ਗਾਰਗੀ ਦੀ ਟੀਮ 'ਚ ਅਨੇਕਾਂ ਨਾਟਕ ਖੇਡੇ। ਅਨੇਕਾਂ ਨਾਟਕ ਲਿਖੇ, ਕਹਾਣੀਆਂ ਲਿਖੀਆ,ਅਨੇਕਾ ਨਾਟਕਾਂ ਦਾ ਨਿਰਦੇਸ਼ਨ ਕੀਤਾ। ਕਈ ਸਾਲ ਗਾਰਗੀ ਸਾਹਬ ਨਾਲ ਰਹਿੰਦਿਆ ਉਸਨੇ ਗਾਰਗੀ ਸਾਹਬ ਦੀ ਜ਼ਿੰਦਗੀ ਨੂੰ ਬਹੁਤ ਨੇੜੇ ਤੋਂ ਵੇਖਿਆ। ਉਨ੍ਹਾ ਬਾਰੇ ਇੱਕ ਵੱਡੀ ਕਿਤਾਬ 'ਰੰਗਮੰਚ ਦਾ ਬਾਦਸ਼ਾਹ- ਬਲਵੰਤ ਗਾਰਗੀ' ਵੀ ਲਿਖੀ। ੧੯੭੫ -੭੮ ਤੱਕ ਉਨ੍ਹਾਂ ਪੰਜਾਬ ਡਰਾਮਾ ਪੇਸ਼ਕਾਰੀ ਕੰਪਨੀ ਨਾਲ ਅਦਾਕਾਰ ਵਜੋਂ ਸਾਰੇ ਪੰਜਾਬ ਵਿੱਚ ਨਾਟਕ ਖੇਡੇ । ਇਸ ਗਰੁੱਪ ਵਿੱਚ ਸੁਨੀਤਾ ਧੀਰ, ਮੋਹਨ ਬੱਗੜ, ਜੀ ਐੱਸ ਚੀਮਾ, ਰਾਣਾ ਜੰਗ ਬਹਾਦਰ, ਬਲਦੇਵ ਗਿੱਲ ਆਦਿ ਸਾਰੇ ਹੀ ਹੁੰਦੇ ਸੀ। ਉਨ੍ਹਾ ਦਿਨਾਂ ਵਿੱਚ ਮੈਂ ,




ਬਲਦੇਵ ਗਿੱਲ ਤੇ ਚੀਮਾ ਚੰਡੀਗੜ੍ਹ ਇੱਕੋ ਕਮਰੇ ਵਿਚ ਰਹਿੰਦੇ ਸੀ। ਇੱਕ ਦਿਨ ਬਲਦੇਵ ਗਿੱਲ ਨੇ ਕਿਹਾ ਕਿ ਤੂੰ ਕਹਾਣੀਆਂ ਲਿਖਦਾ ਰਹਿਣਾ, ਕੋਈ ਚੰਗੀ ਜਿਹੀ ਕਹਾਣੀ ਦੱਸ ਜਿਸ 'ਤੇ ਫ਼ਿਲਮ ਬਣਾਈ ਜਾ ਸਕੇ ਤਾਂ ਵਰਿਆਮ ਨੇ ਕਿਹਾ ਕਿ ਮੇਰੇ ਦਿਮਾਗ ਵਿੱਚ ਬਹੁਤ ਚਿਰਾਂ ਤੋਂ ਇੱਕ ਕਹਾਣੀ ਹੈ ਜਿਸ 'ਤੇ ਚੰਗੀ ਫ਼ਿਲਮ ਬਣਾ ਸਕਦੇ ਹਾਂ। ਉਸਨੇ ਕਹਾਣੀ ਸੁਣਾਈ ਤਾਂ ਸਭ ਨੂੰ ਪਸੰਦ ਆ ਗਈ। ਬਲਦੇਵ ਗਿੱਲ ਨੇ ਕਹਾਣੀ ਨੂੰ ਹੋਰ ਵਿਸਥਾਰ ਦੇ ਕੇ ਡਾਇਲਾਗ ਤੇ ਸਕਰੀਨ ਪਲੇਅ ਤਿਆਰ ਕੀਤਾ। ਇਸ ਫਿਲਮ ਦੇ ਗੀਤ ਬਹੁਤ ਹਰਮਨ ਪਿਆਰੇ ਹੋਏ। ਵਰਿਆਮ ਮਸਤ ਦਾ ਲਿਖਿਆ **'ਰੋਜ ਤੱਕਦੀ ਫਿਰਾਂ ਮੈਂ ਤੇਰਾ ਰਾਹ...', ਮੈਂ ਵਣਜਾਰਾ..ਅਤੇ 'ਨੀਂ ਮੈਂ ਮੰਨਦੀ ਮਨਾਊਂਤਾ ਪੀਰ ਔਲੀਏ ਦੇ ਜਾਵਾਂ'** ਵੀ ਕਾਫ਼ੀ ਚੱਲੇ। ਜਦ ਇਹ ਫਿਲਮ ਬਣ ਕੇ ਰਿਲੀਜ਼ ਹੋਈ ਤਾਂ ਚਾਰੇ ਪਾਸੇ ਧੁੰਮਾਂ ਪੈ ਗਈਆਂ। ਫਿਲਮ ਨੇ ਨੈਸ਼ਨਲ ਐਵਾਰਡ ਵੀ ਜਿੱਤਿਆ। ਵਰਿਆਮ ਨੇ ਇਸ ਫ਼ਿਲਮ 'ਚ ਕਰਤਾਰੇ ਦਾ ਕਿਰਦਾਰ ਵੀ ਨਿਭਾਇਆ।

ਇਸ ਤੋਂ ਇਲਾਵਾ ਵਰਿਆਮ ਨੇ ਪ੍ਰੀਤੀ ਸਪਰੂ ਦੀ ਫਿਲਮ '**ਭਾਬੋ** ' ਅਤੇ ਧਾਰਮਿਕ ਫਿਲਮ '**ਜੈ ਮਾਤਾ ਚਿੰਤਪੂਰਨੀ**' ਵਿੱਚ ਵੀ ਅਦਾਕਾਰੀ ਕੀਤੀ। ਗੀਤਕਾਰੀ ਦੀ ਗੱਲ ਕਰੀਏ ਤਾਂ ਚੰਨ ਪ੍ਰਦੇਸੀ, ਨਿੰਮੋ ਫਿਲਮਾਂ ਤੋਂ ਇਲਾਵਾ ਵਰਿਆਮ ਮਸਤ ਦਾ ਲਿਖਿਆ ਸਵਿਤਾ ਸਾਥੀ ਦੀ ਆਵਾਜ਼ ਵਿੱਚ ਇੱਕ ਗੀਤ '**ਨਿਮੀ ਨਿਮੀ ਬੀਨ ਨਾ ਵਜਾ ਵੇ ਜੋਗੀ..**'ਵੀ ਬਹੁਤ ਹਰਮਨ ਪਿਆਰਾ ਹੋਇਆ। ਇਹ ਗੀਤ ਟਰਾਂਟੋ ਤੋਂ ਕੁਲਦੀਪ ਦੀਪਕ ਵਲੋਂ ਬਣਾਏ ਇੱਕ ਐੱਲ ਪੀ ਰਿਕਾਰਡ ਵਿੱਚ ਆਇਆ ਜਿਸ ਵਿੱਚ ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ ਅਤੇ ਐੱਸ ਐੱਸ ਮੀਸ਼ਾ ਦੇ ਲਿਖੀਆਂ ਰਚਨਾਵਾਂ ਵੀ ਰਿਕਾਰਡ ਹੋਈਆਂ। ਉਸਦੇ ਲਿਖੇ ਅੱਠ ਗੀਤਾਂ ਦੀ ਇੱਕ ਕੈਸਟ ਗਾਇਕਾ ਗਿੱਕ ਗਰੇਵਾਲ ਦੀ ਆਵਾਜ਼ ਵਿੱਚ ਸੁਪਰ ਕੈਸਟ ਕੰਪਨੀ ਵਲੋਂ ਰਿਕਾਰਡ ਕੀਤੀ ਗਈ। ਵਰਿਆਮ ਨੇ ਦੱਸਿਆ ਕਿ ਉਸਨੇ ਫ਼ਿਲਮ ਐਂਡ ਟੈਲੀਵਿਜ਼ਨ ਇੰਸਚੀਟਿਊਟ ਆਫ ਇੰਡੀਆ ਪੂਨਾ (ਮਹਾਰਾਸ਼ਟਰ) ਤੋਂ ਵੀ ਪੜ੍ਹਾਈ ਕੀਤੀ। ਚੰਡੀਗੜ੍ਹ ਰਹਿੰਦਿਆਂ ਵਰਿਆਮ ਨੇ ਆਪਣਾ ਇੱਕ ਨਾਟਕ ਗਰੁੱਪ ਬਣਾ ਲਿਆ ਤੇ ਅਨੇਕਾਂ ਨਾਟਕ ਖੇਡੇ ਤੇ ਫ਼ਿਲਮਾਂ ਕੀਤੀਆਂ। ਪੰਜਾਬ ਸਰਕਾਰ ਦੇ ਸੈਰ-ਸਪਾਟਾ ਤੇ ਕਲਚਰ ਵਿੰਗ ਦੇ ਪੰਜਾਬ ਡਰਾਮਾ ਰੈਪਰਟਰੀ ਕੰਪਨੀ ਵਿੱਚ ਬਤੌਰ ਪ੍ਰੋਫ਼ੈਸ਼ਨਲ ਆਰਟਿਸਟ ਕੰਮ ਕਰਦਿਆਂ ਪੰਜਾਬ ਭਰ ਵਿੱਚ ਕਲਾਕਾਰਾਂ ਦੀ ਟੀਮ ਲੈ ਕੇ ਨਾਟਕ ਖੇਡੇ। ਉਸ ਟੀਮ ਵਿੱਚ ਬੋਬੀ ਗਰੇਵਾਲ , ਰਵੀ ਸ਼ਰਮਾ, ਮੋਹਨ ਬੱਗੜ, ਸੁਨੀਤਾ ਧੀਰ, ਰਾਣਾ ਜੰਗ ਬਹਾਦਰ, ਵਿਜੇ ਕਸ਼ਿਅਪ, ਬਲਦੇਵ ਗਿੱਲ , ਜੇ ਐਸ ਚੀਮਾ , ਗੁਰਚਰਨ ਚੰਨੀ , ਮੁਕਤੀ ਮਦਾਨ, ਐਨ ਡੀ ਸਿੰਗਲਾ, ਉਮੇਸ਼ ਕਾਂਤ ਆਹਲੂਵਾਲੀਆ , ਰਜਨੀ ਕਾਂਤ , ਜੋਗਾ ਛੀਨਾ , ਜਸਵੰਤ ਦਮਨ , ਪਰਵੀਨ ਪੂਰਬਾ ਕੁੱਲ ਮਿਲਾਕੇ ਚਾਲੀ ਪ੍ਰੋਫ਼ੈਸ਼ਨਲ ਕਲਾਕਾਰ ਸਟੇਟ ਡਰਾਮਾ ਰੈਪਰਟਰੀ ਕੰਪਨੀ ਵਿੱਚ ਕੰਮ ਕਰਦੇ ਸਨ। ਤਿੰਨ ਸਾਲਾਂ ਬਾਅਦ ਅਕਾਲੀ ਸਰਕਾਰ ਦੇ ਲੋਕ-ਸੰਪਰਕ ਮੰਤਰੀ ਆਤਮਾ ਸਿੰਘ ਨੇ ਇਹ ਰੈਪਰਟਰੀ ਬੰਦ ਕਰ ਦਿੱਤੀ ਤੇ ਚਾਲੀ ਕਲਾਕਾਰ ਸੜਕ ਤੇ ਆ ਗਏ।

ਉਸਨੇ ਫਿਰ ਪੰਜਾਬ ਸਰਕਾਰ ਦੇ ਅਦਾਰੇ ਫ਼ਿਲਮ ਐਂਡ ਥੀਏਟਰ ਡਿਪਾਰਟਮੈਂਟ ਨਾਲ ਜੁੜ ਕੇ ਸਕਰਿਪਟ ਰਾਇਟਰ ਦੇ ਤੌਰ 'ਤੇ ਨੌਕਰੀ ਕੀਤੀ। ਜਿਸ ਦੌਰਾਨ ੨੦੦ ਦੇ ਕਰੀਬ ਡਾਕੂਮੈਂਟਰੀ ਫ਼ਿਲਮਾਂ ਲਿਖੀਆਂ ਤੇ ਡਾਇਰੈਕਟਰ ਕੀਤੀਆਂ। ਦਰਸ਼ਕਾਂ ਨੂੰ ਯਾਦ ਹੋਵੇਗਾ ਕਿ ਅੱਜ ਤੋਂ ਤੀਹ-ਚਾਲੀ ਸਾਲ ਪਹਿਲਾਂ ਸਿਨਮਾ ਘਰਾਂ 'ਚ ਫ਼ਿਲਮ ਚੱਲਣ ਤੋਂ ਪਹਿਲਾਂ ੧੦- ੧੫ ਮਿੰਟ ਦੀ ਇੱਕ ਬਲੈਕ ਐਂਡ ਵਾਇਟ ਡਾਕੂਮੈਂਟਰੀ ਫ਼ਿਲਮ ਵਿਖਾਈ ਜਾਂਦੀ ਸੀ ਜੋ ਇਤਿਹਾਸਕ, ਸਮਾਜਿਕ ਜਾਂ ਫਿਰ ਦੇਸ਼ ਭਗਤੀ ਅਧਾਰਤ ਵਿਸ਼ੇ 'ਤੇ ਹੁੰਦੀ ਸੀ। ਉਸ ਫ਼ਿਲਮ 'ਚ ਪਰਦੇ ਪਿਛਲੀ ਆਵਾਜ਼,ਐਡੀਟਿਗ ਤੇ ਡਾਇਰੈਕਸ਼ਨ ਵਰਿਆਮ ਮਸਤ ਦੀ ਹੁੰਦੀ ਸੀ। ਫਿਰ ੧੯੯੧ ਵਿਚ ਵਰਿਆਮ ਭਾਰਤ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਦੇ ਸੌਂਗ ਐਂਡ ਡਰਾਮਾ ਡਿਪਾਰਟਮੈਂਟ ਵਿੱਚ ਡਿਪਟੀ ਡਾਇਰੈਕਟਰ ਦੇ ਆਹੁਦੇ 'ਤੇ ਰਹਿੰਦਿਆ ਪੂਰੇ ਭਾਰਤ ਦੀਆਂ ਵੱਖ ਵੱਖ ਸਟੇਟਾਂ ਵਿੱਚ ਸਮਾਜਿਕ ਮੁੱਦਿਆਂ ਅਧਾਰਤ ਲੋਕ ਚੇਤਨਾਂ ਦਾ ਚਾਨਣ ਵੰਡਦੇ ਨਾਟਕਾਂ ਅਤੇ ਸੰਗੀਤਕ ਪ੍ਰੋਗਰਾਮ ਦਾ ਮੰਚਨ ਕੀਤਾ।

ਵਰਿਅਮ ਮਸਤ ਨੇ ਦੱਸਿਆ ਕਿ ਇਸ ਦੇ ਨਾਲ ਨਾਲ ਹੀ ਮੇਰੀ ਲੇਖਣੀ ਦਾ ਕਾਰਜ ਵੀ ਜ਼ੋਰਾਂ 'ਤੇ ਰਿਹਾ। ਉਸਨੇ ਪੰਜਾਬੀ ਹਿੰਦੀ ਅਤੇ ਅੰਗਰੇਜ਼ੀ ਵਿੱਚ ਅਨੇਕਾਂ ਕਹਾਣੀਆਂ, ਕਵਿਤਾਵਾਂ ਅਤੇ ਨਾਟਕਾਂ ਦੀਆਂ ਕਿਤਾਬਾਂ ਲਿਖੀਆਂ। ਜਿਨ੍ਹਾਂ 'ਚ **ਵਿਹੜੇ ਦੀ ਮਹਿਕ ,ਰਿਸ਼ਤੇ, ਨੈਣਾਂ'** ਨਾਟਕ ਬਹੁਤ ਮਸ਼ਹੂਰ ਹੋਏ। ਇਸ ਤੋਂ ਇਲਾਵਾ ਕਵਿਤਾਵਾਂ ਦੀਆਂ ਚਾਰ ਪੁਸਤਕਾਂ '**ਪਲ ਦੇ ਪ੍ਰਾਹੁਣੇ, ਸੁਮੇਲ, ਪੈਂਸਨ ਤੇ ਸੁਮੰਦਰ ਉਘਲਾਅ ਰਿਹਾ ਹੈ**' ਛਪ ਚੁੱਕੀਆਂ ਹਨ। ਨਾਟਕ ਬਾਕੀ ਹੈ, **ਤਮਾਸ਼ਾ,ਕੁੰਡਲੀ,ਘਰਲੀ, ਉਡਾਰੀ, ਅੱਜ ਦੀ ਸਾਹਿਬਾ,ਖਾਰਾ ਪਾਣੀ,ਬੂਟੀਕ, ਭੰਬੂਕਾਂ** ਆਦਿ ਨਾਟਕਾਂ ਦੀਆਂ ਕਿਤਾਬਾਂ ਛਪੀਆਂ। ਉਸਦਾ ਨਾਟਕ '**ਖਾਰਾ ਪਾਣੀ**' ਦਾ ਆਸਾਮੀ ਭਾਸ਼ਾ ਵਿੱਚ ਵੀ ਅਨੁਵਾਦ ਹੋ ਕੇ ਛਪਿਆ ਹੈ। ਇਸ ਤੋਂ ਇਲਾਵਾ **ਸੈਲਫੀ, ਟਵੀਟੀ, ਬੱਤਖ ਜੈਸੀ ਆਂਖੇ, ਟਚਿੰਗ ਮੂਮੈਂਟਸ**, ਕਹਾਣੀਆਂ ਦੀਆਂ ਕਿਤਾਬਾਂ ਵੀ ਛਪੀਆਂ ਹਨ।'**ਮਾਈ ਥੀਏਟਰ ਡੇਅਜ਼**( **ਸਵੈ ਜੀਵਨੀ-ਅੰਗਰੇਜ਼ੀ**) ਪੰਜਾਬੀ ਨਾਵਲ '**ਕਾਲੀ ਧਰਤੀ ਗੋਰੇ ਲੋਗ**', **ਲੇਹ ਤੇ ਕਹਿਰ**, '**ਸੁਲਾਬ੍ਹੇ ਚੁੱਲ੍ਹੇ**' ਵੀ ਛਪੇ ਹਨ।

ਈ ਟੀ ਸੀ ਪੰਜਾਬੀ ਚੈਨਲ 'ਤੇ ਇਕ ਸੀਰੀਅਲ '**ਉਡੀਕ**' ਵੀ ਬਹੁਤ ਹਰਮਨ ਪਿਆਰਾ ਹੋਇਆ। ੬੦ ਕਿਸਤਾਂ ਦਾ ਇਹ ਸੀਰੀਅਲ ਦੋ ਤਿੰਨ ਸਾਲ ਚੱਲਿਆ। ਇਸ ਵਿੱਚ ਉਸਦੇ ਆਪਣੇ ਲਿਖੇ ਤੇ ਗਾਏ ਦੋ ਗੀਤ ( **ਮੇਹਣੇ ਮਾਰਦੇ ਸ਼ਰੀਕ**' ਅਤੇ '**ਕੁੰਡਾ ਖੜਕਾਅ ਗਿਆ..**' ਉਸ ਤੇ ਹੀ ਫ਼ਿਲਮਾਏ ਗਏ। ਇਸ ਤੋਂ ਇਲਾਵਾ ਇਸ ਸੀਰੀਅਲ ਵਿੱਚ ਉਸਨੇ ਮੁੱਖ ਭੂਮਿਕਾ ਵੀ ਨਿਭਾਈ। ਉਸਦੀਆਂ ਲਿਖੀਆਂ ਤਿੰਨ ਫ਼ਿਲਮਾਂ '**ਚੰਨ ਪਰਦੇਸੀ**', '**ਪ੍ਰੋਫਾਇਲ ਆਫ਼ ਪੇਂਟਰ-ਸ਼ੋਭਾ ਸਿੰਘ**' ਅਤੇ '**ਸ੍ਰੀ ਹੇਮਕੁੰਟ ਸਾਹਿਬ**' ਨੂੰ ਨੈਸ਼ਨਲ ਐਵਾਰਡ ਮਿਲਿਆ। ਵਰਿਆਮ ਮਸਤ ਦੀ ਲਿਖੀ ਇੱਕ ਸਾਰਟ ਫ਼ਿਲਮ 'ਦਰਜ਼ੀ' ਦਾ ਪ੍ਰਸਾਰਣ ਪਿਛਲੇ ਦਿਨੀਂ ਪੀ ਟੀ ਸੀ ਬਾਕਸ ਆਫ ਤੇ ਵੀ ਹੋਇਆ। ਮਾਣ ਸਨਮਾਨ ਦੀ ਗੱਲ ਕਰੀਏ ਤਾਂ ਦੇਸ਼ ਵਿਦੇਸ਼ਾਂ ਵਿੱਚ ਉਸਦੇ ਬਹੁਤ ਸਨਮਾਨ ਹੋਏ। ਪੰਜਾਬੀ ਅਕਾਦਮੀ ਦਿੱਲੀ ਵਲੋਂ ੨੦੦੮ ਵਿੱਚ ਪੰਜਾਬੀ ਨਾਟਕ ਪੁਰਸਕਾਰ ਨਾਲ ਨਿਵਾਜ਼ਿਆ ਗਿਆ। ਟਰਾਂਟੋ ਵਲੋਂ ਗੁਰਸ਼ਰਨ ਸਿੰਘ ਯਾਦਗਰੀ ਸਨਮਾਨ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਵਲੋਂ ਉਸਦੀ ਕਿਤਾਬ ਰਿਸ਼ਤੇ ਨੂੰ ਆਈ ਸੀ ਨੰਦਾ ਪੁਰਸਕਾਰ ਮਿਲਿਆ। ਭੁਵਨੇਸ਼ਵਰ ਸਰਕਾਰ ਵਲੋਂ ਰਾਜੀਵ ਗਾਂਧੀ ਸਦਭਾਵਨਾ ਐਵਾਰਡ ਦਿੱਤਾ ਗਿਆ। ਉਸਦੀਆਂ ਲਿਖੀਆਂ ਤਿੰਨ ਫਿਲਮਾਂ 'ਚੰਨ ਪਰਦੇਸੀ', 'ਪ੍ਰੋਫਾਇਲ ਆਫ਼ ਪੇਂਟਰ-ਸ਼ੋਭਾ ਸਿੰਘ' ਅਤੇ 'ਸ੍ਰੀ ਹੇਮਕੁੰਟ ਸਾਹਿਬ' ਨੂੰ ਨੈਸ਼ਨਲ ਐਵਾਰਡ ਮਿਲੇ ।

ਉਸਦੀ ਲਿਖੀ ਫ਼ਿਲਮ 'ਚੰਨ ਪਰਦੇਸੀ' ਹਿੱਟ ਹੋਈ ਤਾਂ ਇਸਦੀ ਚਰਚਾ ਦੇ ਡੱਗਿਆ ਦੀ ਗੂੰਜ ਬੰਬਈ ਤੱਕ ਗਈ। ਉਦੋਂ ਉਹ ਪੰਜਾਬ ਦੇ ਸਰਕਾਰੀ ਅਦਾਰੇ ਨਾਲ ਜੁੜਿਆ ਇਕ ਸਕਰਿਪਟ ਰਾਈਟਰ ਸੀ ਆਪਣੀਆਂ ਫ਼ਿਲਮਾਂ ਦੀ ਐਡੀਟਿੰਗ ਲਈ ਉਹ ਅਕਸਰ ਹੀ ਬੰਬੇ ਲੈਬ ਵਿਚ ਜਾਂਦਾ ਸੀ। ਇਕ ਦਿਨ ਉਥੇ ਉਸਨੂੰ ਪੰਜਾਬੀ ਫ਼ਿਲਮਾਂ ਵਾਲਾ ਵਰਿੰਦਰ ਮਿਲਿਆ ਤਾਂ ਉਸਨੇ ਵਰਿਆਮ ਦੇ ਗੀਤਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਸਦੀ ਫ਼ਿਲਮ '**ਨਿੰਮੋ**' ਲਈ ਵੀ ਕੋਈ ਚੰਗਾ ਗੀਤ ਲਿਖ ਕੇ ਦੇਵੇ। ਮੈਂ ਹਾਂ ਕਰ ਦਿੱਤੀ ਪਰ ਉਸਨੇ ਇਕ ਸ਼ਰਤ ਰੱਖੀ ਕਿ ਇਹ ਗੀਤ ਲਿਖਣ ਪਿੱਛੋ ਰਿਕਾਰਡ ਤਾਂ ਹੀ ਹੋਵੇਗਾ ਜੇਕਰ ਸਾਡੀ ਟੀਮ ਨੂੰ ਪਸੰਦ ਆਵੇਗਾ ਇਸ ਲਈ ਤੁਸੀਂ ਨਰਾਜ਼ਗੀ ਜਾਹਰ ਨਾ ਕਰਨਾ ਮੈਂ ਉਸਦੀ ਇਹ ਮਨੋਦਿਸ਼ਾ ਸਮਝਦਾ ਸੀ ਕਿਉਂਕਿ ਉਸਨੇ ਦੱਸਿਆ ਕਿ ਇਹ ਗੀਤ ਸਲਮਾ ਆਗਾ ਨੇ ਗਾਉਣਾ ਹੈ ਜੋ ਕਿ ਖੁਦ ਇਕ ਚੰਗੀ ਸ਼ਾਇਰਾ ਹੈ ਅਤੇ ਉਨ੍ਹਾਂ ਦਿਨਾ ਵਿਚ ਉਸਦੀ ਫ਼ਿਲਮ 'ਨਿਕਾਹ' ਖੂਬ ਚਰਚਾ ਵਿਚ ਸੀ ਮੈਂ ਵਰਿੰਦਰ ਦੇ ਫਲੈਟ ਵਿਚ ਪੁੱਜਿਆ ਤਾਂ ਉਥੇ ਸੰਗੀਤਕਾਰ ਕਮਲ ਕਾਂਤ , ਵਰਿੰਦਰ, ਮੋਹਨ ਬੱਗੜ, ਅਤੇ ਇਕ ਦੋ ਹੋਰ ਗੀਤਕਾਰ ਬੈਠੇ ਸੀ ਵਰਿੰਦਰ ਨੇ ਮੈਨੂੰ ਗੀਤ ਦੇ ਵਿਸ਼ੇ ਬਾਰੇ ਦੱਸਿਆ ਅਤੇ ਕਮਲ ਕਾਂਤ ਨੇ ਸੁਰ ਦੱਸਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਉਸਤੋਂ ਹਰਮੋਨੀਅਮ ਫੜ ਲਿਆ ਤੇ ਸੁਰਾਂ ਤੇ ਉਂਗਲੀ ਚਲਾਈ। ਵਰਿੰਦਰ ਨੂੰ ਪਹਿਲੀ ਹੀ ਤਰਜ਼ ਪਸੰਦ ਆ ਗਈ, ਤਾਂ ਉਸਨੇ ਝੱਟ ਕਿਹਾ 'ਬੱਸ.. ਬੱਸ ,ਆਹੀ ਚਾਹੀਦੀ ਹੈ। ਕੁਝ ਚਿਰ ਸੋਚਣ ਤੋਂ ਬਾਅਦ ਮੈਂ ਸਥਾਈ ਅੰਤਰਾਂ ਗਾਇਆ-

**“ਇਕ ਤੂੰ ਹੋਵੇਂ ਇਕ ਮੈਂ ਹੋਵਾਂ...**
**ਇਕ ਚਰਖੇ ਦੀ ਹੋਵੇ ਗੁੱਝ ਮਿੱਤਰਾ..”**




ਵਰਿੰਦਰ ਉਠ ਕੇ ਖੜ੍ਹਾ ਹੋ ਗਿਆ, ਵਰਿਆਮ ਵੀ ਉਚੀ ਉਚੀ ਗਾਉਣ ਲੱਗਿਆ ਇਸ ਤਰ੍ਹਾਂ ਸ਼ਾਮ ਤੱਕ ਇਹ ਗੀਤ ਪੂਰਾ ਹੋ ਗਿਆ। ਪੰਜ ਵਜੇ ਦੇ ਕਰੀਬ ਚਿੱਟੀ ਚਮਕਦਾਰ ਸਿਤਾਰਿਆਂ ਜੜ੍ਹੀਂ ਸਾੜ੍ਹੀ ਵਿਚ ਮਹਿਕਾਂ ਬਖੇਰਦੀ ਲੰਮ -ਸਲੰਮੀ ਸਲਮਾ ਆਗਾ ਆਪਣੀ ਕਾਰ 'ਚੋਂ ਉੱਤਰ ਕੇ ਕਾਹਲੇ ਕਾਹਲੇ ਕਦਮਾਂ ਨਾਲ ਵਰਿੰਦਰ ਦੇ ਫਲੈਟ ਵਿਚ ਪਹੁੰਚਦੀ ਹੈ। ਕਮਰੇ ਵਿਚ ਬੈਠੇ ਸਾਰੇ ਹੀ ਲੋਕ ਇਕ ਦਮ ਉਸਦੇ ਸਵਾਗਤ ਲਈ ਖੜ੍ਹੇ ਹੋ ਜਾਦੇ ਹਨ ਪਰ ਵਰਿਆਮ ਆਪਣੇ ਗੀਤ ਦੀਆਂ ਧੁਨਾਂ ਵਿਚ ਮਸਤ ਹੋਇਆ ਸਿਰ ਹਿਲਾ ਰਿਹਾ ਸੀ। ਸਲਮਾ ਆਗਾ ਨੇ ਆਉਂਦਿਆ ਹੀ ਪੁੱਛਿਆ ਕਿ ਕੌਣ ਹੈ ਗੀਤਕਾਰ ? ਤਾਂ ਵਰਿੰਦਰ ਨੇ ਵਰਿਆਮ ਮਸਤ ਵੱਲ ਇਸ਼ਾਰਾ ਕੀਤਾ ਤੇ ਕਿਹਾ ਕਿ ਇਹ ਉਹ ਗੀਤਕਾਰ ਹੈ ਜਿਸਨੇ 'ਚੰਨ ਪਰਦੇਸੀ' ਫ਼ਿਲਮ ਦੀ ਕਹਾਣੀ ਅਤੇ ਗੀਤ ਲਿਖੇ ਹਨ। ਇਨ੍ਹਾਂ ਸੁਣਦਿਆਂ ਹੀ ਸਲਮਾ ਆਗਾ ਦਾ ਚਿਹਰਾ ਖਿੱਲ ਉੱਠਿਆ ਅਤੇ ਉਸਨੇ ਫ਼ਿਲਮ ਦੀ ਤਾਰੀਫ਼ ਕਰਦਿਆ ਵਰਿਆਮ ਮਸਤ ਨੂੰ ਕਿਹਾ ਕਿ ਆਪ ਹਰਮੋਨੀਅਮ ਪਰ ਗੀਤ ਗਾ ਕਰ ਸੁਣਾਏ। ਤਾਂ ਵਰਿਆਮ ਨੇ ਸੁਰਤਾਲ ਵਿਚ ਉਹ ਗੀਤ ਗਾਇਆ ਤੇ ਸਲਮਾ ਆਗਾ ਨੂੰ ਪਸੰਦ ਆ ਗਿਆ। ਸਲਮਾ ਆਗਾ ਨੇ ਖੁਸ਼ੀ ਜਾਹਰ ਕਰਦਿਆ ਕਿਹਾ ਕਿ ਮੈਂ ਕੱਲ ਸੁਬਾ ਸਟੁਡੀਓ ਪਹੁੰਚ ਜਾਉਂਗੀ। ਇਸ ਤਰ੍ਹਾਂ ਵਰਿੰਦਰ ਦੀ ਫ਼ਿਲਮ 'ਨਿੰਮੋ' ਵਿਚ ਵਰਿਆਮ ਮਸਤ ਦਾ ਗੀਤ ਰਿਕਾਰਡ ਹੋਇਆ। ਪਿਛਲੇ ਕਈ ਸਾਲਾਂ ਤੋਂ ਦਿੱਲੀ ਰਹਿ ਰਿਹਾ ਵਰਿਆਮ ਮਸਤ ਬੀਤੇ ਦਿਨੀਂ ਆਪਣੇ ਸ਼ਹਿਰ ਬਰਨਾਲੇ ਆਇਆ ਤਾਂ ਦੱਸਿਆ ਕਿ ਬਹੁਤ ਜਲਦ ਉਹ ਇੱਕ ਨਵਾਂ ਪ੍ਰਾਜੈਕਟ ਸੁਰੂ ਕਰ ਰਹੇ ਹਨ ਜਿਸ ਸਬੰਧੀ ਉਹ ਪੰਜਾਬ ਆਇਆ ਹੈ। ਆਪਣੇ ਪਰਿਵਾਰ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੇਰੀ ਜੀਵਨ ਸਾਥਣ ਬਲਵੀਰ ਮਸਤ ਨੇ ਕਲਾ ਅਤੇ ਜ਼ਿੰਦਗੀ ਦੇ ਹਰ ਮੋੜ ਤੇ ਮੇਰਾ ਸਾਥ ਦਿੱਤਾ ਹੈ। ਕਲਾ ਦੇ ਖੇਤਰ ਵਿੱਚ ਪਰਿਵਾਰ 'ਚ ਪਹਿਲਾ ਮੈਂ ਹੀ ਆਇਆ.. ਨਾ ਕੋਈ ਮੈਥੋਂ ਪਹਿਲਾਂ ਸੀ ਤੇ ਨਾਂ ਹੀ ਕੋਈ ਬਾਅਦ ਵਿਚ। ਮੇਰਾ ਬੇਟਾ ਬਾਹਰ ਟਰਾਂਟੋ ( ਕਨੈਡਾ) ਰਹਿੰਦਾ, ਜੋ ਸਾਫਟ ਇੰਜਨੀਅਰ ਹੈ। ਬੇਟੀ ਡਾਕਟਰ ਹੈ ਜੋ ਬੋਸਟਨ ਅਮੇਰਿਕਾ ਰਹਿੰਦੀ ਹੈ। ਮੈਂ ਆਪਣੇ ਬੱਚਿਆਂ 'ਤੇ ਇਹ ਥੋਪਣਾ ਨਹੀਂ ਚਾਹਿਆ ਕਿ ਉਹ ਆਰਟਿਸਟ ਹੀ ਬਣਨ...ਜੇ ਉਨ੍ਹਾਂ ਦੇ ਮਨ 'ਚ ਹੁੰਦਾ ਤਾਂ ਉਹ ਇੱਧਰ ਆ ਜਾਂਦੇ। ਮੈਂ ਮਜਬੂਰ ਨਹੀਂ ਕੀਤਾ। ਵੇਖਿਆ ਜਾਵੇ ਤਾਂ ਰੰਗਮੰਚ ਕਰਨਾ ਤਾਂ ਘਰ ਫੂਕ ਤਮਾਸ਼ਾ ਵੇਖਣਾ ਹੀ ਹੈ। ਅੱਜਕਲ ਤਾਂ ਰੰਗਮੰਚ ਕਲਾਕਾਰਾਂ ਦੀ ਸਿਨਮੇ ਕਰਕੇ ਕਦਰ ਪੈਣ ਲੱਗੀ ਹੈ। ਸਾਡੇ ਦੌਰ ਵਿੱਚ ਤਾਂ ਬਹੁਤ ਮਾੜੀ ਹਾਲਤ ਸੀ। ਭੁੱਖੇ-ਭਾਣੈ ਤੁਰੇ ਫਿਰਦੇ ਸੀ ਰੰਗਮੰਚ ਦਾ ਜਨੂੰਨ ਲੈ ਕੇ...।

ਬਰਨਾਲੇ ਇਲਾਕੇ 'ਚੋ ਪਹਿਲਾਂ ਮੈਂ ਹੀ ਸੀ ਜੋ ਰੰਗਮੰਚ ਨਾਲ ਜੁੜਿਆ ਤੇ ਬੰਬੇ ਫਿਲਮਾਂ ਵੱਲ ਜਾਣ ਦਾ ਸੁਪਨਾ ਪੂਰਾ ਕੀਤਾ।



ਬਰਨਾਲੇ ਬਾਰੇ ਗੱਲ ਕਰਦਿਆਂ ਵਰਿਆਮ ਮਸਤ ਨੇ ਕਿਹਾ ਕਿ ਇਸ ਖੇਤਰ ਦੀ ਸਾਹਿਤ ਅਤੇ ਰੰਗਮੰਚ ਨੂੰ ਬਹੁਤ ਵੱਡੀ ਦੇਣ ਹੈ । ਬਲਵੰਤ ਗਾਰਗੀ ਦੀ ਜਨਮ ਭੂਮੀ (ਪਿੰਡ ਸ਼ਹਿਣਾ) ਹੋਣ ਦਾ ਬਰਨਾਲਾ ਜ਼ਿਲ੍ਹੇ ਨੂੰ ਮਾਣ ਹੈ। ਮੇਰੀ ਕੋਸ਼ਿਸ਼ ਰਹੀ ਕਿ ਇੱਥੇ ਕਲਾ ਨੂੰ ਹੋਰ ਉਤਸਾਹਿਤ ਕਰਨ ਲਈ ਕੋਈ ਓਪਨ ਏਅਰ ਥੀਏਟਰ ਜਾਂ ਐਡੀਟੋਰੀਅਲ ਬਣਾਇਆ ਜਾਵੇ ,ਜਿਸ ਵਿੱਚ ਰੰਗਮੰਚ ਵੀ ਹੋਵੇ ,ਇੱਕ ਲਾਇਬ੍ਰੇਰੀ ਹੋਵੇ ਤੇ ਮਿਊਂਜ਼ੀਅਮ ਹੋਵੇ। ਸਾਹਿਤਕਾਰਾਂ, ਰੰਗਕਰਮੀਆਂ ਦੀ ਜਾਣਕਾਰੀ ਦੇਣ ਵਾਲੀ ਆਰਟ ਗੈਲਰੀ ਹੋਵੇ। ਇਸ ਬਾਰੇ ਪਿਛਲੇ ਕਈ ਸਾਲਾਂ ਤੋਂ ਅਨੇਕਾਂ ਮੰਤਰੀਆਂ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਮਿਲਦਾ ਆ ਰਿਹਾ ਸੀ। ਪਰ ਅਫ਼ਸੋਸ ਕਿ ਕਿਸੇ ਨੇ ਵੀ ਮੇਰੀ ਗੱਲ ਨੂੰ ਗੰਭੀਰਤਾ ਨਾਲ ਨਾ ਲਿਆ ਤੇ ਸਭ ਨੇ ਆਪਣੇ ਮਿੱਠੇ ਲਾਰਿਆਂ 'ਚ ਹੀ ਮੇਰਾ ਵਕਤ ਖ਼ਰਾਬ ਕੀਤਾ। ਅਖੀਰ ਜਦ ਮੇਰੇ ਹਾਣੀ ਇੰਨ੍ਹਾਂ ਲਾਰਿਆਂ ਬਦਲੇ ਮੈਨੂੰ ਮਖੌਲ ਕਰਨ ਲੱਗੇ ਤਾਂ ਮੈਂ ਖੁਦ ਇਸ ਸੁਪਨੇ ਨੂੰ ਪੂਰਾ ਕਰਨ ਦਾ ਬੀੜਾ ਚੁੱਕਿਆ ਤੇ 'ਬਰਨਾਲਾ ਇੰਟਰਨੈਸ਼ਨਲ ਥੀਏਟਰ ਐਂਡ ਫ਼ਿਲਮਸਿਟੀ ਟਰੱਸਟ' ਦਾ ਨਿਰਮਾਣ ਸੁਰੂ ਕਰ ਦਿੱਤਾ। ਇਹ ਫ਼ਿਲਮਸਿਟੀ ਫਿਲਮ ਐਂਡ ਤਕਨੀਕੀ ਕਾਰਜਾਂ ਦੇ ਇਲਾਵਾ ਫ਼ਿਲਮਾਂ ਦੀ ਸੂਟਿੰਗਾਂ ਅਤੇ ਫੋਟੋ ਸੈਸ਼ਨ ਲਈ ਵਿਸ਼ੇਸ਼ ਹੋਵੇਗੀ। ਵੱਡੀ ਗੱਲ ਕਿ ਦੂਰ ਦਰਾਡੇ ਦੇ ਕਲਾਕਾਰਾਂ ਲਈ ਠਹਿਰਣ ਦਾ ਵੀ ਪ੍ਰਬੰਧ ਹੋਵੇਗਾ। ਬਹੁਤ ਜਲਦ ਇਸ ਫ਼ਿਲਮਸਿਟੀ ਦਾ ਉਦਘਾਟਨ ਪੰਜਾਬੀ ਸਿਨਮੇ ਤੇ ਰੰਗਮੰਚ ਦੇ ਦਿੱਗਜ ਕਲਾਕਾਰਾਂ ਵਲੋਂ ਕੀਤਾ ਜਾਵੇਗਾ। ਹੁਣ ਉਹ ਦਿਨ ਦੂਰ ਨਹੀਂ ਜਦ ਚੰਡੀਗੜ੍ਹ ਤੇ ਮੁਹਾਲੀ ਤੋਂ ਬਾਅਦ ਬਰਨਾਲਾ ਸ਼ਹਿਰ ਦਾ ਨਾਂ ਵੀ ਫ਼ਿਲਮੀ ਨਕਸ਼ੇ 'ਤੇ ਹੋਵੇਗਾ।






# "ਕਿਹੜਾ ਸੱਪ ਸੁੰਘ ਗਿਆ ਤੈਨੂੰ ਨੀ ਬੱਲੀਏ ਕਣਕ ਦੀਏ"



ਸੁਖਵਿੰਦਰ ਬਰਾੜ
587 830 2930

ਅੱਜ ਜ਼ਿਕਰ ਕਰਾਂਗੇ ਕੀ ਕੁੱਝ ਬਦਲ ਗਿਆ ਬਚਪਨ ਤੋਂ ਅੱਜ ਤੱਕ ਕਣਕ ਦੀ ਵਡਾਈ, ਕਢਾਈ, ਆਟਾ ਬਣਾਉਣ ਤੱਕ ਦਾ ਸਫਰ ॥

ਮੁੱਖ ਸ਼ਬਦ: ਫਾਈਟਿਕ ਐਸਿਡ, ਲੈਕਟੀਨਜ, ਇੰਡੋਸਪਰਮ, ਬਰਾਨ, ਜਰਮ, ਭਰੀਆਂ, ਮੰਡਲੀਆਂ, ਪਿੜ, ਗਾਹੁਣਾ, ਫਲਿਆਂ, ਛੈ, ਰੀੜੀ, ਘਰਾਟ, ਸਟੀਲ ਰੋਲਰ ਮਿਲ।

ਕਣਕ ਦੇ ਦਾਣੇ ਜਾਂ ਬੀਜ ਵਿੱਚ ਧਾਤਾਂ ਜਿਵੇਂ ਕਿ ਕੈਲਸ਼ੀਅਮ, ਮੈਗਨੀਸ਼ੀਅਮ, ਲੋਹਾ, ਜਿੰਕ, ਬੋਰੋਨ, ਆਇਓਡੀਨ, ਸੈਲੇਨੀਅਮ ਆਦਿ ਮੌਜੂਦ ਹਨ ਪਰ ਇਹ ਸਾਰੇ ਅਤੀ ਜਰੂਰੀ ਤੱਤ ਫਾਈਟਿਕ ਐਸਿਡ ਨਾਲ ਜਕੜੇ ਹੁੰਦੇ ਹਨ ਤੇ ਸਾਨੂੰ ਉਪਲਬਧ ਨਹੀਂ ਹੁੰਦੇ। ਇਹ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਕਣਕ ਆਪਣੇ ਬੀਜ ਨੂੰ ਬੇਮੌਸਮੀ ਸਮੇਂ ਦੌਰਾਨ ਸਟੋਰ ਕਰ ਸਕੇ ਤੇ ਮੁੜ ਮੌਸਮ ਆਉਣ ਤੇ ਜਦੋਂ ਨਮੀ ਵਾਲੀ ਜਮੀਨ ਵਿੱਚ ਬੀਜਦੇ ਹਾਂ ਤਾਂ ਇਨਜਾਈਮ ਫਾਈਟੇਜ ਫਾਈਟਿਕ ਐਸਿਡ ਨੂੰ ਤੋੜ ਦਿੰਦਾ ਹੈ ਤੇ ਸਾਰੀਆਂ ਧਾਤਾਂ ਰਿਲੀਜ਼ ਕਰ ਦਿੰਦਾ ਹੈ ਜਿਹੜੀਆਂ ਬੀਜ ਨੂੰ ਉਗਣ ਲਈ ਚਾਹੀਦੀਆਂ ਹਨ। ਇਸ ਸਾਰੀ ਪ੍ਰਕਿਰਿਆ ਵਿੱਚ ਕਿਸ ਦਾ ਰੋਲ ਹੈ-- ਪਾਣੀ ਦਾ।

ਇਸੇ ਤਰ੍ਹਾਂ ਕਣਕ ਵਿੱਚ ਲੈਕਟੀਨਜ ਹੁੰਦੇ ਹਨ ਜੋ ਕਿ ਜਹਿਰੀਲੇ ਪਦਾਰਥ ਹਨ ਉਹ ਦੁਸ਼ਮਣ ਜੀਵਾਂ ਨੂੰ ਦੂਰ ਭਜਾਉਣ ਲਈ ਬਣਾਏ ਜਾਂਦੇ ਹਨ। ਇੰਨੀ ਕੁ ਭੂਮਿਕਾ ਨਾਲ ਬਹੁਤ ਆਸਾਨ ਹੋ ਜਾਣਾ ਕਿ ਸਾਡੀ ਸਿਹਤ ਦਿਨੋਂ ਦਿਨ ਕਿਉਂ ਘਟ ਰਹੀ ਹੈ ਤੇ ਕਿਵੇਂ ਬੀਮਾਰੀਆਂ ਵਧ ਰਹੀਆਂ ਹਨ।





ਪਹਿਲਾਂ ਕਣਕ ਹੱਥੀਂ ਵੱਡੀ ਜਾਂਦੀ ਸੀ ਤੇ ਖੇਤਾਂ ਵਿੱਚ ਭਰੀਆਂ, ਮੰਡਲੀਆਂ ਬਣਾ ਕੇ ਉਪਰ ਭਾਰੇ ਭਾਰੇ ਮਿੱਟੀ ਦੇ ਡਲੇ ਰੱਖ ਦਿੱਤੇ ਜਾਂਦੇ ਸੀ ਉਡਣ ਤੋਂ ਬਚਾ ਲਈ।

ਫਿਰ ਪਿੰਡ ਦੇ ਬਾਹਰ ਪਿੜਾਂ (hard floor) ਵਿੱਚ ਲਿਆ ਕੇ ਬਲਦਾਂ ( ਬੌਲਦਾਂ) ਜਾਂ ਘੋੜਿਆਂ ਮਗਰ ਫਲਿਆਂ ਨਾਲ ਗਾਹੀ ਜਾਂਦੀ ਸੀ। ਮੈਂ ਵੀ ਕਈ ਵਾਰ ਚਾਚੇ ਦੀਆਂ ਲੱਤਾਂ ਵਿੱਚ ਬੈਠ ਕੇ ਫਲੇਹ ਤੇ ਝੂਟੇ ਲਏ ਹਨ। ਕਈ ਵਾਰ ਜਦੋਂ ਬਲਦ ਨੇ ਫੋਸ ( ਗੋਹਾ) ਕਰਨਾ ਚਾਚੇ ਨੇ ਕਹਿਣਾ ਜਾ ਭੱਜ ਕੇ ਛੈ ਲੈ। ਮੈਂ ਭੱਜ ਕੇ ਹੱਥਾਂ ਤੇ ਤੂੜੀ ਰੱਖ ਕੇ ਉਪਰ ਹੀ ਛੈ ਇਕੱਠੀ ਕਰ ਲਈ ਦੀ ਸੀ। ਬਲਦ ਪਿਸ਼ਾਬ ਵਗੈਰਾ ਵੀ ਕਣਕ ਦੇ ਉਪਰ ਹੀ ਕਰਦੇ ਸਨ। ਬਾਅਦ ਵਿੱਚ ਛੱਜਾਂ ਨਾਲ ਉੜਾ ਕੇ ਕਣਕ ਕੱਢ ਲਈਦੀ ਸੀ ਤੇ ਜਦੋਂ ਸਾਰਾ ਬੋਹਲ ਚੱਕ ਲਈਦਾ ਸੀ ਤਾਂ ਜੁਆਕਾਂ ਨੂੰ ਰੀੜੀ ਵੰਡੀ ਜਾਂਦੀ ਸੀ। ਕਣਕ ਦੀਆਂ ਝੋਲੀਆਂ ਭਰ ਭਰ ਕੇ। ਹੱਟੀ ਵੇਚ ਕੇ ਮਨਪਸੰਦ ਦੀਆਂ ਰਿਉੜੀਆਂ ਪਕੌੜੀਆਂ ਖਾਂਦੇ ਸੀ। ਫਿਰ ਕਣਕ ਨੂੰ ਖੁੱਲ੍ਹੇ ਕੋਠੀ ਕੋਠਿਆਂ ਵਿੱਚ ਸਟੋਰ ਕਰਦੇ ਸੀ। ਇੰਨੇ ਸਮੇਂ ਦੌਰਾਨ ਬਾਰਿਸ਼ ਜਰੂਰ ਪੈਂਦੀ ਸੀ ਤੇ ਪਾਣੀ ਲੱਗਣ ਨਾਲ ਫਾਈਟਿਕ ਐਸਿਡ ਰੀਮੂਵ ਹੋ ਜਾਂਦਾ ਸੀ। ਆਖਰ ਵਿੱਚ ਕਣਕ ਦਾ ਪੀਹਣ ਹਮੇਸ਼ਾ ਧੋ ਕੇ ਬਣਾਇਆ ਜਾਂਦਾ ਸੀ ਤੇ ਸੁੱਕਣ ਵਕਤ ਫਾਈਟਿਕ ਐਸਿਡ ਨਿਕਲ ਜਾਂਦਾ ਸੀ। ਕਣਕ ਨੂੰ ਹੱਥ ਚੱਕੀ ਤੇ ਥੋੜ੍ਹਾ ਥੋੜ੍ਹਾ ਪੰਜ ਸੱਤ ਦਿਨ ਦਾ ਆਟਾ ਹੀ ਪੀਸਾ ਜਾਂਦਾ ਸੀ। ਵੈਸੇ ਵੀ ਤੁਹਾਡੀ ਜਾਣਕਾਰੀ ਵਾਸਤੇ ਉਹਨਾਂ ਹਾਲਤਾਂ ਵਿੱਚ ਇਸ ਤੋਂ ਵਧ ਸਟੋਰ ਕਰਨ ਨਾਲ ਬੈਕਟੀਰੀਆ, ਮੋਲਡ, ਉਲੀ, ਮਾਈਕੋਟੌਕਸਨ ਪੈਦਾ ਹੋ ਜਾਂਦੇ ਹਨ। ਫਿਰ ਪਾਣੀ ਨਾਲ ਚਲਣ ਵਾਲੇ ਘਰਾਟ ਆ ਗਏ। ਆਟਾ ਠੰਡਾ ਰਹਿੰਦਾ ਹੈ ਤੇ ਵਿਟਾਮਿਨ ਨਸ਼ਟ ਨਹੀਂ ਹੁੰਦੇ।

ਕੰਬਾਈਨਾਂ, ਹਾਰਵੈਸਟਰਾਂ, ਸਟੋਰੇਜ ਬਿਨ ਆਉਣ ਨਾਲ ਸਾਰਾ ਕੰਮਕਾਜ ਆਸਾਨ ਹੋ ਗਿਆ ਪਰ ਨਿਊਟਰੀਸ਼ਨ ਦੀ ਐਸੀ ਤੈਸੀ, ਕਣਕ ਨੂੰ ਪਾਣੀ ਦੀ ਇੱਕ ਬੂੰਦ ਵੀ ਨਹੀਂ ਲੱਗਦੀ ਤੇ ਫਾਈਟਿਕ ਐਸਿਡ ਨਹੀਂ ਨਿਕਲਦਾ ਤੇ ਜਰੂਰੀ ਧਾਤਾਂ ਵੀ ਨਹੀਂ ਲੱਭਦੀਆਂ। ਸਿਹਤ ਕਿੱਥੋਂ ਬਣੂ ? ਰਹਿੰਦੀ ਖੂੰਹਦੀ ਕਸਰ ਕੱਢ ਤੀ ਸਟੀਲ ਰੋਲਰ ਫਲੋਰ ਮਿੱਲਾਂ ਨੇ। ਸਟੀਲ ਦੇ ਪੁੜਾਂ (ਰੋਲਲਇਰ) ਵਿੱਚ ਆਟੇ ਦਾ ਤਾਪਮਾਨ ਇੰਨਾ ਜਿਆਦਾ ਹੋ ਜਾਂਦਾ ਹੈ ਕਿ ਅੱਧੇ ਵਿਟਾਮਿਨ ਨਸ਼ਟ ਹੋ ਜਾਂਦੇ ਹਨ। ਕਣਕ ਵਿੱਚੋਂ ਇੰਡੋਸਪਰਮ, ਬਰਾਨ ( ਛਿਲਕਾ)ਤੇ ਜਰਮ (germ)ਵੱਖ ਵੱਖ ਕਰਕੇ ਇਕੱਲੇ ਇੰਡੋਸਪਰਮ ਮੈਦਾ ਵਿਟਾਮਿਨ ਤੇ ਧਾਤ ਹੀਣ ਦਾ ਆਟਾ ਸਾਨੂੰ ਪਰੋਸਿਆ ਜਾਂਦਾ ਹੈ। ਫਿਰ ਸਾਨੂੰ ਬੇਵਕੂਫ ਬਣਾਉਣ ਲਈ ਥੋੜ੍ਹਾ ਜਿਹਾ ਛਿਲਕਾ ਵਾਪਿਸ ਮਿਲਾ ਕੇ ਲਿਖ ਦਿੱਤਾ ਜਾਂਦਾ ਹੈ ( with bran or bran included) ਥੋੜ੍ਹਾ ਜਿਹਾ ਜਰਮ ਵਾਪਸ ਪਾ ਕੇ ਗਇਰਮ ਅਦਦਦ ਲਿਖਿਆ ਜਾਂਦਾ ਹੈ। ਜੇਕਰ ਆਟਾ ਸਟੋਨ ਮਿਲ ਵਿੱਚ ਪੀਸਿਆ ਹੋਵੇ ਤਾਂ ਕੀਮਤ ਡੇਢ ਤੋਂ ਦੋ ਗੁਣਾਂ ਕਰ ਦਿੱਤੀ ਜਾਂਦੀ ਹੈ। ਅਜਿਹੀ ਲੁੱਟ ਖਸੁੱਟ ਤੋਂ ਬਚੋ।

# 2021 ਦਾ ਸਤਿਕਾਰਤ ਸਰਵੋਤਮ ਪੰਜਾਬੀ ਪੰਜਾਬੀਆਂ ਦਾ ਮਾਣ : ਡਾ ਸਵੈਮਾਨ ਸਿੰਘ ਪੱਖੋਕੇ



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਪੰਜਾਬੀਆਂ ਨੇ 2021 ਦੇ ਸਾਲ ਵਿੱਚ ਬਹੁਤ ਸਾਰੀਆਂ ਮੱਲਾਂ ਮਾਰੀਆਂ ਹਨ। ਉਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸਫ਼ਲਤਾ ਕਿਸਾਨ ਅੰਦੋਲਨ ਦੀ ਅਗਵਾਈ ਕਰਕੇ ਉਸਦੀ ਜਿੱਤ ਦੇ ਝੰਡੇ ਗੱਡਣਾ ਹੈ। ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਮਜ਼ਦੂਰ ਅੰਦੋਲਨ ਇਕ ਸਾਲ ਲਗਾਤਾਰ ਚਲਣ ਕਰਕੇ 2021 ਦਾ ਵਰ੍ਹਾ ਭਾਰਤੀਆਂ ਅਤੇ ਖਾਸ ਤੌਰ 'ਤੇ ਪੰਜਾਬੀਆਂ ਲਈ ਇਤਿਹਾਸਿਕ ਸਾਲ ਸਾਬਤ ਹੋਇਆ ਹੈ। ਜਿਸਨੇ ਸਮੁੱਚੇ ਭਰਤੀਆਂ/ਪੰਜਾਬੀਆਂ ਵਿੱਚ ਆਪਣੇ ਹੱਕਾਂ ਲਈ ਲੜਾਈ ਲੜਨ ਵਾਸਤੇ ਜਾਗ੍ਰਤੀ ਪੈਦਾ ਕਰਨ ਦਾ ਕੰਮ ਕੀਤਾ ਹੈ। ਇਸ ਅੰਦੋਲਨ ਦੌਰਾਨ ਸਾਰਾ ਸਾਲ ਸਭ ਤੋਂ ਜ਼ਿਆਦਾ ਚਰਚਾ ਵਿੱਚ ਅਮਰੀਕਾ ਤੋਂ ਅੰਦੋਲਨ ਵਿੱਚ ਹਿੱਸਾ ਲੈਣ ਆਏ ਦਿਲ ਦੇ ਰੋਗਾਂ ਦੇ ਮਾਹਿਰ ਡਾ ਸਵੈਮਾਨ ਸਿੰਘ ਪੱਖੋਕੇ ਰਹੇ ਹਨ। ਕਿਸਾਨ ਮਜ਼ਦੂਰ ਅੰਦੋਲਨ ਦੀ ਸਫ਼ਲਤਾ ਨੇ ਬਹੁਤ ਸਾਰੇ ਛੁਪੇ ਹੋਏ ਪੰਜਾਬੀ ਹੀਰੇ ਮੋਤੀ ਸਾਹਮਣੇ ਲਿਆਂਦੇ ਹਨ, ਜਿਨ੍ਹਾਂ ਦੀ ਚਮਕ ਨੇ ਸਮਾਜ ਦੀਆਂ ਅੱਖਾਂ ਚੁੰਧਿਆਈਆਂ ਹੀ ਨਹੀਂ ਸਗੋਂ ਸਮੂਹਕ ਤੌਰ ਤੇ ਉਨ੍ਹਾਂ ਦੀ ਰੌਸ਼ਨੀ ਨੇ ਅਨੇਕਾਂ ਅੱਖਾਂ ਨੂੰ ਗਿਆਨ ਅਤੇ ਸੇਵਾ ਦੀ ਭਾਵਨਾ ਪੈਦਾ ਕਰਨ ਵਿੱਚ ਅਗਵਾਈ ਦਿੱਤੀ ਹੈ। ਇਨਸਾਨ ਦੀ ਕਾਬਲੀਅਤ ਦਾ ਸਿਰਫ਼ ਉਦੋਂ ਹੀ ਪਤਾ ਲੱਗਦਾ ਹੈ, ਜਦੋ ਉਸਨੂੰ ਆਪਣੀ ਕਾਬਲੀਅਤ ਦਾ ਪ੍ਰਗਟਾਵਾ ਕਰਨ ਦਾ ਮੌਕਾ ਮਿਲਦਾ ਹੈ। ਪੰਜਾਬੀ ਸਾਰੇ ਸੰਸਾਰ ਵਿੱਚ ਵਸੇ ਹੋਏ ਹਨ। ਉਨ੍ਹਾਂ ਵਿੱਚ ਚੰਦ ਕੁ ਅਜਿਹੇ ਇਨਸਾਨ ਵੀ ਹੋਣਗੇ ਜਿਨ੍ਹਾਂ ਦੀ ਕਾਬਲੀਅਤ ਸੰਸਾਰ ਲਈ ਹੈਰਾਨੀ ਪੈਦਾ ਕਰਨ ਦੀ ਸਮਰੱਥਾ ਰੱਖਦੀ ਹੋਵੇਗੀ। ਪ੍ਰੰਤੂ ਆਮ ਤੌਰ 'ਤੇ ਉਨ੍ਹਾਂ ਦੀ ਕਾਬਲੀਅਤ ਆਪਣੇ ਕਾਰੋਬਾਰ ਦੇ ਖੇਤਰ ਵਿੱਚ ਹੀ ਜਾਣੀ ਜਾਂਦੀ ਹੈ। ਕਿਸਾਨ ਮਜ਼ਦੂਰ ਅੰਦੋਲਨ ਵਿੱਚ ਸਮੁੱਚੇ ਸੰਸਾਰ ਵਿੱਚੋਂ ਪੰਜਾਬੀਆਂ ਨੇ ਹੁੰਮ ਹੁੰਮਾ ਕੇ ਕਿਸੇ ਨਾ ਕਿਸੇ ਨਾ ਕਿਸੇ ਰੂਪ ਵਿੱਚ ਸ਼ਮੂਲੀਅਤ ਕੀਤੀ ਹੈ। ਕਿਸੇ ਨੇ ਆਰਥਿਕ, ਸਮਾਜਿਕ, ਭਾਵਨਾਤਮਿਕ, ਪ੍ਰਬੰਧਕੀ ਅਤੇ ਕਿਸੇ ਨੇ ਨਿੱਜੀ ਤੌਰ ਤੇ ਪਹੁੰਚਕੇ ਆਪਣਾ ਯੋਗਦਾਨ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਅੰਦੋਲਨ ਦੀ ਸਫ਼ਲਤਾ ਦਾ ਰਾਜ ਵੀ ਸਮੂਹਿਕ ਯੋਗਦਾਨ ਕਰਕੇ ਹੀ ਸੰਭਵ ਹੋ ਸਕਿਆ ਹੈ ਪ੍ਰੰਤੂ ਕੁਝ ਕੁ ਵਿਅਕਤੀਆਂ ਦੇ ਨਿੱਜੀ ਸਰਬਪੱਖੀ ਅਤੇ ਬਹੁ-ਪੱਖੀ ਯੋਗਦਾਨ ਨੂੰ ਅਣਡਿਠ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਦੀ ਸਮਾਜ ਨੂੰ ਦਾਦ ਦੇ ਕੇ ਸਿਰ ਝੁਕਾਉਣ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਇਨਸਾਨ ਨੂੰ ਅਹਿਸਾਨ ਫਰਾਮੋਸ਼ ਨਹੀਂ ਹੋਣਾ ਚਾਹੀਦਾ। ਜੇਕਰ ਸਮਾਜ ਉਨ੍ਹਾਂ ਦੀ ਕਾਰਗੁਜ਼ਾਰੀ ਦਾ ਮੁੱਲ ਨਹੀਂ ਪਾਵੇਗਾ ਤਾਂ ਉਸਦੇ ਯੋਗਦਾਨ ਨੂੰ ਅਣਡਿਠ ਕਰਨ ਦੀ ਕੋਤਾਹੀ ਸਮਾਜਿਕ ਤਾਣੇ ਬਾਣੇ ਨੂੰ ਸਦਾ ਲਈ ਤੜਪਾਉਂਦੀ ਰਹੇਗੀ। ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਕਿਸੇ ਇਕ ਵਿਅਕਤੀ ਦੇ ਯੋਗਦਾਨ ਕਰਕੇ ਸਫਲਤਾ ਨੇ ਕਿਸਾਨ ਮਜ਼ਦੂਰ ਅੰਦੋਲਨ ਦੇ ਪੈਰ ਚੁੰਮੇ ਹਨ ਪ੍ਰੰਤੂ ਸਮਾਜ ਉਨ੍ਹਾਂ ਦੀ ਨਿੱਜੀ ਹਿੰਮਤ ਨੂੰ ਅੱਖੋਂ ਪ੍ਰੋਖੇ ਕਰਨ ਦੀ ਗ਼ਲਤੀ ਵੀ ਨਹੀਂ ਕਰ ਸਕਦਾ।

ਭਾਰਤ ਵਿੱਚ ਵਸਦੇ ਪੰਜਾਬੀਆਂ ਨੇ ਤਾਂ ਅੰਦੋਲਨ ਵਿੱਚ ਬਣਦਾ ਯੋਗਦਾਨ ਪਾਇਆ ਹੀ ਹੈ ਪ੍ਰੰਤੂ ਪਰਵਾਸੀ ਭਾਰਤੀਆਂ ਦੇ ਯੋਗਦਾਨ ਨੇ ਤਾਂ ਨਵੇਂ ਕੀਰਤੀਮਾਨ ਸਥਾਪਤ ਕਰ ਦਿੱਤੇ ਹਨ। ਇਸ ਅੰਦੋਲਨ ਦੌਰਾਨ ਪਰਵਾਸੀ ਭਾਰਤੀਆਂ/ ਪੰਜਾਬੀਆਂ ਵਿੱਚੋਂ ਇਕ ਨਾਮ ਉਭਰਕੇ ਸਾਹਮਣੇ ਆਇਆ ਹੈ, ਜਿਸਨੇ ਸਮੁੱਚੇ ਸੰਸਾਰ ਦੀਆਂ ਨਿਗਾਹਾਂ ਆਪਣੇ ਵੱਲ ਖਿੱਚੀਆਂ ਹੀ ਨਹੀਂ ਸਗੋਂ ਸਮਾਜ ਨੂੰ ਆਪਣੇ ਫ਼ਰਜ਼ ਨਿਭਾਉਣ ਲਈ ਪ੍ਰੇਰਿਤ ਵੀ ਕੀਤਾ ਹੈ। । ਉਹ ਨਾਮ ਹੈ ਸਰਬਕਲਾ ਸੰਪੂਰਨ ਅਤੇ ਸਮਰੱਥ ਇਨਸਾਨ ਦਿਲ ਦੇ ਰੋਗਾਂ ਦੇ ਮਾਹਿਰ ਡਾ ਸਵੈਮਾਨ ਸਿੰਘ ਪੱਖੋਕੇ, ਜਿਹੜੇ ਅਮਰੀਕਾ ਤੋਂ "ਫਾਈਵ ਰਿਵਰਜ਼ ਹਰਟ ਐਸੋਸੀਏਸ਼ਨ ਜੈਕਸਨ ਨਿਊਜਰਸੀ" ਸੰਸਥਾ ਦੇ ਬੈਨਰ ਹੇਠ ਅੰਦੋਲਨ ਵਿੱਚ ਸ਼ਾਮਲ ਅੰਦੋਲਨਕਾਰੀਆਂ ਦੀ ਵਿਲੱਖਣ ਸੇਵਾ ਕਰਨ ਦਾ ਮਾਣ ਹਾਸਲ ਕਰ ਚੁੱਕੇ ਹਨ। ਅੱਜ ਦੇ ਪਦਾਰਥਵਾਦੀ ਜ਼ਮਾਨੇ ਵਿੱਚ ਜਦੋਂ ਲੋਕਾਂ ਨੂੰ ਆਪੋ ਧਾਪੀ ਪਈ ਹੋਈ ਹੈ ਅਤੇ ਖਾਸ ਤੌਰ ਤੇ ਪੰਜਾਬੀ ਵਹੀਰਾਂ ਘੱਤ ਕੇ ਪਰਵਾਸ ਵਿੱਚ ਜਾ ਕੇ ਸੈਟਲ ਹੋਣ ਲਈ ਲਟਾ ਪੀਂਘ ਹੋਏ ਫਿਰਦੇ ਹਨ। ਜ਼ਾਇਜ਼ ਨਜ਼ਾਇਜ਼ ਢੰਗ ਵਰਤਕੇ ਪਰਵਾਸ ਨੂੰ ਭੱਜੇ ਜਾ ਰਹੇ ਹਨ ਤਾਂ ਅਜਿਹੇ ਹਾਲਾਤ ਵਿੱਚ ਆਰਾਮਦਾਇਕ ਜ਼ਿੰਦਗੀ ਨੂੰ ਲੱਤ ਮਾਰਕੇ ਅਣਸੁਖਾਵੇਂ ਹਾਲਾਤ ਵਿੱਚ ਜੂਝ ਰਹੇ ਕਿਸਾਨ ਮਜ਼ਦੂਰਾਂ ਦੀ ਬਾਂਹ ਫੜ੍ਹਨ ਲਈ ਅਮਰੀਕਾ ਵਰਗੇ ਸੰਸਾਰ ਦੇ ਸਭ ਤੋਂ ਸੁੰਦਰ, ਖ਼ੁਸ਼ਹਾਲ ਅਤੇ ਵਿਕਾਸਮਈ ਦੇਸ਼ ਵਿੱਚੋਂ ਲੱਖਾਂ ਡਾਲਰਾਂ ਦੀ ਚਕਾਚੌਂਧ ਵਾਲੀ ਨੌਕਰੀ ਨੂੰ ਤਿਲਾਂਜ਼ਲੀ ਦੇ ਕੇ ਆਪਣੀ ਮਾਤ ਭੂਮੀ ਨੂੰ ਸਿਜਦਾ ਕਰਨ ਲਈ ਆਉਣ ਵਾਲੇ ਇਨਸਾਨ ਨੂੰ ਫਰਿਸ਼ਤਾ ਨਹੀਂ ਕਹਾਂਗੇ ਤਾਂ ਹੋਰ ਕਿਹੜਾ ਸ਼ਬਦ ਵਰਤਾਂਗੇ ? ਉਹ ਆਪਣੀ ਡੇਢ ਸਾਲ ਦੀ ਅਣਭੋਲ ਅਤੇ ਮਾਸੂਮ ਬੱਚੀ ਤੋਂ ਵੀ ਪਿਛਲੇ ਇਕ ਸਾਲ ਤੋਂ ਦੂਰ ਰਹੇ ਹਨ, ਜਿਹੜੀ ਆਪਣੇ ਪਿਤਾ ਨੂੰ ਮਿਸ ਕਰਦੀ ਰਹੀ ਅਤੇ ਸਿਰਫ ਵੀਡੀਓਜ਼ ਵਿੱਚ ਵੇਖਕੇ ਹੀ ਸੰਤੁਸ਼ਟ ਹੁੰਦੀ ਰਹੀ।





ਪਿਤਾ ਜਸਵਿੰਦਰ ਪਾਲ ਸਿੰਘ ਪੱਖੋਕੇ ਅਤੇ ਮਾਤਾ ਸੁਰਿੰਦਰ ਕੌਰ ਪੱਖੋਕੇ ਦੀ ਅਮੀਰ ਵਿਰਾਸਤ ਦਾ ਚਸ਼ਮੇ ਚਿਰਾਗ ਜਿਨ੍ਹਾਂ ਨੇ ਆਪਣੇ ਮਾਪਿਆਂ ਦੀ ਜਦੋਜਹਿਦ ਅਤੇ ਸਮੂਹਿਕ ਸਮਾਜਿਕ ਹਿਤਾਂ ਲਈ ਕੀਤੀ ਕੁਰਬਾਨੀ 'ਤੇ ਪਹਿਰਾ ਦਿੰਦਿਆਂ ਕੰਡਿਆਲੇ ਰਸਤਿਆਂ 'ਤੇ ਤੁਰਦਿਆਂ ਕਿਸਾਨ ਮਜ਼ਦੂਰ ਅੰਦੋਲਨ ਦੀ ਸਫਲਤਾ ਵਿੱਚ ਬਹੁਪੱਖੀ ਯੋਗਦਾਨ ਪਾਉਂਦਿਆਂ ਰਾਤਾਂ ਜਾਗ ਕੇ ਸੇਵਾ ਕੀਤੀ ਹੈ। ਦੇਸ਼ ਭਗਤੀ ਉਸ ਵਿੱਚ ਕੁੱਟ ਕੁੱਟ ਕੇ ਭਰੀ ਹੋਈ ਹੈ। ਇਸਦਾ ਮੁੱਖ ਕਾਰਨ ਉਨ੍ਹਾਂ ਦੀ ਦੇਸ਼ ਭਗਤਾਂ ਦੀ ਅਮੀਰ ਵਿਰਾਸਤ ਹੈ। ਉਨ੍ਹਾਂ ਦੇ ਪੜਨਾਨਾ ਤਾਰਾ ਸਿੰਘ ਜੈਤੋ ਦੇ ਮੋਰਚੇ ਵਿੱਚ ਗ੍ਰਿਫ਼ਤਾਰੀ ਹੋਏ ਅਤੇ ਨਾਭਾ ਜੇਲ੍ਹ ਵਿੱਚ ਤੇਜਾ ਸਿੰਘ ਸਮੁੰਦਰੀ ਨਾਲ ਨਜ਼ਰਬੰਦ ਰਹੇ। ਇਸੇ ਤਰ੍ਹਾਂ ਉਨ੍ਹਾਂ ਦੇ ਦਾਦਾ ਜਗਜੀਤ ਸਿੰਘ ਸਾਰੀ ਉਮਰ ਆਪਣੇ ਪਿੰਡ ਦੇ ਸਰਪੰਚ ਹੁੰਦਿਆਂ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਹਿੱਸਾ ਲੈਂਦੇ ਰਹੇ ਸਨ। ਇਹ ਤਾਂ ਵੇਖਣ ਨੂੰ ਮਿਲਦਾ ਹੈ ਕਿ ਇਨਸਾਨ ਆਪੋ ਆਪਣੇ ਖੇਤਰ ਵਿੱਚ ਮੁਹਾਰਤ ਰੱਖਦਾ ਹੋਵੇ ਪ੍ਰੰਤੂ ਡਾ ਸਵੈਮਾਨ ਸਿੰਘ ਪੱਖੋਕੇ ਅਜਿਹੇ ਵਿਅਕਤੀ ਹਨ, ਜਿਹੜੇ ਡਾਕਟਰੀ ਖੇਤਰ ਤੋਂ ਇਲਾਵਾ ਪ੍ਰਬੰਧਕੀ ਯੋਗਤਾ ਵੀ ਰੱਖਦੇ ਹਨ। ਉਹ ਆਪਣੀ ਡਾਕਟਰਾਂ ਦੀ ਟੀਮ ਨਾਲ ਹਰ ਪੰਡਾਲ, ਝੌਂਪੜੀ, ਟਰਾਲੀ ਅਤੇ ਲੰਗਰਾਂ ਵਿੱਚ ਜਾ ਕੇ ਮਰੀਜ਼ਾਂ ਨੂੰ ਦਵਾਈਆਂ ਦਿੰਦੇ ਰਹੇ। ਅੱਧੀ ਅੱਧੀ ਰਾਤ ਤੱਕ ਉਹ ਲੋਕ ਸੇਵਾ ਵਿੱਚ ਜੁੱਟੇ ਰਹਿੰਦੇ ਸਨ। ਉਨ੍ਹਾਂ ਦੀ ਲੋਕ ਸੇਵਾ ਦੀ ਲਗਨ ਅਤੇ ਦ੍ਰਿੜ੍ਹਤਾ ਨੇ ਅੰਦੋਲਨਕਾਰੀਆਂ ਦੇ ਦਿਲ ਜਿੱਤ ਲਏ। ਉਹ ਸਥਾਨਕ ਲੋਕਾਂ ਨੂੰ ਵੀ ਦਵਾਈਆਂ ਦਿੰਦੇ ਰਹੇ ਹਨ। ਭਾਈ ਘਨਈਆ ਦੇ ਪੈਰ ਚਿੰਨ੍ਹਾ 'ਤੇ ਚਲਦੇ ਹੋਏ ਹਰ ਵਰਗ ਦੀ ਸੇਵਾ ਭਾਵੇਂ ਉਹ ਪੁਲਿਸ ਵਾਲੇ ਹੀ ਕਿਉਂ ਨਾ ਹੋਣ ਸੱਚੇ ਦਿਲੋਂ ਕੀਤੀ ? ਜੇ ਉਨ੍ਹਾਂ ਨੂੰ ਗੁਣਾ ਦੀ ਗੁਥਲੀ ਕਹਿ ਲਿਆ ਜਾਵੇ ਤਾਂ ਕੋਈ ਅਤਕਥਨੀ ਨਹੀਂ। ਅੱਜ ਦਿਨ ਉਹ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰ ਰਹੇ ਹਨ। ਜਦੋਂ ਉਨ੍ਹਾਂ ਨੂੰ ਗਰਮੀਆਂ ਦੇ ਮੌਸਮ ਵਿੱਚ ਕਿਸਾਨਾ ਲਈ ਰੈਣ ਬਸੇਰਿਆਂ ਦੀ ਘਾਟ ਮਹਿਸੂਸ ਹੋਈ ਤਾਂ ਉਨ੍ਹਾਂ ਇਸਤਰੀਆਂ ਲਈ ਰੈਣ ਬਸੇਰਾ ਬਣਾ ਦਿੱਤਾ, ਜਦੋਂ ਅੰਦਲਨਕਾਰੀਆਂ ਵਿੱਚ ਬਿਮਾਰੀਆਂ ਫ਼ੈਲਣ ਲੱਗੀਆਂ ਤਾਂ ਸਫ਼ਾਈ ਦਾ ਪ੍ਰਬੰਧ ਕਰ ਦਿੱਤਾ। ਏਥੇ ਹੀ ਬਸ ਨਹੀਂ ਪੀਣ ਲਈ ਸਾਫ ਪਾਣੀ ਦਾ ਇੰਤਜ਼ਾਮ ਕਰਵਾ ਦਿੱਤਾ। ਸਭ ਤੋਂ ਵਿਲੱਖਣ ਕੰਮ ਅੰਦੋਲਨਕਾਰੀਆਂ ਦੇ ਪੜ੍ਹਨ ਲਈ ਲਾਇਬਰੇਰੀ ਸਥਾਪਤ ਕਰ ਦਿੱਤੀ। ਇਥੋਂ ਤੱਕ ਕਿ ਜਦੋਂ ਹਰਿਆਣਾ ਵਿੱਚ ਕਿਸਾਨਾ ਨੇ ਕਰਨਾਲ ਜੀ ਟੀ ਰੋਡ 'ਤੇ ਅੰਦੋਲਨ ਸ਼ੁਰੂ ਕੀਤਾ ਤਾਂ ਸ਼ਮਿਆਨੇ ਦਾ ਸਾਮਾਨ ਟਰੱਕਾਂ ਵਿੱਚ ਲੱਦ ਕੇ ਉਥੇ ਪਹੁੰਚ ਗਏ ਤਾਂ ਜੋ ਅੰਦੋਨਕਾਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਭਾਸ਼ਣ ਦੇ ਕੇ ਲੋਕਾਂ ਨੂੰ ਕੀਲ ਕੇ ਰੱਖਣ ਅਤੇ ਉਨ੍ਹਾਂ ਨੂੰ ਅੰਦੋਲਨ ਵਿੱਚ ਸ਼ਾਂਤਮਈ ਢੰਗ ਨਾਲ ਹਿੱਸਾ ਪਾਉਣ ਦੀ ਪ੍ਰੇਰਨਾ ਵੀ ਆਪਣੀ ਕਿਸਮ ਦੀ ਸੀ, ਜਿਸ ਕਰਕੇ ਲੋਕ ਉਨ੍ਹਾਂ ਦੀ ਹਰ ਆਖੀ ਗੱਲ ਉਪਰ ਵਿਸ਼ਵਾਸ਼ ਹੀ ਨਹੀਂ ਕਰਦੇ ਸਨ, ਸਗੋਂ ਅਮਲ ਵੀ ਕਰਦੇ ਸਨ। ਉਹ ਨੌਜਵਾਨਾ, ਬਜ਼ੁਰਗਾਂ ਅਤੇ ਮਾਤਾਵਾਂ ਭੈਣਾ ਦੇ ਮਾਰਗ ਦਰਸ਼ਕ ਬਣੇ। ਨੌਜਵਾਨਾ ਨੂੰ ਲਾਮਬੰਦ ਕਰਕੇ ਉਨ੍ਹਾਂ ਦੇ ਮਨੋਰੰਜਨ ਲਈ ਖੇਡਾਂ ਕਰਵਾਉਂਦੇ ਰਹੇ। ਉਨ੍ਹਾਂ ਤੋਂ ਅੰਦੋਲਨਕਾਰੀ ਇਤਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਨੂੰ ਵੱਖ-ਵੱਖ ਪੰਡਾਲਾਂ ਵਿੱਚ ਭਾਸ਼ਣ ਦੇਣ ਲਈ ਬੁਲਾਇਆ ਜਾਣ ਲੱਗ ਪਿਆ। 26 ਜਨਵਰੀ ਦੀ ਲਾਲ ਕਿਲੇ ਵਾਲੀ ਘਟਨਾ ਤੋਂ ਬਾਅਦ ਉਨ੍ਹਾਂ ਦੀ ਅਪੀਲ ਲੋਕਾਂ ਦੇ ਦਿਲਾਂ ਨੂੰ ਹਲੂਣ ਗਈ ਸੀ। ਅਜਿਹੇ ਉਦਮ ਉਹ ਵਿਅਕਤੀ ਹੀ ਕਰ ਸਕਦਾ ਹੈ, ਜਿਸਦਾ ਅਕਸ ਸਾਫ਼ ਹੋਵੇ ਅਤੇ ਲੋਕਾਂ ਦਾ ਉਨ੍ਹਾਂ ਵਿੱਚ ਵਿਸ਼ਵਾਸ਼ ਪੈਦਾ ਹੋ ਜਾਵੇ। ਲੋਕਾਂ ਤੋਂ ਸਹਿਯੋਗ ਪ੍ਰਾਪਤ ਕਰਨ ਦੀ ਸਮਰੱਥਾ ਵੀ ਉਨ੍ਹਾਂ ਦੀ ਕਮਾਲ ਦੀ ਹੈ। ਦੇਸ਼ ਵਿਦੇਸ਼ ਤੋਂ ਹਰ ਵਿਅਕਤੀ ਉਨ੍ਹਾਂ ਨੂੰ ਸਹਿਯੋਗ ਦਿੰਦਾ ਰਿਹਾ ਹੈ। ਅੰਦੋਲਨ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਨੇ ਅੰਦੋਲਨਕਾਰੀਆਂ ਨੂੰ ਸਾਰੀਆਂ ਥਾਵਾਂ ਦੀ ਸਫ਼ਾਈ ਕਰਨ ਲਈ ਪ੍ਰਬੰਧ ਕੀਤੇ ਤਾਂ ਜੋ ਸਮਾਜ 'ਤੇ ਅੰਦੋਲਨ ਦਾ ਮਾੜਾ ਪ੍ਰਭਾਵ ਨਾ ਪਵੇ। ਇਸ ਸਮੇਂ ਸਮੁੱਚੇ ਪੰਜਾਬ ਵਿੱਚ ਡਾ ਸਵੈਮਾਨ ਸਿੰਘ ਦੀ ਮੰਗ ਸਗੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਵਧ ਗਈ ਹੈ। ਹਰ ਸੰਸਥਾ ਉਨ੍ਹਾਂ ਦੇ ਵਿਲੱਖਣ ਯੋਗਦਾਨ ਲਈ ਉਨ੍ਹਾਂ ਨੂੰ ਸਨਮਾਨਤ ਕਰਨਾ ਚਾਹੁੰਦੀ ਹੈ। ਹੁਣ ਉਹ ਪੰਜਾਬੀਆਂ ਨੇ ਜਿਸ ਤਰ੍ਹਾਂ ਅੰਦੋਲਨ ਦੀ ਸਫਲਤਾ ਲਈ ਇਕਮੁਠਤਾ ਦਾ ਸਬੂਤ ਦਿੱਤਾ ਹੈ, ਉਨ੍ਹਾਂ ਨੂੰ ਉਸੇ ਤਰ੍ਹਾਂ ਪੰਜਾਬ ਦੀ ਰਾਜਨੀਤੀ ਵਿੱਚ ਸਾਫ਼ ਸੁਥਰੇ ਅਕਸ ਵਾਲੇ ਵਿਧਾਨਕਾਰਾਂ ਦੀ ਚੋਣ ਕਰਨ ਲਈ ਪ੍ਰੇਰਿਤ ਕਰ ਰਹੇ ਹਨ। ਨਮਰਤਾ ਅਤੇ ਦੇਸ਼ ਭਗਤੀ ਦੇ ਪੁਜਾਰੀ ਡਾ ਸਵੈਮਾਨ ਸਿੰਘ ਦਾ ਹਰ ਪੰਜਾਬੀ ਆਪਣੇ ਆਪ ਨੂੰ ਉਨ੍ਹਾਂ ਦਾ ਕਰਜ਼ਈ ਸਮਝਦਾ ਹੈ। ਅੰਦੋਲਨ ਸਮਾਪਤ ਹੋਣ ਤੋਂ ਬਾਅਦ ਲਗਪਗ ਹਰ ਅੰਦੋਲਨਕਾਰੀ ਆਪਣੇ ਪਰਿਵਾਰਾਂ ਵਿੱਚ ਆਉਣ ਲਈ ਤਤਪਰ ਸੀ ਪ੍ਰੰਤੂ ਡਾ ਸਵੈਮਾਨ ਸਿੰਘ ਪੱਖੋਕੇ ਵਾਪਸ ਆਪਣੇ ਪਰਿਵਾਰ ਵਿੱਚ ਜਾਣ ਦੀ ਥਾਂ ਪੰਜਾਬੀਆਂ ਨੂੰ ਸਵੱਛ ਲੋਕਾਂ ਦੀ ਰਾਜਨੀਤਕ ਤਬਦੀਲੀ ਲਿਆਉਣ ਲਈ ਪੰਜਾਬ ਵਿੱਚ ਰੈਲੀਆਂ ਨੂੰ ਸੰਬੋਧਨ ਕਰ ਰਹੇ ਹਨ। ਪੰਜਾਬੀਆਂ ਨੂੰ ਉਨ੍ਹਾਂ ਦੀ ਡੈਡੀਕੇਸ਼ਨ ਤੋਂ ਸਬਕ ਸਿੱਖਣਾ ਚਾਹੀਦਾ ਹੈ।

# 23 ਪੋਹ ਬਨਾਮ ਪੋਹ ਸੁਦੀ 7

ਸਰਵਜੀਤ ਸਿੰਘ ਸੈਕਰਾਮੈਂਟੋ

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਇਹ ਦੋਵੇਂ ਤਾਰੀਖ਼ਾਂ, ਭਾਵੇਂ ਸੰਮਤ 1723 ਬਿਕ੍ਰਮੀ ਨੂੰ ਇਕੋ ਦਿਨ ਹੀ ਆਈਆਂ ਸਨ ਪਰ ਹਰ ਸਾਲ ਅਜੇਹਾ ਨਹੀਂ ਹੁੰਦਾ। ਇਨ੍ਹਾਂ ਵਿਚੋਂ ਇਕ ਤਾਰੀਖ 23 ਪੋਹ, ਸੂਰਜੀ ਬ੍ਰਿਕਮੀ (Solar) ਕੈਲੰਡਰ ਦੀ ਹੈ ਅਤੇ ਦੂਜੀ ਪੋਹ ਸੁਦੀ 7, ਚੰਦਰ ਸੂਰਜੀ (Lunisolar) ਬ੍ਰਿਕਮੀ ਕੈਲੰਡਰ ਦੀ ਹੈ। ਅੱਜ ਇਨ੍ਹਾਂ ਦੋ ਤਾਰੀਖ਼ਾਂ 'ਚ ਇਕ ਤਾਰੀਖ ਦੀ ਚੋਣ ਕਰਨੀ ਸਾਡੇ ਲਈ ਸਭ ਤੋਂ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਇਹ ਚੁਣੌਤੀ ਕਿਸੇ ਹੋਰ ਨੇ ਨਹੀ ਦਿੱਤੀ ਸਗੋਂ ਸਾਡੇ ਧਾਰਮਿਕ ਮੁੱਖੀਆਂ ਵੱਲੋਂ ਹੀ ਦਿੱਤੀ ਗਈ ਹੈ। ਆਓ, ਦਿਨੋ-ਦਿਨ ਗੰਭੀਰ ਹੁੰਦੀ ਜਾਂ ਰਹੀ ਇਸ ਸਮੱਸਿਆ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰੀਏ। ਕੈਲੰਡਰ ਵਿਗਿਆਨ ਦਾ ਆਰੰਭ ਵੀ, ਇਸ ਧਰਤੀ ਤੇ ਇਨਸਾਨ ਦੇ ਹੋਸ਼ ਸੰਭਾਲਣ ਨਾਲ ਹੀ ਹੋ ਗਿਆ ਸੀ। ਸਭ ਤੋਂ ਪਹਿਲਾ ਦਿਨ ਦੇ ਚਾਨਣ ਅਤੇ ਰਾਤ ਦੇ ਅੰਧੇਰੇ ਦਾ ਹੀ ਗਿਆਨ ਸੀ। ਖਿਆਲ ਕਰੋ ਕਿ ਜਦੋਂ ਕਿਸੇ ਸਿਆਣੇ ਨੇ ਚੰਦ ਦੇ ਮੱਸਿਆ ਤੋਂ ਪੁੰਨਿਆ ਤੱਕ ਚਾਨਣੇ ਪੱਖ (ਸੁਦੀ ਪੱਖ) ਅਤੇ ਪੁੰਨਿਆ ਤੋਂ ਮੱਸਿਆ ਦੇ ਹਨੇਰੇ ਪੱਖ (ਵਦੀ ਪੱਖ) ਦੀ ਗਿਣਤੀ ਕਰਕੇ ਕੈਲੰਡਰ ਦਾ ਮੁੱਢ ਬੰਨਿਆਂ ਹੋਵੇਗਾ ਤਾਂ ਇਨਸਾਨ ਦੇ ਜੀਵਨ ਵਿਚ ਕਿੰਨੀ ਤਬਦੀਲੀ ਆਈ ਹੋਏਗੀ। ਇਸ ਵਿਚ ਕੋਈ ਸ਼ੱਕ ਨਹੀ ਕਿ ਪਹਿਲਾ ਚੰਦ ਅਧਾਰਤ ਕੈਲੰਡਰ ਹੀ ਹੋਂਦ ਵਿਚ ਆਇਆ ਸੀ। ਜਿਓ-ਜਿਓ ਮਨੁੱਖ ਨੇ ਤਰੱਕੀ ਕੀਤੀ ਅਤੇ ਮੌਸਮ ਸਬੰਧੀ ਜਾਣਕਾਰੀ ਵਿਚ ਵਾਧਾ ਹੋਇਆ ਤਾਂ ਸੂਰਜੀ ਕੈਲੰਡਰ ਹੋਂਦ ਵਿਚ ਆਏ। ਅੱਜ ਵੀ ਚੰਦ ਅਧਾਰਿਤ ਕੈਲੰਡਰ ਦਾ ਸ਼ੁੱਧ ਰੂਪ ਹਿਜਰੀ ਕੈਲੰਡਰ, ਇਸਲਾਮ ਧਰਮ ਵਿਚ ਪ੍ਰਚੱਲਤ ਹੈ। ਹਿੰਦੂ ਧਰਮ ਵਿਚ ਚੰਦਰ ਸੂਰਜੀ ਬ੍ਰਿਕਮੀ ਕੈਲੰਡਰ ਪ੍ਰਚੱਲਤ ਹੈ ਅਤੇ ਸਿੱਖ ਧਰਮ ਵਿੱਚ ਚੰਦਰ-ਸੂਰਜੀ ਬ੍ਰਿਕਮੀ, ਅਤੇ ਸੀ: ਈ: ਕੈਲੰਡਰ ਪ੍ਰਚੱਲਤ ਹੈ। ਭਾਵੇਂ ਇਹ ਕੋਈ ਧਾਰਮਿਕ ਵਿਸ਼ਾ ਨਹੀਂ ਹੈ ਫਿਰ ਵੀ ਇਸ ਦਾ ਧਰਮ ਨਾਲ ਗੂੜਾ ਸਬੰਧ ਹੈ। ਕੈਲੰਡਰ ਦਾ ਮੁੱਖ ਮੰਤਵ ਤਾਂ ਸਮੇਂ ਦੀ ਗਿਣਤੀ-ਮਿਣਤੀ ਦੇ ਨਾਲ-ਨਾਲ ਕੌਮ ਲਈ ਮਹੱਤਵਪੂਰਨ ਦਿਹਾੜਿਆਂ ਦੀ ਸਹੀ ਨਿਸ਼ਾਨ ਦੇਹੀ ਕਰਨਾ ਹੁੰਦਾ ਹੈ।

ਧਰਤੀ ਆਪਣੇ ਧੁਰੇ ਤੇ ਘੁੰਮਦੀ ਹੈ ਇਸ ਦਾ ਇਕ ਚੱਕਰ, ਜਿਸ ਨੂੰ ਦਿਨ ਅਤੇ ਰਾਤ ਕਿਹਾ ਜਾਂਦਾ ਹੈ, 24 ਘੰਟੇ ਵਿਚ ਪੂਰਾ ਹੁੰਦਾ ਹੈ। ਧਰਤੀ ਸੂਰਜ ਦੁਵਾਲੇ ਵੀ ਘੁੰਮਦੀ ਹੈ, ਇਹ ਚੱਕਰ 365.2422 ਦਿਨ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ ( ) ਕਿਹਾ ਜਾਂਦਾ ਹੈ। ਚੰਦ ਧਰਤੀ ਦੁਵਾਲੇ ਘੁੰਮਦਾ ਹੈ ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿੱਚ ਵੀ 12 ਮਹੀਨੇ ਹੀ ਹੁੰਦੇ ਹਨ। ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਹੁੰਦੀ ਹੈ। ਚੰਦ ਦਾ ਇਕ ਸਾਲ ਰੁੱਤੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ। ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ। ਜਿਵੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਪੋਹ ਸੁਦੀ 7 ਮੁਤਾਬਕ, 2021 ਸੀ: ਈ: ਵਿਚ 20 ਜਨਵਰੀ ਨੂੰ ਆਇਆ ਸੀ ਇਸ ਸਾਲ (2022) ਇਹ ਦਿਹਾੜਾ ਪਿਛਲੇ ਸਾਲ ਤੋਂ 11 ਦਿਨ ਪਹਿਲਾ, 9 ਜਨਵਰੀ ਨੂੰ ਆਵੇਗਾ। ਇਸ ਤੋਂ ਅਗਲਾ ਪੁਰਬ 29 ਦਸੰਬਰ 2022 ਈ: ਨੂੰ ਆਵੇਗਾ। ਇਸ ਹਿਸਾਬ ਨਾਲ ਤਾਂ ਇਸ ਤੋਂ ਅਗਲਾ ਪੁਰਬ 18 ਦਸੰਬਰ 2023 ਈ: ਨੂੰ ਆਉਣਾ ਚਾਹੀਦਾ ਹੈ ਪਰ ਨਹੀ! ਹੁਣ ਇਹ 17 ਜਨਵਰੀ 2024 ਈ: ਨੂੰ ਆਵੇਗਾ। ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੁੰਦੇ ਹਨ। 2023 ਈ: ਵਿੱਚ ਸਾਵਣ ਦਾ ਮਹੀਨਾ ਦੋ ਵਾਰੀ ਆਵੇਗਾ। (19 ਸਾਲਾਂ ਵਿਚ ਚੰਦ ਦੇ 7 ਸਾਲ, 13 ਮਹੀਨਿਆਂ ਦੇ ਹੁੰਦੇ ਹਨ) ਤੇਰਵਾਂ ਮਹੀਨਾ ਜਿਸ ਨੂੰ ਮਲਮਾਸ ਕਿਹਾ ਜਾਂਦਾ ਹੈ, ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁਭ ਕੰਮ ਨਹੀਂ ਕੀਤਾ ਜਾਂਦਾ। ਮਲਮਾਸ ਦੇ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਆਉਣ ਦੀ ਬਿਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਜਿਹੜਾ ਦਿਹਾੜਾ 18 ਦਸੰਬਰ 2023 ਈ: ਨੂੰ ਆਉਣਾ ਚਾਹੀਦਾ ਸੀ ਹੁਣ ਉਹ 2024 ਈ: ਵਿਚ 18 ਜਨਵਰੀ ਨੂੰ ਆਵੇਗਾ। ਹੁਣ ਚੰਦ ਦੇ ਸਾਲ ਦੀ ਲੰਬਾਈ ਮੁਤਾਬਕ 11 ਦਿਨ ਪਹਿਲਾ ਭਾਵ 6 ਜਨਵਰੀ 2025 ਨੂੰ ਆਵੇਗਾ। ਅਤੇ ਇਸ ਤੋਂ ਅਗਲਾ ਪੁਰਬ ਇਸ ਤੋਂ 11 ਦਿਨ ਪਹਿਲਾ 26 ਦਸੰਬਰ 2025 ਈ: ਨੂੰ ਆਵੇਗਾ। ਹੁਣ ਫੇਰ 2026 ਈ: ਚੰਦ ਦੇ ਸਾਲ ਵਿਚ ਜੇਠ ਦਾ ਮਹੀਨਾ ਦੋ ਵਾਰੀ ਆਵੇਗਾ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਚਲਦਾ ਰਹੇਗਾ।

ਜਿਸ ਦਿਨ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਉਸ ਦਿਨ ਚੰਦ ਦੀ ਪੋਹ ਸੁਦੀ 7 ਦੇ ਨਾਲ-ਨਾਲ ਸੂਰਜੀ 23 ਪੋਹ ਵੀ ਸੀ।। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਹਰ ਸਾਲ ਦਿਹਾੜਾ ਪੋਹ ਸੁਦੀ 7 ਦੀ ਬਿਜਾਏ 23 ਪੋਹ ਨੂੰ ਮਨਾਉਂਦੇ ਹਾਂ ਤਾਂ ਸਾਡਾ ਕੀ ਨੁਕਸਾਨ ਹੈ ? ਨਹੀ ! ਇਸ ਨਾਲ ਸਾਡਾ ਕੋਈ ਨੁਕਸਾਨ ਨਹੀ ਹੁੰਦਾ। ਇਸ ਨਾਲ ਤਾਂ ਸਾਨੂੰ ਲਾਭ ਹੀ ਲਾਭ ਹੈ। ਅਸੀਂ ਵਦੀ-ਸੁਦੀ ਦੇ ਮੱਕੜ ਜਾਲ ਵਿੱਚੋਂ ਨਿਕਲ ਜਾਂਦੇ ਹਾਂ। ਸਾਡਾ ਇਹ ਲਾਭ ਸ਼ਾਇਦ ਕਿਸੇ ( ?) ਹੋਰ ਲਈ ਨੁਕਸਾਨ ਦਾਇਕ ਹੋ ਸਕਦਾ ਹੋਵੇ। ਹੈਰਾਨੀ ਦੀ ਗੱਲ ਹੈ ਕਿ ਸਾਡੇ ਧਾਰਮਿਕ ਮੁੱਖੀਆਂ ਨੂੰ ਸਾਡੇ ਲਾਭ ਨਾਲੋਂ ਕਿਸੇ ਹੋਰ ਦੇ ਹੋਣ ਵਾਲੇ ਸੰਭਾਵੀ ਨੁਕਸਾਨ ਦਾ ਜਿਆਦਾ ਫਿਕਰ ਹੈ। ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ, ਜੋ ਕੈਲੰਡਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪਿਆ ਜਾਂਦਾ ਹੈ। ਉਹ ਸੂਰਜੀ ਬਿਕ੍ਰਮੀ ਕੈਲੰਡਰ ਹੈ। ਜਿਸ ਦੇ ਸਾਲ ਦੀ ਲੰਬਾਈ 365.2563 ਦਿਨ ਹੈ। ਇਸ ਦਾ ਆਰੰਭ 1 ਚੇਤ ਤੋਂ ਹੁੰਦਾ ਹੈ ਅਤੇ 30 ਫੱਗਣ ਸਾਲ ਦਾ ਆਖਰੀ ਦਿਨ ਹੁੰਦਾ ਹੈ। ਇਸ ਵਿੱਚ ਕੁਝ ਦਿਹਾੜੇ ਸੂਰਜੀ ਬਿਕ੍ਰਮੀ ਮੁਤਾਬਕ (365.2563 ਦਿਨ), ਕੁਝ ਦਿਹਾੜੇ ਚੰਦ ਦੇ ਕੈਲੰਡਰ ਮੁਤਾਬਕ (354.53 ਦਿਨ) ਅਤੇ ਕੁਝ ਦਿਹਾੜੇ ਸੀ: ਈ: ਕੈਲੰਡਰ ਮੁਤਾਬਕ (365.2425 ਦਿਨ) ਦਰਜ ਕੀਤੇ ਜਾਂਦੇ ਹਨ। ਇਸ ਕੈਲੰਡਰ ਵਿੱਚ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ 13 ਪੋਹ ਨੂੰ ਆਉਂਦਾ ਹੈ ਪਰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜੇ ਦਾ ਪ੍ਰਵਿਸ਼ਟਾ ਹਰ ਸਾਲ ਬਦਲ ਜਾਂਦਾ ਹੈ। ਜਿਵੇ ਸੰਮਤ 551 ਨਾਨਕਸ਼ਾਹੀ ਵਿੱਚ 18 ਪੋਹ, ਸੰਮਤ 552 ਵਿੱਚ 7 ਮਾਘ, ਅਤੇ ਸੰਮਤ 553 ਵਿਚ 26 ਪੋਹ ਨੂੰ ਹੈ, ਸੰਮਤ 554 ਵਿੱਚ 14 ਪੋਹ ਅਤੇ ਸੰਮਤ 555 ਵਿੱਚ 4 ਮਾਘ ਨੂੰ ਆਵੇਗਾ।

ਨਾਨਕਸ਼ਾਹੀ ਕੈਲੰਡਰ, ਜਿਸ ਨੂੰ ਸ਼੍ਰੋਮਣੀ ਕਮੇਟੀ ਨੇ ਸੰਮਤ 535 ਨਾਨਕਸ਼ਾਹੀ (2003-2004 ਈ:) ਵਿਚ ਲਾਗੂ ਕੀਤਾ ਸੀ। ਪਰ ਅਚਾਨਕ ਹੀ ਮਾਰਚ 2010 ਈ: ਵਿਚ ਦੋ ਮੈਂਬਰੀ ਕਮੇਟੀ (ਅਵਤਾਰ ਸਿੰਘ ਮੱਕੜ ਅਤੇ ਹਰਨਾਮ ਸਿੰਘ ਧੁੰਮਾ) ਦੀ ਸਿਫ਼ਾਰਿਸ਼ ਤੇ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ, ਨਾਨਕਸ਼ਾਹੀ ਦੇ ਨਾਮ ਹੇਠ ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਗਿਆ। ਨਾਨਕਸ਼ਾਹੀ ਕੈਲੰਡਰ ਜਿਸ ਦੇ ਸਾਲ ਦੀ ਲੰਬਾਈ, ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਞਿ ਬਾਰੇ" ਤੇ ਅਧਾਰਿਤ ਹੈ। ਭਾਵ 365.2425 ਦਿਨ ਹੈ। ਇਸ ਦੇ ਮਹੀਨੇ ਦਾ ਆਰੰਭ ਹਰ ਸਾਲ ਇਕੋ ਸਮੇਂ ਹੀ ਹੁੰਦਾ ਹੈ। ਅਤੇ ਮਹੀਨੇ ਦੇ ਦਿਨ ਵੀ ਬਿਕ੍ਰਮੀ ਕੈਲੰਡਰ ਵਾਂਗੂ, ਹਰ ਸਾਲ ਨਹੀਂ ਬਦਲਦੇ, ਇਸ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਹਰ ਸਾਲ 23 ਪੋਹ (5 ਜਨਵਰੀ) ਨੂੰ ਹੀ ਆਉਂਦਾ ਹੈ।

ਪਿਛਲੇ ਸਾਲਾਂ ਵਿੱਚ ਸ਼੍ਰੋਮਣੀ ਕਮੇਟੀ ਨੂੰ ਕਈ ਵਾਰ ਲਿਖਤੀ ਬੇਨਤੀਆਂ ਕੀਤੀਆਂ ਹਨ ਪਰ ਉਨ੍ਹਾਂ ਨੇ ਕਦੇ ਹੁੰਗਾਰਾ ਨਹੀ ਭਰਿਆ। ਮੈਂ ਆਪਣੇ ਨਿੱਜੀ ਤਜਰਬੇ ਦੇ ਅਧਾਰ ਤੇ ਕਹਿ ਸਕਦਾ ਹਾਂ ਕਿ ਮੌਜੂਦਾ ਸਮੇਂ ਸ਼੍ਰੋਮਣੀ ਕਮੇਟੀ ਤੋਂ ਕਿਸੇ ਵੀ ਮਸਲੇ ਦੇ ਹੱਲ ਦੀ ਆਸ ਨਹੀਂ ਕਰਨੀ ਚਾਹੀਦੀ। ਸ਼੍ਰੋਮਣੀ ਕਮੇਟੀ ਦੇ ਉੱਚ ਸਿੱਖਿਆ ਪ੍ਰਾਪਤ ਅਹੁਦੇਦਾਰ, ਅਧਿਕਾਰੀ ਅਤੇ ਸਿੰਘ ਸਾਹਿਬ ਤਾਂ "ਉਪਰੋਂ ਆਏ ਹੁਕਮ" ਦੇ ਗੁਲਾਮ ਹਨ। ਹੁਣ ਇਹ ਫੈਸਲਾ ਪੂਰੇ ਵਿਸ਼ਵ 'ਚ ਫੈਲ ਚੁੱਕੀ ਸਿੱਖ ਕੌਮ ਨੇ ਕਰਨਾ ਹੈ, ਕੀ ਸਾਨੂੰ ਰੁੱਤੀ ਸਾਲ (Tropical Year) ਤੇ ਅਧਾਰਿਤ ਵਿਗਿਆਨਕ ਕੈਲੰਡਰ, ਭਾਵ ਨਾਨਕਸ਼ਾਹੀ ਕੈਲੰਡਰ, ਜਿਸ ਦੇ ਪ੍ਰਵਿਸ਼ਟੇ ਅਤੇ ਤਾਰੀਖਾਂ ਸਦਾ ਵਾਸਤੇ ਇਕੋ ਹੀ ਰਹਿਣਗੀਆਂ, ਦੀ ਲੋੜ ਹੈ ਜਾਂ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ ? ਜਿਸ ਦੀਆਂ ਤਾਰੀਖ਼ਾਂ ਹੀ ਹਰ ਸਾਲ ਨਹੀਂ ਬਦਲਦੀਆਂ, ਸਗੋਂ ਸਾਲ ਦੀ ਲੰਬਾਈ ਵੱਧ ਹੋਣ ਕਾਰਨ ਰੁੱਤਾਂ ਵੀ ਖਿਸਕ ਰਹੀਆਂ ਹਨ।


Tractor Trucks forlease

Two Trucks forlease
Volvo Trucks with Sleeper
Maintenance Freelease
Minimum Six Months to Twelve Monthslease
Good forlocal, Regional/Short-Haul
$5000.00 Down
$4000.00 Per Month
Some Restrictions Apply

FRESH FREIGHT



Please Contact:
KulbirShergillFresh Freightltd
Phone or Text- 403-510-0070
Email: info@freshfreight.ca




# ਪ੍ਰਸਿੱਧ ਪੱਤਰਕਾਰ ਅਰੂਸਾ ਆਲਮ, ਰਾਣੀ ਜਰਨਲ ਦੀ ਹੀ ਧੀ ਹੈ

ਪ੍ਰਸਿੱਧ ਪੱਤਰਕਾਰ ਅਰੂਸਾ ਆਲਮ, ਰਾਣੀ ਜਰਨਲ ਦੀ ਹੀ ਧੀ ਹੈ

ਇਹ ਵਕਤ ਕਿਸੇ ਦੇ ਪਿਓ ਦਾ ਨਹੀਂ
ਕੀ ਪਤੈ ਕਦੋਂ ਫਿਰ ਜਾਵੇ।
ਪਤਾ ਓਦੋਂ ਲੱਗਦੈ
ਜਦ ਪੰਛੀ ਪਿੰਜਰੇ ਦੇ ਵਿੱਚ ਘਿਰ ਜਾਵੇ।

1969 ਵਿੱਚ ਪਾਕਿਸਤਾਨੀ ਫੋਜ ਦੇ ਮੁੱਖੀ ਜਰਨਲ ਆਗਾ ਮੁਹੰਮਦ ਯਹੀਆ ਖਾਨ ਪਾਕਿਸਤਾਨ ਦੇ ਤਖ਼ਤ ਤੇ ਕਾਬਜ ਹੋ ਗਏ । ਉਸ ਵੇਲੇ ਉਹ ਪਾਕਿਸਤਾਨ ਦੇ ਸਭ ਤੋਂ ਤਾਕਤਵਰ ਵਿਅਕਤੀ ਸਨ ਜੋ ਪਾਕਿਸਤਾਨ ਦੇ ਤੀਸਰੇ ਰਾਸ਼ਟਰਪਤੀ ਬਣੇ। ਉਸਦੇ ਸ਼ਾਸ਼ਨ ਕਾਲ ਵਿੱਚ ਹੀ 1971 ਦੀ ਭਾਰਤ ਪਾਕਿਸਤਾਨ ਜੰਗ ਹੋਈ। ਇਸ ਜੰਗ ਵਿੱਚ ਪਾਕਿਸਤਾਨ ਨੂੰ ਮੂੰਹ ਦੀ ਖਾਣੀ ਪਈ, ਪਾਕਿਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ, ਦੁਨੀਆਂ ਦੇ ਨਕਸ਼ੇ ਤੇ ਬੰਗਲਾ ਦੇਸ਼ ਨਵਾਂ ਦੇਸ਼ ਹੋਂਦ ਵਿੱਚ ਆਇਆ।

ਜਰਨਲ ਯਹੀਆ ਖਾਂ ਤਾਕਤ ਦੇ ਨਸ਼ੇ ਦੇ ਨਾਲ ਨਾਲ ਹੋਰ ਵੀ ਕਈ ਨਸ਼ਿਆਂ ਦੇ ਆਦੀ ਸਨ । ਇੱਕ ਵਾਰ ਦੀ ਗੱਲ ਹੈ ਕਿ ਪਾਕਿਸਤਾਨ ਦੀ ਮਸ਼ਹੂਰ ਗਾਇਕਾ ਨੂਰ ਜਹਾਂ ਦੀ ਫਲਾਈਟ ਰੁਕ ਗਈ, ਰੇਡੀਓ ਅਧਿਕਾਰੀਆਂ ਨੇ ਨੂਰ ਜਹਾਂ ਨੂੰ ਰੇਡੀਓ ਸਟੇਸ਼ਨ ਤੇ ਬੁਲਾ ਕੇ ਉਸਦੇ ਤਿੰਨ ਗੀਤ ਰਿਕਾਰਡ ਕਰ ਲਏ। ਰਿਕਾਰਡਿੰਗ ਕਰ ਕੇ ਨੂਰ ਜਹਾਂ ਨੇ ਰੇਡੀਓ ਸਟੇਸ਼ਨ ਅਧਿਕਾਰੀ ਨੂੰ ਕਿਹਾ ਕਿ ਰਾਸ਼ਟਰਪਤੀ ਯਹੀਆ ਖਾਂ ਨੂੰ ਫੋਨ ਕਰੋ ਸਟੇਸ਼ਨ ਅਧਿਕਾਰੀ ਡਰ ਗਏ, ਨੂਰ ਜਹਾਂ ਨੇ ਖੁਦ ਰੇਡੀਓ ਸਟੇਸ਼ਨ ਦੇ ਫੋਨ ਤੋਂ ਯਹੀਆ ਖਾਂ ਨੂੰ ਫੋਨ ਲਾ ਲਿਆ ਤੇ ਕਿਹਾ ÷ ਮੈਂ ਰੇਡੀਓ ਤੋਂ ਤਿੰਨ ਗੀਤ ਰਿਕਾਰਡ ਕੀਤੇ ਨੇ ਸ਼ਾਮੀਂ ਅੱਠ ਵਜੇ ਸੁਣ ਲਵੀਂ÷। ਰੇਡੀਓ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕਿਉਂਕਿ ਅੱਠ ਵਜੇ ਖਬਰਾਂ ਦਾ ਸਮਾਂ ਸੀ।ਆਖਰ ਖਬਰਾਂ ਤੋਂ ਤੁਰੰਤ ਬਾਅਦ ਅਧਿਕਾਰੀਆਂ ਨੂੰ ਨੂਰ ਜਹਾਂ ਦੇ ਉਹ ਗੀਤ ਚਲਾਉਣੇ ਪਏ।

ਨੂਰ ਜਹਾਂ ਤੋਂ ਪਹਿਲਾਂ ਯਹੀਆ ਖਾਂ ਦੀ ਦੋਸਤੀ ਅਕਲੀਮ ਅਖਤਰ ਨਾਲ ਹੋ ਗਈ ਸੀ ਜੋ ਬਹੁਤ ਸੁੰਦਰ ਔਰਤ ਸੀ ਜਿਸਨੂੰ ਰਾਣੀ ਜਰਨਲ ਦੇ ਨਾਮ ਨਾਲ ਜਾਣਿਆ ਜਾਂਦਾ ਸੀ (ਅਕਲੀਮ ਅਖਤਰ ਉਰਫ ਰਾਣੀ ਜਨਰਲ ਬਾਰੇ ਇੱਕ ਵੱਖਰੀ ਪੋਸਟ ਲਿਖਾਂਗਾ) ਯਹੀਆ ਖਾਨ ਦੇ ਸਮੇਂ ਰਾਣੀ ਜਰਨਲ ਪਾਕਿਸਤਾਨ ਦੀ ਸਭ ਤੋਂ ਤਾਕਤਵਰ ਔਰਤ ਸੀ। ਵੱਡੇ ਵੱਡੇ ਅਫਸਰਾਂ ਦੇ ਕੰਮ ਉਸਦੇ ਕਹਿਣ ਤੇ ਹੀ ਹੁੰਦੇ ਸਨ।

ਪ੍ਰਸਿੱਧ ਪੱਤਰਕਾਰ ਅਰੂਸਾ ਆਲਮ, ਰਾਣੀ ਜਰਨਲ ਦੀ ਹੀ ਧੀ ਹੈ। ਜੰਗ ਵਿੱਚ ਹਾਰ ਜਾਣ ਤੋਂ ਬਾਦ ਪਾਕਿਸਤਾਨ ਦੀ ਵਾਗਡੋਰ ਜੁਲਫਕਾਰ ਅਲੀ ਭੁੱਟੋ ਦੇ ਹੱਥ ਆ ਗਈ।

ਯਹੀਆ ਖਾਨ ਨੂੰ ਪਾਕਿਸਤਾਨ ਦੇ ਲੋਕ ਨਫ਼ਰਤ ਕਰਨ ਲੱਗ ਪਏ। ਭੁੱਟੋ ਨੇ ਯਹੀਆ ਖ਼ਾਨ ਨੂੰ ਘਰ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਹਾਲਾਤ ਇਹ ਬਣ ਗਏ ਯਹੀਆ ਖ਼ਾਨ ਘਰ ਤੋਂ ਬਾਹਰ ਨਿਕਲਣ ਜੋਗਾ ਨਹੀਂ ਰਿਹਾ, ਜੋ ਲੋਕ ਉਸਨੂੰ ਸਲਾਮਾਂ ਕਰਦੇ ਸਨ, ਉਹ ਦੂਰ ਹੋ ਗਏ, ਯਹੀਆ ਖਾਨ ਦਾ ਇਕੋ ਇਕ ਪੁੱਤਰ ਅਲੀ ਯਹੀਆ ਖਾਨ ਵੀ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਾ।



ਆਖਰ ਯਹੀਆ ਖਾਨ ਦੀ ਮੌਤ ਹੋ ਗਈ, ਉਸਦੇ ਜਨਾਜ਼ੇ ਨਾਲ ਸਿਵਾਏ ਪਰਿਵਾਰਕ ਮੈਂਬਰਾਂ ਤੋਂ ਹੋਰ ਕੋਈ ਨਹੀਂ ਗਿਆ। ਆਲਮ ਇਹ ਸੀ ਕਿ ਯਹੀਆ ਖਾਨ ਦੀ ਲਾਸ਼ ਕਬਰਸਤਾਨ ਪੁੱਜਣ ਤੋਂ ਪਹਿਲਾਂ ਕਿਸੇ ਨੇ ਕਬਰ ਵੀ ਨਹੀਂ ਪੁੱਟੀ।

ਆਖਰ ਕਿਸੇ ਹੋਰ ਲਾਸ਼ ਲਈ ਪੁੱਟੀ ਕਬਰ ਵਿੱਚ ਉਸਦੇ ਪਰਿਵਾਰ ਤੋਂ ਇਜ਼ਾਜ਼ਤ ਲੈਕੇ ਯਹੀਆ ਖਾਨ ਨੂੰ ਸਪੁਰਦੇ ਖਾਕ ਕੀਤਾ ਗਿਆ। ਜਿਸਦਾ ਅੱਜ ਕਿਤੇ ਵੀ ਨਾਮੋ ਨਿਸ਼ਾਨ ਨਹੀਂ ਮਿਲਦਾ।

ਇਹ ਤਵਾਰੀਖੀ ਸੱਚ ਹੈ, ਤਾਕਤਵਰ ਤੇ ਸੱਤਾ ਦੇ ਨਸ਼ੇ ਵਿੱਚ ਚੂਰ ਹੁਕਮਰਾਨਾਂ ਨੂੰ ਇਤਿਹਾਸ ਜ਼ਰੂਰ ਪੜ੍ਹਨਾ ਚਾਹਿਦਾ ਹੈ।

ਆਦਮੀ ਕੋ ਚਾਹੀਏ
ਵਕਤ ਸੇ ਡਰ ਕੇ ਰਹੇ
ਕੌਣ ਜਾਨੇ ਕਿਸ ਘੜੀ
ਵਕਤ ਕਾ ਬਦਲੇ ਮਿਜ਼ਾਜ
ਵਕਤ ਕੇ ਦਿਨ ਔਰ ਰਾਤ
ਵਕਤ ਕੀ ਹਰ ਸ਼ੈਅ ਗੁਲਾਮ

---

ਲਾਵਾਂ ਤੋਂ ਬਾਅਦ ਸਾਲੀਆਂ ਨੇ ਗੁਰਦੇਵ ਸਿੰਘ ਨੂੰ ਘੇਰ ਲਿਆ। ਇੱਕ ਮਣਸੋ ਨਾਂ ਦੀ ਸਾਲੀ ਜ਼ਿਆਦਾ ਮੱਛਰੀ ਹੋਈ ਸੀ,ਉਹ ਬੜਾ ਪੋਲਾ ਜਿਹਾ ਮੂੰਹ ਬਣਾ ਕੇ ਗੁਰਦੇਵ ਸਿੰਘ ਨੂੰ ਪੁੱਛਦੀ ਐ !

"ਜੀਜਾ ਹੋਰ ਸਾਰੇ ਪਿੰਡ ਸੁੱਖ ਸਾਂਦ ਐ ? ਮਾਸੀ ਤੇ ਤੇਰੀ ਭੈਣ ਬੀਬੀ ਰਾਜੀ ਐ "

ਅੱਗੋਂ ਗੁਰਦੇਵ ਸਿੰਘ ਵੀ ਹੂੰ ਹਾਂ ਕਰੀ ਜਾਵੇ। ਫੇਰ ਉਹ ਆਪਣੀ ਅਸਲੀ ਗੱਲ ਤੇ ਆ ਗਈ 'ਤੇ ਕਹਿੰਦੀ "ਜੀਜਾ, ਹਾਂ ਸੱਚ ਉਹ ਥੋਡੇ ਪਿੰਡ ਵਾਲਾ ਜੀਤਾ ਰਾਜੀ ਐ ?"

ਇਹ ਉਹਦਾ ਅਸਲ ਨਿਸ਼ਾਨਾ ਸੀ। ਕੁੜੀਆਂ ਅਕਸਰ ਇਉਂ ਪੁੱਛਦੀਆਂ ਤੇ ਅੱਗਿਓਂ ਪ੍ਰਾਹੁਣਾ ਸੁਭਾਵਿਕ ਹੀ ਪੁੱਛਦਾ : ਕਿਹੜਾ ਜੀਤਾ ?

ਤਾਂ ਫੇਰ ਅੱਗਿਓਂ ਕੁੜੀਆਂ ਕਹਿ ਦਿੰਦੀਆਂ
ਜਿਹੜਾ ਭੈਣ ਤੇਰੀ ਨੇ ਕੀਤਾ

ਪਰ ਗੁਰਦੇਵ ਸਿੰਘ ਪਹਿਲਾਂ ਹੀ ਇਸ ਗੱਲ ਤੋਂ ਜਾਣੂੰ ਸੀ। ਝੱਟ ਆਪਣੀ ਜੇਬ ਵਿੱਚੋਂ ਚੌਹਰਾ ਕਰਕੇ ਮੋੜਿਆ ਹੋਇਆ ਕੋਰਾ ਕਾਗਜ਼ ਕੱਢ ਕੇ ਮਣਸੋ ਵੱਲ ਵਧਾਉਂਦੇ ਹੋਏ ਨੇ ਆਖਿਆ




"ਉਹ ਹੁਣ ਬਹੁਤ ਉਦਾਸ ਰਹਿੰਦਾ ਹੈ ਤੇਰੇ ਬਿਨਾਂ। ਲੈ ਫੜ,। ਚਿੱਠੀ ਭੇਜੀ ਐ ਤੇਰੀ ਖਾਤਰ"

ਸਾਰੀਆਂ ਹੱਸ ਪਈਆਂ, ਮਣਸੋ ਕੱਚੀ ਜੀ ਹੁੰਦੀ ਚਿੱਠੀ ਨਾ ਫੜੇ, ਗੁਰਦੇਵ ਸਿੰਘ ਦੇ ਨਾਲ ਉਹਦਾ ਯਾਰ ਸਾਧੂ ਵੀ ਸੀ। ਗੁਰਦੇਵ ਸਾਧੂ ਨੂੰ ਕਹਿੰਦਾ

"ਲੈ ਯਾਰ ਤੂੰ ਹੀ ਪੜ੍ਹ ਕੇ ਸੁਣਾ ਦੇ
ਇਹ ਤਾਂ ਸੰਗਦੀ ਈ ਬਾਹਲੀ ਐ"

ਹੁਣ ਸਾਧੂ ਨੇ ਵੀ ਕੋਰਾ ਈ ਕਾਗਜ਼ ਪੜ੍ਹਨਾ ਸ਼ੁਰੂ ਕਰ ਦਿੱਤਾ ਤੇ ਪੜ੍ਹਦਿਆਂ ਪੜ੍ਹਦਿਆਂ ਬੋਲਿਆ

"ਪਿਆਰੀ ਮਣਸੋ, ਮੇਰਾ ਤੇਰੇ ਬਿਨਾਂ ਜੀਅ ਨਹੀਂ ਲਗਦਾ, ਹੁਣ ਮੈਂ ਗੁਰਦੇਵ ਦੇ ਨੰਦਾਂ ਤੋਂ ਪਿੱਛੋਂ ਤੈਨੂੰ ਲੰਬੜਾਂ ਦੇ ਕਮਾਦਾਂ 'ਚ ਮਿਲੂੰਗਾ। ਤੂੰ ਜ਼ਰੂਰ ਮਿਲਣ ਆਈਂ- ਤੇਰਾ ਪਿਆਰਾ ਜੀਤਾ"

ਮਣਸੋ ਤਾਂ ਅੱਡੀਆਂ ਨੂੰ ਥੁੱਕ ਲਾਕੇ ਪੱਤਰੇ ਵਾਚ ਗਈ ..........

'ਮਿੱਟੀ ਨੂੰ ਫਰੋਲ ਜੋਗੀਆ' ਵਿੱਚੋਂ

ਕੈਲਗਰੀ ਵਿੱਚ ਇਹ ਕਿਤਾਬ ਲੈਣ ਲਈ ਪੰਜਾਬੀ ਅਖ਼ਬਾਰ ਦੇ ਦਫਤਰ 403 640 2000 ਉੱਪਰ ਸੰਪਰਕ ਕਰ ਸਕਦੇ ਹੋ

---




ਹਮ ਫ਼ਕੀਰੋਂ ਸੇ ਦੋਸਤੀ ਕਰਲੋ,
ਤੁਮ੍ਹੇਂ ਗੁਰ ਸਿਖਾ ਦੇਂਗੇ ਬਾਦਸ਼ਾਹਤ ਕੇ।

ਮਾਂ ਦੀ ਬੁੱਕਲ ਵਿਚ ਸੁਣੀ ਲੋਰੀ ਤੋਂ ਲੈ ਕੇ ਮਰਸੀਏ ਦੇ ਬੋਲਾਂ ਤੱਕ ਅਸੀਂ ਕੁੱਝ ਨਾ ਕੁੱਝ ਸਿੱਖਣ ਦੇ ਆਹਰੇ ਲੱਗੇ ਰਹਿੰਦੇ ਹਾਂ। ਇਹ ਸਿੱਖਿਆ ਅਸੀਂ ਬੋਲਾਂ ਤੋਂ, ਅੱਖਰਾਂ ਤੋਂ, ਕਿਤਾਬਾਂ ਤੋਂ, ਗ਼ਲਤੀਆਂ ਤੋਂ, ਗੁਰੂਆਂ ਤੋਂ, ਔਂਕੜਾਂ ਅਤੇ ਠੋਹਕਰਾਂ ਤੋਂ ਸਿਖਦੇ ਹਾਂ। ਆਪੋ ਆਪਣੀ ਨੀਯਤ ਅਨੁਸਾਰ ਅਸੀਂ ਇਹ ਸਭ ਹਾਸਲ ਕਰਦੇ ਹਾਂ।

ਇੱਕ ਕਵੀ ਦੀ ਸਤਰ ਹੈ -
ਫੂਲ ਖਿਲੇ ਹੈਂ ਗੁਲਸ਼ਨ ਗੁਲਸ਼ਨ,
ਲੇਕਿਨ ਅਪਨਾ ਅਪਨਾ ਦਾਮਨ।

ਕਈਆਂ ਦੀ ਭਰੀ ਝੋਲੀ ਤਾਂ ਉਮਰ ਨਾਲ ਨਿਭਦੀ ਹੰਢਣਸਾਰ ਹੋ ਨਿਬੜਦੀ ਹੈ। ਪਰ ਕਈਆਂ ਦੇ ਲੰਗਾਰ ਹੋਏ ਦਾਮਨ ਵਿੱਚੋਂ ਸਭ ਕਿਰਦਾ ਹੀ ਅੰਦਰ ਖੋਖਲਾ ਕਰੀ ਰਖਦਾ ਹੈ। ਉਹ ਪਿਛਲੇ ਮੋੜ ਤੇ ਹੀ ਖਲੋ ਜਾਂਦੇ ਲੋਕਾਂ ਤੋਂ ਸੱਤਰੇ-ਬਹੱਤਰੇ ਅਖਵਾ ਲੈਂਦੇ ਹਨ। ਇਹ ਤਹਿ ਹੈ ਕਿ ਇਹ ਪ੍ਰਾਪਤ ਗਿਆਨ ਜਦੋਂ ਅੰਦਰ ਹੁੱਜਾਂ ਮਾਰਦਾ ਹੈ ਤਾਂ ਹੋਰਨਾ ਕੋਲ ਢੇਰੀ ਜਾ ਕਰਦੇ ਹਾਂ। ਪਰ ਅਕਲ ਔਂਕੜਾਂ ਸਰ ਕਰ ਕੇ ਹੀ ਮਿਲਦੀ ਹੈ। ਮੇਰੇ ਬਾਬਾ ਜੀ ਕਿਹਾ ਕਰਦੇ ਸਨ-ਲੀਹ ਪੈਂਦੀ ਲਾਂਗਾ ਢੋਆਕੇ, ਮੱਤ ਆਉਂਦੀ ਉਮਰ ਗੁਆਕੇ। ਕਿਸੇ ਵੀ ਹੁਨਰ ਤੱਕ ਅਪੜਨ ਲਈ ਕੋਈ ਗੁਰ ਹਾਸਲ ਕਰਨਾ ਪੈਂਦਾ ਹੈ। ਇਹ ਗੁਰਮਨ ਨੀਵਾਂ ਤੇ ਮੱਤ ਉੱਚੀ ਦਾ ਧਾਰਨੀ ਬਣ ਕੇ ਹੀ ਮਿਲਦਾ ਹੈ। ਕੋਈ ਵਿਰਲਾ ਹੀ ਭਾਗਾਂ ਵਾਲਾ ਹੁੰਦਾ ਹੈ ਜਿਸ ਕੋਲ ਸਮਾਂ ਤੇ ਮੱਤ ਇਕੱਠੇ ਆ ਮਿਲਣ। ਆਮ ਤੌਰ ਤੇ ਮੱਤ ਆਉਣ ਤੱਕ ਉਮਰ ਵਿਹਾਜ਼ ਜਾਂਦੀ ਹੈ। ਅਸੀਂ ਖ਼ੁਸ਼ੀ ਬੱਚੇ ਤੋਂ, ਹੌਸਲਾ ਜਵਾਨ ਤੋਂ ਤੇ ਤਜਰਬਾ ਬਜ਼ੁਰਗਾਂ ਤੋਂ ਲੈਂਦੇ ਹਾਂ। ਮੇਰੇ ਸਹਿਕਰਮੀ ਨਰਿੰਦਰ ਸਿੰਘ ਕਪੂਰ ਕਿਹਾ ਕਰਦੇ ਹਨ ਕਿ ਬਜ਼ੁਰਗਾਂ ਕੋਲ ਤਜਰਬਾ ਵੱਧ ਹੁੰਦਾ ਹੈ ਪਰ ਸਮਾ ਘੱਟ ਰਹਿ ਜਾਂਦਾ ਹੈ। ਉਹ ਤਾਹੀਓਂ ਬਹੁਤਾ ਬੋਲਦੇ ਹਨ।

ਅੰਕੜਾ ਯੁਗ (ਡਿਜੀਟਲ ਏਜ) ਦੀ ਆਮਦ ਨੇ ਹੋਰਾਂ ਦੇ ਕਮਾਏ ਅਨੁਭਵ ਨੂੰ ਪਾ ਲੈਣ ਵਾਲੀ ਪਿਰਤ ਤੇ ਕਾਟਾ ਮਾਰਨ ਦੀ ਸੋਚ ਪਾਲੀ ਹੈ। ਕੋਈ ਸੁਣੇ ਜਾਂ ਨਾ ਸੁਣੇ ਅਸੀਂ ਸਭ ਨੇ ਇਸੇ ਜਗਤ ਤੋਂ ਪ੍ਰਾਪਤ ਕੀਤਾ ਸਭ ਕੁੱਝ ਇਸੇ ਸੰਸਾਰ ਨੂੰ ਵਾਪਸ ਮੋੜ ਜਾਣਾ ਹੈ। ਸਭ ਨੇ ਇਹ ਬੋਲਾਂ, ਲਿਖਤਾਂ, ਕਲਾਕ੍ਰਿਤਾਂ ਜਾਂ ਕਿਰਦਾਰਾਂ ਰਾਹੀਂ ਮੋੜ ਦੇਣਾ ਹੁੰਦਾ ਹੈ। ਅਸੀਂ ਨਿੱਕੇ ਹੁੰਦੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਧਰਤੀ ਦੀ ਹਿੱਕ ਤੇ ਵਿਛਾਈ ਮਿੱਟੀ ਦੀ ਤਹਿ ਤੇ ਪਹਿਲਾ ਅੱਖਰ ਪਾਉਂਦੇ ਕੁਦਰਤ ਦੇ ਕਿੰਨਾ ਨੇੜੇ ਰਹੇ ਹੋਵਾਂਗੇ, ਅੱਜ ਦੀ ਪਨੀਰੀ ਇਸ ਕਿਆਸ ਤੱਕ ਵੀ ਨਹੀਂ ਅਪੜ ਸਕਦੀ। ਗੁਲਜ਼ਾਰ ਸਿੰਘ ਸੰਧੂ ਦਸਦੇ ਹਨ ਕਿ ਉਨ੍ਹਾਂ ਦੀ ਨਾਨੀ ਧਰਤੀ ਤੇ ਅੰਬ ਵਰਗਾ ਦਾਇਰਾ ਪਾ ਕੇ ਉਸ ਵਿਚ ਦੋ ਲੀਕਾਂ ਵਾਹ ਦਿੰਦੀ ਸੀ ਤਾਂ ਓ ਬਣਾ ਧਰਦੀ ਸੀ। ਉਸ ਸਮੇਂ ਪਾਏ ਪੂਰਨਿਆਂ ਬਾਰੇ ਇੱਕ ਨੁਕਤਾ ਗੌਲਣਯੋਗ ਹੈ ਕਿ ਲੱਕੜ ਦੀ ਫੱਟੀ ਤੇ ਸਾਡੇ ਟੀਚਰ ਨੇ ਆਪਣੇ ਹੱਥ ਨਾਲ ਜਿਸ ਅੱਖਰ ਦੀ ਗੋਲਾਈ ਅਤੇ ਉਚਾਈ ਨਾਲ ਮੋੜ ਪਾਏ ਹੋਣਗੇ, ਸਾਡੀ ਕਲਮ ਦੀ ਨੋਕ ਵੀ ਉਸੇ ਤਰ੍ਹਾਂ ਉਲੀਕਦੀ ਖਸ਼ਖ਼ਤ ਲਿਖਣ ਤੱਕ ਅਪੜਦੀ ਸੀ। ਸਾਡਾ ਟੀਚਰ ਹੱਥ ਫੜ ਕੇ ਸਾਡੀ ਉਂਗਲ ਨੂੰ ਸੇਧ ਦਿੰਦਾ ਹੋਊ। ਇਉਂ ਮਨੋਵਿਗਿਆਨਕ ਤੌਰ ਤੇ ਅਸੀਂ ਆਗਿਆਕਾਰੀ ਬਿਰਤੀ ਪਾਲਦੇ ਰਹੇ ਹਾਂ। ਕਿਸੇ ਦੇ ਪੇਏ ਪੂਰਨਿਆਂ ਤੇ ਚੱਲਣਾ ਜਾਂ ਪੈੜ ਵਿਚ ਪੈਰ ਧਰਨਾ ਸਿਖਦੇ ਰਹੇ ਹਾਂ।

ਇੱਕ ਹੋਰ ਨੁਕਤਾ ਕਿਸੇ ਇੱਕ ਆਵਾਜ਼ ਦੇ ਪਿੱਛੇ ਸਭ ਦਾ ਪਹਾੜੇ ਬੋਲਣਾ ਹੁੰਦਾ ਸੀ। ਉਦੋਂ ਲਗਦਾ ਸੀ ਕੀ ਕੁੱਤੇ-ਭਕਾਈ ਲੱਗੀ ਹੈ। ਪਰ ਉਦੋਂ ਦਾ ਰਟਿਆ ਅੱਜ ਤੱਕ ਇਹ ਸੀਨੇ ਤੇ ਉਕਰਿਆ ਹੈ ਕਿ ਸਤਾਰਾਂ ਦੂਣੀ ਚੌਂਤੀ ਹੁੰਦੇ ਹਨ। ਬੜੀ ਦੇਰ ਬਾਅਦ ਮੈਂ ਇੱਕ ਅਖ਼ਬਾਰ ਵਿਚ ਆਰਟੀਕਲ ਪੜ੍ਹਿਆ ਕਿ ਹਰ ਆਦਮੀ ਵਿਚ ਕੁੱਝ ਵਹਿਸ਼ੀ ਆਵਾਜ਼ਾਂ ਕੈਦ ਹੁੰਦੀਆਂ ਹਨ ਜੋ ਸ਼ਾਇਦ ਅਸੀਂ ਉੱਚੀ ਉੱਚੀ ਪਹਾੜੇ ਬੋਲ ਕੇ ਅੰਦਰੋਂ ਕਢਦੇ ਰਹੇ ਹੋਵਾਂਗੇ। ਪਰ ਅੱਜ ਦੀ ਜਵਾਨ ਪੀੜ੍ਹੀ ਦੀਆਂ ਕੂਕਾਂ, ਚੀਕਾਂ ਜਾਂ ਕਿਨਾਰਿਆਂ ਤੋਂ ਬਾਹਰ ਡੁਲ੍ਹਦਾ ਖਰੂਦ ਦੇਖ ਕੇ ਉਨ੍ਹਾਂ ਹੀ ਆਵਾਜ਼ਾਂ ਦਾ ਝਾਉਲਾ ਪੈਂਦਾ ਹੈ। ਅਸੀਂ ਗਿਆਨ ਅੰਕੜਾ ਤਾਂ ਮੁੱਲ ਲੈ ਸਕਦੇ ਹਾਂ ਪਰ ਰਸੀ ਪਕੀ ਸਿਆਣਪ ਤਾਂ ਪ੍ਰਾਪਤ ਹਿੰਦਸਿਆਂ ਨੂੰ ਪੁਣ-ਛਾਣ ਕੇ, ਰੋਲ ਕੇ, ਨਿਤਾਰ ਕੇ ਜਾਂ ਕਸ਼ੀਦ ਕਰ ਕੇ ਹੀ ਪਾ ਸਕਦੇ ਹਾਂ। ਤਾਂ ਹੀ ਕਿਹਾ ਜਾਂਦਾ ਹੈ ਕਿ ਯੋਗਤਾ ਦੇ ਪੰਜ ਪੜਾਅ ਪਾਰ ਕਰਨੇ ਪੈਂਦੇ ਹਨ - ਵੇਖਣਾ, ਪਰਖਣਾ, ਸਮਝਣਾ, ਸਿੱਖਣਾ ਤੇ ਕਰਨਾ। ਇਸ ਲਈ ਕਾਨੂੰਨ, ਨੇਮ, ਰਿਵਾਜ ਅਤੇ ਬੰਧਨ ਤਾਂ ਸਮਾਜ ਸਿਖਾ ਦਿੰਦਾ ਹੈ ਪਰ ਅਸੂਲ, ,ਸੰਜਮ, ਸਲੀਕਾ ਅਸੀਂ ਆਪ ਸਿੱਖਣਾ ਹੁੰਦਾ ਹੈ। ਮੈਂ ਕਿਤੋਂ ਪੜ੍ਹਿਆ ਹੈ ਕਿ ਕਿਸੇ ਕੌਮ ਨੂੰ ਵਿਕਾਸ ਕਰਨ ਲਈ ਲਿੱਬੜੇ ਹੱਥਾਂ ਤੇ ਸਾਫ਼ ਦਿਮਾਗ਼ ਦੀ ਲੋੜ ਹੁੰਦੀ ਹੈ। ਇਤਿਹਾਸ ਗਵਾਹ ਹੈ ਕਿ ਸਮਰਾਟ ਅਸ਼ੋਕ ਨੂੰ ਜਦੋਂ ਮੈਦਾਨ-ਏ- ਜੰਗ ਵਿਚ ਚੁਫੇਰੇ ਰੁਲਦੀਆਂ ਲਾਸ਼ਾਂ ਦਿੱਸੀਆਂ ਤਾਂ ਗਿਆਨ ਹੋਇਆ। ਉਸ ਨੇ ਉਠਾਏ ਹੋਏ ਹਥਿਆਰ ਸਦਾ ਲਈ ਸੁੱਟ ਦਿੱਤੇ। ਜੰਗ ਦੇ ਮੈਦਾਨ ਵਿਚ ਹੀ ਤਾਂ ਭਗਵਾਨ ਕ੍ਰਿਸ਼ਨ ਦਾ ਉਪਦੇਸ਼ ਸੁਣ ਕੇ ਅਰਜਨ ਨੇ ਸੁੱਟੇ ਹੋਏ ਹਥਿਆਰ ਫੇਰ ਚੁਕ ਲਏ ਸਨ। ਇਉਂ ਹੀ ਮਘਦੀ ਜਗਿਆਸਾ ਵਾਲੇ ਸਿਧਾਰਥ ਨੇ ਸਭ ਕੁੱਝ ਤਿਆਗ ਕੇ ਗਿਆਨ ਦੀ ਚਿਣਗ ਪਾ ਮਹਾਤਮਾ ਬੁੱਧ ਦਾ ਰੁਤਬਾ ਪਾ ਲਿਆ। ਗਿਆਨ ਦੀ ਚਿਣਗ ਬੰਦੇ ਨੂੰ ਸਾਵਾਂ ਨਹੀਂ ਰਹਿਣ ਦਿੰਦੀ। ਗਿਆਨ ਤੱਕ ਅਪੜਨ ਲਈ ਕੋਈ ਲਿਫਟ ਜਾਂ ਸ਼ਾਰਟ ਕਟ ਜਾਂ ਕੋਈ ਸੌਖਾ ਰਾਹ ਨਹੀਂ , ਇੱਕ ਇੱਕ ਪੌੜੀ ਚੜ੍ਹਨੀ ਪੈਂਦੀ ਹੈ। ਇਸ ਰਾਹ ਨੂੰ ਜਾਂਦੀਆਂ ਪੌੜੀਆਂ ਸਦਾ ਹੀ ਉਸਾਰੀ ਅਧੀਨ ਹੁੰਦੀਆਂ ਹਨ। ਡਾ. ਹਰਸ਼ਿੰਦਰ ਕੌਰ ਅਨੁਸਾਰ ਪ੍ਰਾਪਤ ਕੀਤਾ ਇਲਮ ਜਿੰਨਾ ਅਸੀਂ ਅੱਗੇ ਤੋਰਦੇ ਹਾਂ ਜਾਂ ਦੁਆਲੇ ਵੰਡਦੇ ਹਾਂ, ਓਨੀ ਹੀ ਸਾਨੂੰ ਸਿਆਣਪ ਆਉਂਦੀ ਹੈ, ਪਰ ਇਸ ਤੋਂ ਉਲਟ ਜੇ ਕੋਈ ਗਿਆਨ ਪਾ ਕੇ ਦੜ ਵੱਟ ਜਾਵੇ ਤਾਂ ਗਿਆਨ ਉਸ ਦੇ ਸਿਰ ਚੜ੍ਹ ਜਾਂਦਾ ਹੈ। ਉਸ ਅੰਦਰ ਹੰਕਾਰ ਦੀ ਉੱਲੀ ਲੱਗ ਜਾਂਦੀ ਹੈ। ਉਸੇ ਦੇ ਆਖੇ ਲੱਗ ਮੇਰੇ ਪੱਲੇ ਜੋ ਵੀ ਤਿਲ-ਫੁੱਲ ਜੁੜਿਆ ਹੈ, ਜਿਸ ਨੇ ਜ਼ਿਹਨ ਮਘਾਈ ਰੱਖਿਆ ਹੈ, ਸਾਹਾਂ ਦੀ ਮੋਹਲਤ ਪੁੱਗਣ ਤੋਂ ਪਹਿਲਾਂ ਉਹ ਸਭ ਨੂੰ ਵੰਡ ਦੇਣ ਦੀ ਰੀਝ ਹਿਤ ਹੀ ਇਹ ਸਭ ਲਿਖ ਰਹੀ ਹਾਂ।

---

ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਅੱਜ ਦੇ ਸੁਚੇਤ ਪੰਜਾਬੀ ਵੋਟਰ

ਦਿੱਲੀ ਕਿਸਾਨ ਮੋਰਚੇ ਨੂੰ ਦੇਸ਼ ਦੀਆਂ ਭਾਵੇਂ 475 ਦੇ ਕਰੀਬ ਜੱਥੇਬੰਦੀਆਂ ਦਾ ਸਮਰਥਨ ਹਾਸਲ ਸੀ ਪਰ ਅਸਲ ਵਿਚ ਇਸ ਮੋਰਚੇ ਵਿੱਚ ਸਭ ਤੋਂ ਵੱਡਾ ਰੋਲ ਪੰਜਾਬ, ਹਰਿਆਣਾ ਅਤੇ ਪੱਛਮੀਂ ਯੂ ਪੀ ਦੀਆਂ ਜੱਥੇਬੰਦੀਆਂ ਦਾ ਸੀ। ਯੂ ਪੀ ਦੀ ਵੀ ਰਾਕੇਸ਼ ਟਕੈਤ ਵਾਲੀ ਜੱਥੇਬੰਦੀ ਅਤੇ ਹਰਿਆਣਾ ਦੀਆਂ ਤਿੰਨ ਜੱਥੇਬੰਦੀਆਂ ਤੋਂ ਇਲਾਵਾ ਇਸ ਵਿੱਚ ਪੰਜਾਬ ਦੀਆਂ 33 ਜੱਥੇਬੰਦੀਆਂ ਦੀ ਮੁੱਖ ਭੂਮਿਕਾ ਸੀ। ਪੰਜਾਬ ਵਿੱਚ ਵੀ ਸਭ ਤੋਂ ਵੱਡਾ ਜ਼ਮੀਨੀ ਸੰਗਠਤ ਅਧਾਰ ਭਾਵੇਂ ਬੀ ਕੇ ਯੂ ਉਗਰਾਹਾਂ ਦਾ ਹੈ, ਪਰ ਬਾਕੀ ਸਭ ਜੱਥੇਬੰਦੀਆਂ ਦੇ ਰੋਲ ਨੂੰ ਵੀ ਘਟਾਕੇ ਨਹੀਂ ਵੇਖਿਆ ਜਾ ਸਕਦਾ। ਜਿਨ੍ਹਾਂ ਨੇ ਪਿੰਡ ਪਿੰਡ ਜਾਕੇ ਲੋਕਾਂ ਨੂੰ ਜਾਗਰੂਕ ਕੀਤਾ ਅਤੇ ਮੋਰਚੇ ਲਈ ਲਾਮਬੰਦੀ ਕੀਤੀ। ਕੁੱਝ ਖਾਸ ਲੀਡਰਾਂ ਨੇ ਮੋਰਚੇ ਨੂੰ ਸ਼ਾਤਮਈ ਰੱਖਣ, ਭੜਕਾਹਟ ਤੋਂ ਬਚਾਉਣ ਅਤੇ ਖੇਤੀ ਕਾਨੂੰਨਾਂ ਬਾਰੇ ਵਿਸਥਾਰਤ ਜਾਣਕਾਰੀ ਦੇਕੇ ਲੋਕਾਂ ਅਤੇ ਦੂਜੇ ਕਿਸਾਨ ਲੀਡਰਾਂ ਨੂੰ ਜਾਗਰੂਕ ਹੀ ਨਹੀਂ ਕੀਤਾ ਸਗੋਂ ਏਕੇ ਵਿੱਚ ਪਰੋਈ ਰੱਖਣ ਦੀ ਵਿਸ਼ੇਸ਼ ਭੂਮਿਕਾ ਵੀ ਨਿਭਾਈ। ਸਾਂਝੇ ਉਦੇਸ਼ ਲਈ ਸਾਰੇ ਲੀਡਰ ਲੋਕਤੰਤਰੀ ਢੰਗ ਨਾਲ ਬਣਾਈ ਸਾਂਝੀ ਰਾਏ ਨਾਲ ਸਹਿਮਤ ਹੁੰਦੇ ਰਹੇ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸੰਘਰਸ਼ ਨੇ ਤਿੰਨ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਨਾਲ ਨਾਲ ਸਭ ਤੋਂ ਵੱਡਾ ਕੰਮ ਦੇਸ਼ ਅਤੇ ਖਾਸ ਤੌਰ ਤੇ ਪੰਜਾਬ ਦੇ ਲੋਕਾਂ ਨੂੰ ਰਾਜਨੀਤਕ ਅਤੇ ਸਮਾਜਕ ਤੌਰ ਤੇ




ਬਹੁਤ ਸੁਚੇਤ ਕਰਨ ਦਾ ਕੀਤਾ ਹੈ। ਦੇਸ਼ ਅਤੇ ਖਾਸ ਤੌਰ ਤੇ ਪੰਜਾਬ ਦੇ ਵੋਟਰਾਂ ਵਿੱਚ ਧਰਮ ਜਾਂ ਜਾਤ ਅਧਾਰ ਤੇ ਵੋਟਾਂ ਇਕੱਠੀਆਂ ਕਰਨ ਦਾ ਫਾਰਮੂਲਾ ਹੁਣ ਫੇਲ ਹੋ ਰਿਹਾ ਹੈ। ਲੋਕ ਅਖੌਤੀ ਲੀਡਰਾਂ ਅਤੇ ਅਖੌਤੀ ਵਿਦਵਾਨਾ ਦੀ ਬੋਲੀ ਸਮਝਣ ਦੇ ਸਮਰੱਥ ਹੋ ਗਏ ਲਗਦੇ ਹਨ।

ਮੈਂ ਪਿਛਲੇ ਸਾਲ-ਡੇਢ ਸਾਲ ਤੋਂ ਸੋਸ਼ਲ ਮੀਡੀਆ ਸਾਈਟਸ ਤੇ ਆਮ ਲੋਕਾਂ ਦੇ ਕੁਮੈਂਟ ਵੇਖ ਰਿਹਾ ਹਾਂ। ਉਨ੍ਹਾਂ ਦਾ ਖੋਜਆਤਮਕ ਪੱਖ ਤੋਂ ਵਿਸ਼ੇਸ਼ਣ ਕਰ ਰਿਹਾ ਹਾਂ। ਮੈਂ ਵੇਖਦਾ ਹਾਂ ਕਿ ਆਪਣੇ ਆਪ ਨੂੰ ਰਾਜਨੀਤਕ ਮਾਹਰ ਸਮਝਣ ਵਾਲੇ ਅਖੌਤੀ ਵਿਦਵਾਨ ਆਪੋ ਆਪਣੇ ਸਿੱਧੇ ਜਾਂ ਲੁਕਵੇਂ ਢੰਗ ਨਾਲ, ਕਿਸੇ ਮਾਮਲੇ, ਗਰੁੱਪ ਜਾਂ ਸ਼ਖਸੀਅਤ ਬਾਰੇ ਦਲੀਲਾਂ ਲੋਕਾਂ ਸਾਹਮਣੇ ਪਰੋਸ ਰਹੇ ਹਨ। ਟੀ ਵੀ ਚੈਨਲਾਂ ਵਾਲੇ ਆਪਣੇ ਹਿਸਾਬ ਨਾਲ ਖਬਰਾਂ ਦੇ ਕਲਿਪ ਲਾ ਰਹੇ ਹਨ। ਪਰ ਬਹੁਤੇ ਲੋਕ ਇਸ ਵਾਰ ਮੈਨੂੰ ਸੂਝਵਾਨ ਵਿਖਾਈ ਦੇ ਰਹੇ ਹਨ। ਉਹ ਹਰ ਵਿਦਵਾਨ ਅਤੇ ਹਰ ਲੀਡਰ ਦੇ ਬਿਆਨ ਦੀ ਇੰਨੇ ਸੁਲਝੇ ਢੰਗ ਨਾਲ ਚੀਰ ਫਾੜ ਕਰਦੇ ਹਨ ਕਿ ਕਈ ਵਾਰ ਤਾਂ ਹੈਰਾਨੀ ਤੇ ਖੁਸ਼ੀ ਹੁੰਦੀ ਹੈ ਹੁੰਦੀ ਹੈ ਕਿ ਵਾਕਿਆ ਹੀ ਪੰਜਾਬ ਦੇ ਲੋਕ ਇੰਨੇ ਸੁਚੇਤ ਹੋ ਗਏ ਹਨ। ਹਰ ਕਿਸੇ ਨੂੰ ਇਹ ਵੀ ਸਮਝ ਆ ਰਿਹਾ ਕਿ ਇਸ ਸਮੇਂ 20 ਕੁ ਪਰਸੈਂਟ ਫੇਕ ਅਕਾਊਂਟ ਵੀ ਘੁੰਮ ਰਹੇ ਹਨ। ਉਨਾਂ ਦੇ ਕੁਮੈਂਟ, ਪਰੋਫਾਈਲ ਫੋਟੋਆਂ, ਗਲਤ ਤੇ ਮੰਦੇ ਸ਼ਬਦਾਂ ਦੀ ਵਰਤੋਂ ਦਰਸਾ ਰਹੀਆਂ ਹੁੰਦੀਆਂ ਹਨ ਕਿ ਉਹ ਕਿਸ ਪਾਰਟੀ ਦੇ ਆਈ ਟੀ ਸੈਲ ਜਾਂ ਕਿਸੇ ਏਜੰਸੀ ਦੇ ਕਾਰਕੁਨ ਹਨ। ਕਮਾਲ ਤਾਂ ਇਹ ਹੈ ਕਿ ਆਮ ਲੋਕ ਹੁਣ ਇਹ ਸਭ ਸਮਝ ਰਹੇ ਹਨ। ਕਿਸਾਨ ਮੋਰਚੇ ਦੇ ਛੋਟੇ ਵੱਡੇ ਲੀਡਰਾਂ ਦੁਆਰਾ ਪਿੰਡ ਪੱਧਰ ਦੀਆਂ ਸਟੇਜਾਂ ਤੋਂ ਲੈਕੇ ਸਿੰਘੂ, ਟਿੱਕਰੀ ਜਾਂ ਗਾਜੀਪੁਰ ਸਰਹੱਦ ਦੀਆਂ ਸਟੇਜਾਂ ਤੇ ਇੱਕ ਸਾਲ ਲਗਾਤਾਰ ਦਿੱਤੇ ਭਾਸ਼ਣਾਂ ਅਤੇ ਫਿਰ ਸੋਸ਼ਲ ਮੀਡੀਆ ਤੇ ਹੋਏ ਉਸ ਦੇ ਪਰਸਾਰ ਕਾਰਨ ਬਹੁਤੇ ਲੋਕ ਦੇਸ਼ ਅਤੇ ਖਾਸ ਕਰਕੇ ਪੰਜਾਬ ਦੇ ਸ਼ਕਤੀ ਧਰੂਵੀਕਰਨ, ਰਾਜਨੀਤਕ ਪਾਰਟੀਆਂ ਅਤੇ ਉਨਾਂ ਦੇ ਲੀਡਰਾਂ ਦੇ ਕਿਰਦਾਰ ਤੋਂ ਬਹੁਤ ਜਾਣੂ ਹੋ ਗਏ ਹਨ। ਬਹੁਤੇ ਵਰਤਮਾਨ ਹਾਲਤਾਂ ਦਾ ਵਿਸ਼ਲੇਸ਼ਣ ਕਰਨ ਦੇ ਯੋਗ ਲੱਗ ਰਹੇ ਹਨ। ਭਾਰਤੀ ਲੋਕਤੰਤਰ ਲਈ ਇਹ ਬਹੁਤ ਵਧੀਆ ਗੱਲ ਹੈ।

ਇਸ ਚੇਤਨਾ ਨੇ ਪਰੰਪਰਾਗਤ ਰਾਜਨੀਤਕ ਪਾਰਟੀਆਂ ਹਾਸ਼ੀਏ ਤੇ ਕਰ ਦਿੱਤੀਆਂ ਹਨ। ਉਨਾ ਦੇ ਲੀਡਰ ਹੁਣ ਜਦੋਂ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਬੁਰਾ ਭਲਾ ਕਹਿੰਦੇ ਹਨ, ਵੱਡੇ ਵੱਡੇ ਜੁਮਲੇ ਛੱਡਦੇ ਹਨ ਅਤੇ ਆਪਣੇ ਆਪ ਨੂੰ ਆਪੇ ਹੀ ਵਧੀਆ ਲੀਡਰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਲੋਕ ਉਨ੍ਹਾਂ ਨੂੰ ਪਹਿਚਾਣ ਰਹੇ ਹਨ। ਲੋਕ ਉਨ੍ਹਾ ਦੀ ਹਰ ਗੱਲ ਤੇ ਕਿੰਤੂ ਤੇ ਸਵਾਲ ਕਰਨ ਦੀ ਸਮਰੱਥਾ ਰੱਖਦੇ ਹਨ। ਹਰ ਪਾਰਟੀ ਵਾਅਦੇ ਕਰ ਰਹੀ ਹੈ, ਚੋਣਾਂ ਵਿੱਚ ਇਹ ਕਰਨੇ ਵੀ ਹੁੰਦੇ ਹਨ। ਪਰ ਹੁਣ ਲੋਕ ਸਮਝ ਰਹੇ ਹਨ ਕਿ ਕਿਸ ਪਾਰਟੀ ਦੇ ਵਾਅਦਿਆਂ 'ਚ ਦਮ ਹੈ ਤੇ ਕਿਸ ਤੇ ਵਿਸ਼ਵਾਸ਼ ਕੀਤਾ ਜਾ ਸਕਦਾ ਹੈ ਅਤੇ ਕਿਸ ਤੇ ਨਹੀਂ। ਅੱਜ ਕਿਸਾਨ ਮੋਰਚੇ ਦੁਆਰਾ ਪੈਦਾ ਕੀਤੀ ਚੇਤਨਾ ਤੋਂ ਬਾਅਦ ਮੈਨੂੰ ਇੱਕ ਵਿਦਵਾਨ ਦੇ ਕਹੇ ਇਹ ਸ਼ਬਦ ਸੱਚ ਲੱਗ ਰਹੇ ਹਨ ਕਿ " ਬਹੁਤੇ ਲੋਕਾਂ ਨੂੰ ਥੋੜੇ ਸਮੇਂ ਲਈ ਬੁੱਧੂ ਬਣਾਇਆ ਜਾ ਸਕਦਾ ਹੈ, ਪਰ ਬਹੁਤੇ ਲੋਕਾਂ ਨੂੰ ਬਹੁਤੇ ਸਮੇਂ ਲਈ ਬੁੱਧੂ ਨਹੀਂ ਬਣਾਇਆ ਜਾ ਸਕਦਾ"। ਮੈਂ ਕਾਮਨਾ ਕਰਦਾ ਹਾਂ ਕਿ ਲੋਕਾਂ ਦੀ ਚੇਤਨਾ ਚੋਣ ਸਮੇਂ ਅਤੇ ਉਸ ਤੋਂ ਬਾਅਦ ਤੱਕ ਵੀ ਬਣੀ ਰਹੇ। ਇਹ ਚੇਤਨਾ ਭਾਰਤੀ ਲੋਕਤੰਤਰ ਦੇ ਵਿਕਾਸ ਲਈ ਲਾਹੇਬੰਦ ਹੋ ਸਕਦੀ ਹੈ।

(ਪ੍ਰਿਥੀ ਪਾਲ ਸਿੰਘ ਸੋਹੀ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਸਤਿਕਾਰ ਸਹਿਤ ਕਾਪੀ ਕੀਤਾ )

## ਹੌਕੀ ਟੂਰਨਾਮੈਂਟ ਕੈਂਸਲ ਹੋਏ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਵਲਡ ਜੂਨੀਅਰਜ਼ ਹੌਕੀ ਟੂਰਨਾਮੈਂਟ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਵੱਖ ਵੱਖ ਟੀਮਾਂ ਵਿੱਚ ਕੋਵਿਡ-19 ਫੈਲ ਜਾਣ ਕਰਕੇ ਇਹ ਫੈਸਲਾ ਲਿਆ ਗਿਆ ਹੈ। ਇੰਟਰਨੈਸ਼ਨਲ ਆਇਸ ਹੌਕੀ ਫੈਡਰੇਸ਼ਨ - ਆਇ.ਆਇ.ਐਚ.ਐਫ਼. ਦੀ ਮੈਡਿਕਲ ਕਮੇਟੀ, ਇਸ ਦੀ ਕੌਂਸਲ ਅਤੇ ਟੂਰਨਾਮੈਂਟ ਮੈਡਿਕਲ ਕਮੇਟੀ ਨੇ ਸਾਂਝੇ ਫੈਸਲੇ ਵਿੱਚ ਕਿਹਾ ਹੈ ਕਿ ?ਮਿਕ੍ਰੌਨ ਵੇਰੀਐਂਟ ਅਤੇ ਕੋਰਨਾ ਵਾਇਰਸ ਦਾ ਖ਼ਤਰਾ ਲਗਾਤਾਰ ਵਧ ਰਿਹਾ ਹੈ ਤੇ ਅਜਿਹੇ ਵਿੱਚ ਟੂਰਨਾਮੈਂਟ ਦਾ ਜਾਰੀ ਰੱਖਣਾ ਸੰਭਵ ਨਹੀਂ ਕਿਉਂਕਿ ਬਹੁਤੇ ਖਿਡਾਰੀ ਕੋਵਿਡ ਪ੍ਰੋਟੋਕੋਲ ਹੇਠ ਹਨ। ਇਹ ਟੂਰਨਾਮੈਂਟ 5 ਜਨਵਰੀ ਨੂੰ ਖ਼ਤਮ ਹੋਣਾ ਸੀ। ਇਸ ਫੈਸਲੇ ਨਾਲ ਖੇਡ ਪ੍ਰੇਮੀਆਂ ਨੂੰ ਵੱਡੀ ਨਿਰਾਸ਼ਾ ਹੋਈ ਹੈ।

## ਇੱਕ ਘਰ ਨੂੰ ਲੱਗੀ ਅੱਗ ਨੇ 580 ਹੋਰ ਘਰ ਸਾੜ ਸੁੱਟੇ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਡੈਨਵਰ ਇਲਾਕੇ ਵਿੱਚ ਇੱਕ ਘਰ ਨੂੰ ਲੱਗੀ ਅੱਗ ਅਤੇ ਚੱਲੀਆਂ ਤੇਜ਼ ਹਵਾਵਾਂ ਕਾਰਨ 580 ਘਰ, ਇੱਕ ਸ਼ੌਪਿੰਗ ਸੈਂਟਰ ਅਤੇ ਇੱਕ ਹੋਟਲ ਸੜ ਕੇ ਸੁਆਹ ਹੋ ਗਏ ਹਨ ਤੇ ਹਜ਼ਾਰਾਂ ਲੋਕਾਂ ਦੇ ਬੇਘਰ ਹੋ ਜਾਣ ਦੀ ਸੂਚਨਾ ਹੈ। 6 ਵਿਅਕਤੀਆਂ ਦੇ ਝੁਲਸ ਜਾਣ ਦੀ ਖ਼ਬਰ ਹੈ ਤੇ ਉਹਨਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਬੀਤੇ 30 ਦਸੰਬਰ ਵਾਲੇ ਦਿਨ ਇਹ ਘਟਨਾ ਵਾਪਰੀ ਦੱਸੀ ਜਾਂਦੀ ਹੈ ਤੇ ਹਵਾ ਚੱਲਣ ਦੀ ਗਤੀ 170 ਕਿਲੋਮੀਟਰ ਪ੍ਰਤੀ ਘੰਟਾ ਦਰਜ ਕੀਤੀ ਗਈ ਹੈ। ਰਾਹਤ ਅਤੇ ਬਚਾਅ ਕਾਰਜ ਕੀਤੇ ਜਾ ਰਹੇ ਹਨ।

Masihi Life Church
3663 19th STREET CALGARY AB T2E 6S8
FOR PRAYER CALL
403-429-0369
ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ।
ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ
ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।
Are you searching for a church to attend
Come and join us
(Service in Hindi/Punjabi)
We welcome you all
CHURCH SERVICE EVERY
SUNDAY 12PM TO 3PM
facebook


ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ,
ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।


ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ
ਪੰਜਾਬੀ ਬੋਲਣ ਵਾਲਾ ਸਟਾਫ
East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

ਪੰਜਾਬ ਤੋਂ ਪੰਜਾਬੀ ਸਟਾਈਲ ਦੇ ਸੂਟ
ਵਿਆਹ ਭਾਂਵੇ ਕਨੇਡਾ ਹੋਵੇ ਜਾਂ ਪੰਜਾਬ ਜਾਕੇ ਕਰਨਾ ਐ !
ਬਠਿੰਡਾ ਨੇਹਚਲ ਸਟੂਡਿਓ ਤਾਂ ਵਿਆਹ ਵਿੱਚ
ਸ਼ਾਮਿਲ ਜਰੂਰ ਹੋਵੇਗਾ ਕਿਉਂਕਿ ਉਹੋ ਜਿਹੇ ਸੂਟ
ਤੁਹਾਨੂੰ ਹੋਰ ਕਿਤੋਂ ਮਿਲ ਈ ਨਹੀਂ ਸਕਦੇ
Nehchhal Vogue Studio
Bathinda (PB)
ਰੇਟ ਤੁਹਾਡੀ ਜੇਬ ਦੇ ਹਾਣੀ ਹੋਣਗੇ
Hand- Machine Embroidery,
Indian Bridal Lehnga's, Tailoring,
(Hand, Block, Screen Painting), Sarees.....
Enjoy The Boutique Designer Attires
But Not At Boutique Price

73407 84137
ਆਨ ਲਾਈਨ ਆਰਡਰ ਅਤੇ ਹਵਾ ਦੇ
ਬੁੱਲਿਆਂ ਵਾਂਗ ਡਲਿਵਰੀ ਤੁਹਾਡੇ ਘਰ ਹੁੰਦੀ ਹੈ

# ਕਿਸਾਨੀ ਘੋਲ : ਕਦੇ ਤਾਂ ਕੌੜਾ ਅੱਕ ਚੱਬਣਾ ਪਊ



ਜਗਦੇਵ ਸਿੱਧੂ ਕੈਲਗਰੀ
403 351 1136

ਜਦ ਕਣਕ ਯਾਦ ਆਗੀ ਹੁੱਲਗੀ,
ਪਾਈ ਬੁਰਕੀ ਮੂੰਹ ਵਿਚ ਫੁੱਲਗੀ,
ਘੁੱਟ ਪਾਣੀ ਨਾਲ ਲੰਘਾਨਾ ਤੂੰ,
ਹੋ ਚੁਸਤ ਸੁਸਤ ਕਿਰਸਾਨਾ ਤੂੰ।

ਕਿਸਾਨ ਅੰਦੋਲਨ ਤੋਂ ਬਾਦ -- ਭਾਰਤ ਅੰਦਰ 2020 – 21 ਈਸਵੀ ਦਰਮਿਆਨ ਇੱਕ ਸਾਲ ਤੋਂ ਵੱਧ ਤੱਕ ਚੱਲਿਆ ਦੁਨੀਆਂ ਦਾ ਸਭ ਤੋਂ ਵੱਡਾ, ਸਭ ਤੋਂ ਲੰਮੇ ਸਮੇਂ ਦਾ ਅਤੇ ਸਫਲ ਕਿਸਾਨ ਅੰਦੋਲਨ ਇਤਿਹਾਸ ਵਿਚ ਦਰਜ ਹੋ ਚੁੱਕਿਆ ਹੈ। ਸਗੋਂ ਇਹ ਕਹਿਣਾ ਵੀ ਉਚਿਤ ਹੋਵੇਗਾ ਕਿ ਸਬੰਧਤ ਇਤਿਹਾਸ ਵਿਚ ਇਸ ਅੰਦੋਲਨ ਨੂੰ ਸੁਨਹਿਰੇ ਅੱਖਰਾਂ ਵਿਚ ਲਿਖਿਆ ਜਾਵੇਗਾ। ਇਸ ਅੰਦੋਲਨ ਨੇ ਪੂਰੇ ਦੇਸ਼ ਦੇ ਕਿਸਾਨਾਂ ਅਤੇ ਹੋਰ ਵਰਗਾਂ ਅੰਦਰ ਨਵੀਂ ਚੇਤਨਾ, ਨਵੀਂ ਸੂਝ ਅਤੇ ਨਵੀਂ ਸ਼ਕਤੀ ਦਾ ਸੰਚਾਰ ਕੀਤਾ ਹੈ। ਸਰਮਾਏਦਾਰੀ ਢਾਂਚੇ ਦੇ ਵਧ ਰਹੇ ਖ਼ਤਰਿਆਂ ਤੋਂ ਜਿੰਨੀ ਤੇਜ਼ੀ ਤੇ ਕਾਮਯਾਬੀ ਨਾਲ ਜਾਗ੍ਰਤੀ ਲਿਆਂਦੀ ਹੈ, ਓਨੀ ਕਿਸੇ ਹੋਰ ਸਾਧਨਾਂ ਨਾਲ ਨਹੀਂ ਸੀ ਆਈ। ਲੋਕਾਂ ਨੂੰ ਆਪਣੇ ਏਕੇ ਦੀ ਬਰਕਤ ਦਾ ਅਹਿਸਾਸ ਹੋਇਆ ਹੈ। ਇਹ ਵੀ ਧਾਰਨਾ ਪੱਕੀ ਹੋਈ ਹੈ ਕਿ ਉਹ ਲੋਕ-ਤੰਤਰ ਵਿਚ ਕੀ ਅਹਿਮੀਅਤ ਰਖਦੇ ਹਨ। ਇਹ ਵੀ ਵਿਸ਼ਵਾਸ ਬੱਝਿਆ ਹੈ ਕਿ ਉਹ ਇੱਕ-ਜੁੱਟ ਹੋ ਕੇ ਕਿਸੇ ਵੀ ਸਰਕਾਰ ਜਾਂ ਤਾਨਾਸ਼ਾਹ ਨੂੰ ਝੁਕਾ ਕੇ ਆਪਣੀ ਗੱਲ ਮੰਨਵਾ ਸਕਦੇ ਹਨ। ਸੱਚੇ ਅਰਥਾਂ ਵਿਚ ਲੋਕ-ਸ਼ਕਤੀ ਉਭਰ ਕੇ ਆਈ ਹੈ, ਜਿਸ ਤੋਂ ਮਾਨਵ-ਦੋਖੀ ਤੇ ਲੋਕ-ਵਿਰੋਧੀ ਅਨਸਰਾਂ ਨੂੰ ਭੈਅ ਆਉਣ ਲੱਗਿਆ ਹੈ। ਇਹ ਸ਼ਕਤੀ ਉਨ੍ਹਾਂ ਦੀਆਂ ਸਾਰੀਆਂ ਸਾਜ਼ਿਸ਼ਾਂ ਅਤੇ ਗੁੱਝੀਆਂ ਚਾਲਾਂ ਦਾ ਮੂੰਹ-ਤੋੜ ਜਵਾਬ ਦੇਣ ਦੇ ਸਮਰੱਥ ਹੋ ਖੜ੍ਹੀ ਹੈ। ਲੋਕ-ਸ਼ਕਤੀਆਂ, ਲੋਕ-ਵਰਗਾਂ, ਖਾਸ ਕਰ ਕੇ ਕਿਸਾਨਾਂ-ਮਜ਼ਦੂਰਾਂ ਦੀ ਏਕਤਾ ਸਭ ਤੋਂ ਵੱਡੀ ਪ੍ਰਾਪਤੀ ਹੈ।ਉਮੀਦ ਕੀਤੀ ਜਾਂਦੀ ਹੈ ਕਿ ਇਹ ਏਕਤਾ ਨਾ ਸਿਰਫ਼ ਬਰਕਰਾਰ ਰਹੇਗੀ ਸਗੋਂ ਸਾਰੀਆਂ ਦੁਫੇੜ-ਪਾਊ ਸ਼ਕਤੀਆਂ ਦਾ ਟਾਕਰਾ ਕਰਦੀ ਹੋਈ ਹੋਰ ਵੀ ਮਜ਼ਬੂਤ ਹੁੰਦੀ ਰਹੇਗੀ। ਅੱਜ ਸਾਰੀ ਦੁਨੀਆਂ ਦੇ ਪੂੰਜੀਵਾਦੀ ਨਿਜ਼ਾਮ ਤੋਂ ਸਤਾਏ ਹੋਏ ਲੋਕ ਇਸ ਅੰਦੋਲਨ ਦੇ ਨਤੀਜਿਆਂ ਤੋਂ ਪ੍ਰਭਾਵਤ ਹੋਏ ਹਨ। ਇਹ ਅੰਦੋਲਨ ਦੁਨੀਆਂ ਭਰ ਦੇ ਹੋਣ ਵਾਲੇ ਲੋਕ-ਸੰਘਰਸ਼ਾਂ ਨੂੰ ਦਿਸ਼ਾ ਪ੍ਰਦਾਨ ਕਰਨ ਦੇ ਯੋਗ ਹੋ ਨਿੱਬੜਿਆ ਹੈ, ਜਿਸ ਤੋਂ ਵਿਸ਼ਵ ਭਰ ਅੰਦਰ ਚੰਗੇ ਰੁਝਾਨ ਅਤੇ ਨਤੀਜਿਆਂ ਦੀ ਆਸ ਬੱਝੀ ਹੈ।

ਜੋ ਤਿੰਨ ਖੇਤੀ ਕਾਨੂੰਨ ਮਰੇ ਸੱਪ ਵਾਂਗ ਗਲ ਨੂੰ ਚੰਬੜਨ ਵਾਲੇ ਸਨ, ਇੱਕ ਵਾਰ ਉਨ੍ਹਾਂ ਨੂੰ ਤਾਂ ਗਲੋਂ ਵਗਾਹ ਮਾਰਿਆ ਹੈ। ਆਉਂਦੇ ਸਮੇਂ ਵਿਚ ਸਰਮਾਏਦਾਰ ਕਾਰਪੋਰੇਟਾਂ ਦੀਆਂ ਪਿੱਠੂ ਸਰਕਾਰਾਂ ਵਿੰਗੇ-ਟੇਢੇ ਢੰਗ ਨਾਲ ਖੇਤੀ ਦੇ ਧੰਦੇ ਤੇ ਕਈ ਕਿਸਮ ਦੇ ਖ਼ਤਰੇ ਖੜ੍ਹੇ ਕਰ ਸਕਦੀਆਂ ਹਨ। ਕਿਉਂ ਨਾ ਖੇਤੀਬਾੜੀ ਦੇ ਖੇਤਰ ਵਿਚ ਸੂਬਾ ਪੱਧਰ ਤੇ ਅਜਿਹੇ ਸੁਧਾਰ ਲਿਆਂਦੇ ਜਾਣ, ਜਿੰਨ੍ਹਾਂ ਨਾਲ ਇਹ ਧੰਦਾ ਲਾਹੇਵੰਦ ਵੀ ਹੋ ਸਕੇ, ਕਿਸੇ ਅੰਦੋਲਨ ਕਰਨ ਦੀ ਏਡੀ ਲੋੜ ਵੀ ਨਾ ਪਵੇ, ਇਸ ਖੇਤਰ ਵਿਚ ਆਈ ਖੜੋਤ ਵੀ ਟੁੱਟ ਸਕੇ ਤੇ ਸਾਡੇ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਦੀ ਬਾਹਰਲੇ ਮੁਲਕਾਂ ਵੱਲ ਹੋ ਰਹੀ ਹਿਜਰਤ ਨੂੰ ਵੀ ਠੱਲ੍ਹ ਪਾਈ ਜਾ ਸਕੇ। ਕਿਸਾਨੀ ਏਕਤਾ ਕਾਇਮ ਰੱਖ ਕੇ ਸਰਕਾਰਾਂ ਤੋਂ ਕਿਸਾਨ-ਪੱਖੀ ਫੈਸਲੇ ਕਰਵਾ ਸਕੇ, ਰਾਜਨੀਤੀ ਵਿਚ ਆਪਣੀ ਮਰਜ਼ੀ ਮੁਤਾਬਕ ਦਖ਼ਲ-ਅੰਦਾਜ਼ ਹੋ ਸਕੇ।

ਫ਼ਸਲੀ ਚੱਕਰ -- ਇਸ ਵੇਲੇ ਸਭ ਤੋਂ ਵੱਡੀ ਤੇ ਪ੍ਰਾਥਮਿਕ ਲੋੜ ਕਣਕ- ਝੋਨੇ ਵਾਲੇ ਦੂ-ਫ਼ਸਲੀ ਚੱਕਰ ▾ਚੋਂ ਨਿਕਲਣ ਦੀ ਹੈ। ਇਹ ਦੂ-ਫ਼ਸਲੀ ਚੱਕਰ ਨਾ ਸਿਰਫ਼ ਸਰਕਾਰੀ ਨਿਊਨਤਮ ਸਮਰਥਨ ਮੁੱਲ ਦਾ ਮੁਥਾਜ ਬਣਾਉਂਦਾ ਹੈ, ਸਗੋਂ ਪੰਜਾਬ ਦੀ ਜ਼ਰਖ਼ੇਜ਼ ਧਰਤੀ ਹੇਠਲੇ ਪਾਣੀ ਨੂੰ ਤੇਜ਼ੀ ਨਾਲ ਖ਼ਤਮ ਕਰ ਰਿਹਾ ਹੈ। ਕੀਮੀਆਈ ਖਾਦਾਂ ਅਤੇ ਜ਼ਹਿਰਾਂ ( ਫ਼ਰਟੀਲਾਈਜ਼ਰ ਤੇ ਪੈਸਟੀਸਾਈਡ ) ਦੀ ਬੇ-ਤਹਾਸ਼ਾ ਅੰਨ੍ਹੇਵਾਹ ਵਰਤੋਂ ਜਿੱਥੇ ਜ਼ਮੀਨ ਵਿਚਲੇ ਤੱਤਾਂ ਦਾ ਸੰਤੁਲਨ ਵਿਗਾੜ ਰਹੀ ਹੈ, ਉੱਥੇ ਵਾਤਾਵਰਣ ਨੂੰ ਵੀ ਪਲੀਤ ਕਰ ਰਹੀ ਹੈ। ਕਈ ਮਿੱਤਰ ਕੀੜਿਆਂ, ਪੰਛੀਆਂ ਅਤੇ ਜਾਨਵਰਾਂ ਦੀਆਂ ਪ੍ਰਜਾਤੀਆਂ ਖ਼ਤਮ ਹੋ ਰਹੀਆਂ ਹਨ, ਜਿਵੇਂ ਮਧੂ ਮੱਖੀਆਂ, ਚਿੜੀਆਂ, ਮੋਰ, ਗਿਰਝਾਂ ਆਦਿ। ਮਨੁੱਖੀ ਸਿਹਤ ਉਪਰ ਵੀ ਮਾੜਾ ਪ੍ਰਭਾਵ ਪੈ ਰਿਹਾ ਹੈ। ਕੈਂਸਰ, ਕਾਲਾ ਪੀਲੀਆ ਵਰਗੀਆਂ ਨਾ-ਮੁਰਾਦ ਬੀਮਾਰੀਆਂ ਘਰਾਂ ਦੇ ਘਰ ਉਜਾੜ ਰਹੀਆਂ ਹਨ। ਬਠਿੰਡੇ ਤੋਂ ਗੰਗਾਨਗਰ ਜਾਣ ਵਾਲੀ ▾ਕੈਂਸਰ ਟ੍ਰੇਨ▾ ਵਿਚ ਭੀੜ ਲਗਾਤਾਰ ਵਧਦੀ ਜਾ ਰਹੀ ਹੈ। ਧਾਨ ਦੀ ਖੇਤੀ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਤਾਂ ਖੋਰਾ ਲਾ ਹੀ ਰਹੀ ਹੈ, ਨਾਲ ਹੀ ਹੇਠਲਾ ਪਾਣੀ ਏਨਾ ਡੂੰਘ ਹੋ ਗਿਆ ਹੈ ਕਿ ਮੁੱਕਣ ਦੀ ਕਗਾਰ ਤੇ ਪਹੁੰਚ ਗਿਆ ਹੈ। ਪਰਾਲੀ ਸਾੜਨ ਦੀ ਪ੍ਰਕਿਰਿਆ ਵਾਯੂਮੰਡਲ ਨੂੰ ਦੂਸ਼ਿਤ ਕਰ ਰਹੀ ਹੈ ਅਤੇ ਦਮੇ ਵਰਗੀਆਂ ਗਲ-ਘੋਟੂ ਬੀਮਾਰੀਆਂ ਦਾ ਕਾਰਨ ਬਣ ਰਹੀ ਹੈ। ਵੇਖਿਆ ਜਾਵੇ ਤਾਂ ਧਾਨ ਪੈਦਾ ਕਰਨਾ ਸਾਡੀ ਇਸ ਕਰ ਕੇ ਮਜਬੂਰੀ ਬਣ ਗਿਆ ਹੈ ਕਿ ਇਸ ਦਾ ਅਜੇ ਤੱਕ ਨਿਊਨਤਮ ਸਮਰਥਨ ਮੁੱਲ ਮਿਲ ਜਾਂਦਾ ਹੈ। ਇਸ ਦਾ ਇੱਕ ਹੋਰ ਵੱਡਾ ਨੁਕਸਾਨ ਇਹ ਹੈ ਕਿ ਮੁਫ਼ਤ ਮਿਲਦੀ ਬਿਜਲੀ ਹੇਠਲਾ ਪਾਣੀ ਤਾਂ ਖਿਚਦੀ ਹੀ ਹੈ, ਸਿੱਧੇ ਤੌਰ ਤੇ ਸਰਕਾਰੀ ਖ਼ਜ਼ਾਨੇ ( ਬਿਜਲੀ ਨਿਗਮ ) ਤੇ ਬੇ-ਲੋੜਾ ਆਰਥਿਕ ਬੋਝ ਵੀ ਪੈ ਰਿਹਾ ਹੈ। ਇਹੋ ਰਾਸ਼ੀ ਬਚਤ ਕਰ ਕੇ ਫ਼ਸਲਾਂ ਦੀ ਵਿਭਿੰਨਤਾ ਵਰਗੀਆਂ ਸਕੀਮਾਂ ਤੇ ਖ਼ਰਚ ਕੀਤੀ ਜਾ ਸਕਦੀ ਹੈ। ਇਸ ਨਾਲ ਸਬਸਿਡੀ ਦੇ ਕੇ ਬਾਗ਼ਬਾਨੀ ਅਤੇ ਤੁਪਕਾ ਜਾਂ ਫੁਹਾਰਾ ਸਿੰਚਾਈ ਨੂੰ ਪ੍ਰੋਤਸਾਹਿਤ ਕੀਤਾ ਜਾ ਸਕਦਾ ਹੈ, ਜੋ ਸਮੇਂ ਦੀ ਅਣਸਰਦੀ ਲੋੜ ਹੈ।



ਫ਼ਸਲੀ ਵਿਭਿੰਨਤਾ -- ਲੋੜ ਹੈ ਅਜਿਹੀਆਂ ਵੱਧ ਝਾੜ ਦੇਣ ਵਾਲੀਆਂ, ਰੋਗਾਂ ਦਾ ਟਾਕਰ ਕਰਨ ਵਾਲੀਆਂ ਕਿਸਮਾਂ ਵਿਕਸਿਤ ਕਰਨ ਦੀ ਜੋ ਘੱਟ ਪਾਣੀ , ਘੱਟ ਖਾਦਾਂ ਅਤੇ ਘੱਟ ਜ਼ਹਿਰਾਂ ਦੀ ਵਰਤੋਂ ਨਾਲ ਪੈਦਾ ਹੋ ਸਕਣ। ਦਾਲਾਂ, ਤੇਲ-ਬੀਜ ਫ਼ਸਲਾਂ, ਗੰਨਾ, ਕਪਾਹ, ਮੱਕੀ, ਬਾਜਰਾ, ਜੌਂ, ਗੁਆਰਾ ਆਦਿ ਫ਼ਸਲਾਂ ਦੀ ਖੇਤੀ ਲਈ ਪੰਜਾਬ ਦੀ ਜ਼ਮੀਨ ਅਤੇ ਪੌਣਪਾਣੀ ਬਹੁਤ ਅਨੁਕੂਲ ਹਨ। ਜੇ ਇਨ੍ਹਾਂ ਫ਼ਸਲਾਂ ਦੀ ਲਾਹੇਵੰਦ ਭਾਅ ਉੱਤੇ ਖ਼ਰੀਦ ਕਾਨੂੰਨੀ ਤੌਰ ਤੇ ਯਕੀਨੀ ਬਣਾਈ ਜਾਵੇ ਤਾਂ ਕਿਸਾਨ ਇਸ ਪਾਸੇ ਆਪਣੇ ਆਪ ਖਿੱਚੇ ਜਾਣਗੇ। ਇਸ ਨਾਲ ਇਨ੍ਹਾਂ ਦੀ ਆਯਾਤ ਘਟਣ ਜਾਂ ਬੰਦ ਹੋਣ ਨਾਲ ਵਿਦੇਸ਼ੀ ਮੁਦਰਾ ਵੀ ਬਚੇਗੀ। ਪ੍ਰੋਟੀਨ-ਯੁਕਤ ਦਾਲਾਂ ਦੀ ਖਪਤ ਨਾਲ ਕੁਪੋਸ਼ਣ ਦੀ ਸਮੱਸਿਆ ਹੱਲ ਕਰਨ ਵਿਚ ਮਦਦ ਮਿਲੇਗੀ। ਪੰਜਾਬ ਦੇ ਵੱਖੋ ਵੱਖ ਖਿੱਤਿਆਂ ਵਿਚ ਕਈ ਕਿਸਮ ਦੇ ਫਲ ਪੈਦਾ ਹੁੰਦੇ ਹਨ, ਇਸ ਦਾ ਵਿਤਾਰ ਕਰਨਾ ਪੈਣਾ ਹੈ। ਇਸੇ ਤਰ੍ਹਾਂ ਤਕਰੀਬਨ ਸਾਰੀਆਂ ਸਬਜ਼ੀਆਂ ਅਤੇ ਕਈ ਕਿਸਮਾਂ ਦੇ ਫੁੱਲ ਪੈਦਾ ਕਰਨ ਲਈ ਜਲਵਾਯੂ ਅਨੁਕੂਲ ਹੈ। ਲੋੜ ਹੈ ਸੁਧਰੀਆਂ ਕਿਸਮਾਂ ਵਿਕਸਿਤ ਕਰਨ ਦੀ ਜੋ ਰੋਗ ਰਹਿਤ ਹੋਣ, ਵੱਧ ਝਾੜ ਦੇਣ, ਅੱਤ ਦਾ ਮੌਸਮ ਸਹਾਰ ਸਕਣ ਤੇ ਭੰਡਾਰਨ ਜਾਂ ਢੋਅ-ਢੁਆਈ ਸਮੇਂ ਖ਼ਰਾਬ ਨਾ ਹੋਣ। ਇਹ ਵੀ ਜ਼ਰੂਰੀ ਹੈ ਕਿ ਕਿਸਮਾਂ ਵਧੀਆ ਗੁਣਵੱਤਾ(ਕੁਆਲਟੀ) ਦੀਆਂ ਹੋਣ ਤਾਂ ਜੋ ਡੱਬਾ-ਬੰਦ ਕਰ ਕੇ ਬਾਹਰ ਭੇਜੀਆਂ ਜਾ ਸਕਣ। ਇਸ ਵਾਸਤੇ ਬਣਦੇ ਨੈੱਟ-ਵਰਕ, ਸਿਸਟਮ, ਵਾਤਾਨੁਕੂਲ ਟਰੱਕ ਵਗੈਰਾ ਦੇ ਇੰਤਜ਼ਾਮ ਕਾਇਮ ਕਰਨ ਲਈ ਸਰਕਾਰ ਵੱਲੋਂ ਹਰ ਕਿਸਮ ਦੀ ਮਦਦ ਮੁਹੱਈਆ ਕਰਨੀ ਹੋਵੇਗੀ। ਅਜਿਹੇ ਉੱਦਮ (ਐਂਟਰਪਰਨਿਉਰਸ਼ਿਪ) ਸਰਕਾਰੀ, ਅਰਧ ਸਰਕਾਰੀ ਜਾਂ ਨਿੱਜੀ ਅਦਾਰੇ ਕਰ ਸਕਦੇ ਹਨ।

ਪ੍ਰੋਸੈਸਿੰਗ ਪਲਾਂਟ -- ਖੇਤੀ ਅਤੇ ਡੇਅਰੀ ਉਤਪਾਦਨ ਨੂੰ ਪ੍ਰੋਸੈਸਿੰਗ ਤੇ ਮਿਲਕ ਪਲਾਂਟਾਂ ਅੰਦਰ ਕੱਚੇ ਮਾਲ ਵਜੋਂ ਵਰਤ ਕੇ ਵਧੀਆ ਖਾਣਯੋਗ ਤੇ ਵਰਤਣਯੋਗ ਉਤਪਾਦ ( ਐਂਡ ਪਰ੍ਰੋਡਕਟ ) ਦੀ ਸ਼ਕਲ ਵਿਚ ਤਿਆਰ ਕਰਕੇ ਪੈਕ ਕਰ ਕੇ ਦੇਸ਼-ਵਿਦੇਸ਼ਾਂ ਅੰਦਰ ਭੇਜਣ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਹਨ। ਆਉਂਦੇ ਸਾਲਾਂ ਵਿਚ ਵਿਸ਼ਵ ਖਾਧ-ਪਦਾਰਥਾਂ ਦੀ ਕਮੀ ਨਾਲ ਜੂਝਣ ਵਾਲਾ ਹੈ। ਪੰਜਾਬ ਮਾਰਕਫੈਡ ਦਾ ਜਲੰਧਰ ਸਥਿਤ ਛੋਟਾ ਜਿਹਾ ਕੈਨਰੀ ਪਲਾਂਟ ਸਬਜ਼ੀਆਂ ਅਤੇ ਫਲਾਂ ਦੇ ਪਦਾਰਥ ਡੱਬਾਬੰਦ ਕਰ ਕੇ ਸੋਹਣਾ ਬ੍ਰਾਂਡ ਹੇਠ ਕਈ ਮੁਲਕਾਂ ਨੂੰ ਨਿਰਯਾਤ ਕਰ ਰਿਹਾ ਹੈ।

ਸਹਿਕਾਰੀ ਮਿਲਕ ਪਲਾਂਟਾਂ ਦੇ ਕੁਆਲਟੀ ਪ੍ਰੋਡਕਟ ਵੇਰਕਾ ਦੇ ਮਸ਼ਹੂਰ ਬ੍ਰਾਂਡ ਹੇਠ ਨਿਰਯਾਤ ਕੀਤੇ ਜਾ ਰਹੇ ਹਨ। ਬੜੇ ਦੁੱਖ ਦੀ ਗੱਲ ਹੈ ਕਿ ਕੇਂਦਰ ਸਰਕਾਰ ਵਿਚ ਪ੍ਰੋਸੈਸਿੰਗ ਮੰਤਰਾਲੇ ਦੀ ਕੁਰਸੀ ਤੇ ਛੇ ਸਾਲ ਬਿਰਾਜਮਾਨ ਹੋ ਕੇ ਵੀ ਪੰਜਾਬ ਤੋਂ ਗਈ ਮੰਤਰੀ ਨੇ ਇੱਥੇ ਪ੍ਰੋਸੈਸਿੰਗ ਕਰਨ ਵੱਲੋਂ ਮੁਜਰਮਾਨਾ ਅਣਗਹਿਲੀ ਬਣਾਈ ਰੱਖੀ। ਅਜਿਹੇ ਪਲਾਂਟ ਲਾਉਣ ਨਾਲ ਖੇਤੀ ਉਤਪਾਦਨ ਤੇ ਦੁੱਧ ਦੀ ਮੰਗ ਵਧੇਗੀ, ਕਿਸਾਨ ਨੂੰ ਲਾਹੇਵੰਦਾ ਭਾਅ ਮਿਲੇਗਾ ਅਤੇ ਝੋਨੇ ਹੇਠਲਾ ਰਕਬਾ ਘਟਣ ਨਾਲ ਕਿੰਨੇ ਹੀ ਸਬੰਧਤ ਫ਼ਾਇਦੇ ਹੋਣਗੇ।

ਸਰਕਾਰੀ, ਅਰਧ-ਸਰਕਾਰੀ ਤੇ ਸਹਿਕਾਰੀ ਅਦਾਰੇ -- ਜੇ ਵੰਨ-ਸੁਵੰਨੀਆਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਨਿਰਧਾਰਤ ਕਰ ਕੇ ਖ੍ਰੀਦ ਦੀ ਵਿਵਸਥਾ ਕਰਨੀ ਪਈ ਤਾਂ ਸਰਕਾਰੀ, ਅਰਧ-ਸਰਕਾਰੀ ਅਤੇ ਸਹਿਕਾਰੀ ਅਦਾਰੇ ਇਸ ਕਾਰਜ ਵਿਚ ਸਹਿਯੋਗ ਕਰ ਕੇ ਵੱਡ-ਮੁੱਲਾ ਯੋਗਦਾਨ ਪਾ ਸਕਦੇ ਹਨ। ਮਾਰਕਫੈਡ, ਪੰਜਾਬ ਐਗਰੋ ਇੰਡਸਟ੍ਰੀਜ਼ ਕਾਰਪੋਰੇਸ਼ਨ, ਸਟੇਟ ਵੇਅਰਹਾਊਜ਼ਿੰਗ ਕਾਰਪੋਰੇਸ਼ਨ ਅਤੇ ਪੇਂਡੂ ਸਹਿਕਾਰੀ ਸਭਾਵਾਂ ਵੱਡੇ ਅਤੇ ਛੋਟੇ ਪੱਧਰ ਤੇ ਖਰੀਦ, ਭੰਡਾਰਨ ਅਤੇ ਸਪਲਾਈ ਦਾ ਵਧੀਆ ਪ੍ਰਬੰਧ ਕਰਨ ਦੇ ਸਮਰੱਥ ਹਨ। ਇਹ ਅਦਾਰੇ ਪ੍ਰੋਸੈਸਿੰਗ ਪਲਾਂਟ ਚਲਾਉਣ, ਮੰਡੀਕਰਣ ਕਰਨ ਅਤੇ ਜੁੜਵੀਆਂ ਵਿਵਸਥਾਵਾਂ ਸਥਾਪਤ ਕਰਨ ਦੇ ਯੋਗ ਹਨ। ਲੋੜ ਹੈ ਸਰਕਾਰੀ ਨੀਤੀਆਂ ਅਤੇ ਬਜਟ ਨੂੰ ਇਸ ਪਾਸੇ ਝੁਕਾਉਣ ਦੀ। ਕਿਸੇ ਤਰ੍ਹਾਂ ਦੀਆਂ ਕਾਨੂੰਨੀ ਜਾਂ ਨੀਤੀਗਤ ਅੜਿੱਚਣਾਂ ਦੂਰ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੋਵੇਗੀ।

ਖੇਤੀ ਖੋਜ -- ਉਪ੍ਰੋਕਤ ਸੁਝਾਅ ਤਾਂ ਹੀ ਕਾਰਗਰ ਹੋ ਸਕਣਗੇ ਜੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ-ਪੀ.ਏ.ਯੂ.- ਦੀਆਂ ਖੋਜ ਸਬੰਧੀ ਲੋੜਾਂ ਨੂੰ ਪੂਰਾ ਕੀਤਾ ਜਾਵੇ। ਪਿਛਲੀ ਸਦੀ ਦੇ ਸੱਤਵੇਂ ਦਹਾਕੇ ਵਿਚ ਕਣਕ ਤੇ ਝੋਨੇ ਦੀਆਂ ਉੱਨਤ ਕਿਸਮਾਂ ਨੇ ਹਰੀ ਕ੍ਰਾਂਤੀ ਲਿਆਂਦੀ ਪਰ ਉਸ ਮਗਰੋਂ ਖੋਜ ਦੇ ਕੰਮ ਵਿਚ ਖੜੋਤ ਆ ਗਈ। ਮਾਲੀ ਸੰਕਟ ਨਾਲ ਜੂਝ ਰਹੇ ਇਸ ਅਹਿਮ ਅਦਾਰੇ ਦੀ ਘੋਰ ਅਣਦੇਖੀ ਕਿਸਾਨੀ ਸੰਕਟ ਗਹਿਰਾ ਕਰ ਰਹੀ ਹੈ। ਨਾ ਹੀ ਇਸ ਦੇ ਖੋਜ ਕੇਂਦਰਾਂ ਵਿਚ ਉਲੇਖਯੋਗ ਖੋਜ ਹੋ ਰਹੀ ਹੈ ਤੇ ਨਾ ਹੀ ਸਰਕਾਰੀ ਫਾਰਮਾਂ ਵਿਚ ਉੱਨਤ ਬੀਜ ਪੈਦ ਕੀਤੇ ਜਾ ਰਹੇ ਹਨ। ਇਸ ਪਾਸੇ ਵੱਲ ਪਹਿਲ ਦੇ ਅਧਾਰ ਤੇ ਉਚੇਚਾ ਧਿਆਨ ਦੇਣਾ ਤੇ ਆਰਥਕ ਮਦਦ ਸਣੇ ਹਰ ਤਰ੍ਹਾਂ ਦੀ ਪਹਿਲ ਕਦਮੀ ਕਰਨੀ ਸਮੇਂ ਦੀ ਮੰਗ ਹੈ। ਯੂਨੀਵਰਸਿਟੀ ਦੇ ਮਾਹਿਰ ਫਸਲਾਂ ਦੀ ਰਕਬਾ-ਆਧਾਰਿਤ ਵਿਉਂਤਬੰਦੀ ਅਤੇ ਮੰਡੀਕਰਨ ਦਾ ਰੋਡ-ਮੈਪ ਦੇ ਸਕਦੇ ਹਨ।

ਵਿਸ਼ਾ ਬਹੁ-ਪਾਸਾਰੀ, ਗੁਝਲਦਾਰ ਅਤੇ ਕਠਿਨ ਹੈ ਪਰ ਅੱਖਾਂ ਮੀਚਣ ਨਾਲ ਕੰਮ ਨਹੀਂ ਸਰਨਾ। ਸਾਰੀਆਂ ਸਬੰਧਤ ਧਿਰਾਂ ਨੂੰ ਸਿਰ ਜੋੜ ਕੇ ਬੈਠਣ ਦੀ ਫ਼ੌਰੀ ਲੋੜ ਹੈ। ਝੋਨੇ ਹੇਠਲਾ ਰਕਬਾ ਘਟਾ ਕੇ ਬਦਲ ਪੇਸ਼ ਕਰਨਾ, ਪੜਾਅ-ਵਾਰ ਹਰ ਸਾਲ ਅੱਗੇ ਵਧਣਾ ਹੀ ਹੱਲ ਹੈ। ਚਾਹੇ ਇਹ ਭਰਿੰਡਾਂ ਦਾ ਛੱਤਾ ਛੇੜਨ ਵਾਲੀ ਗੱਲ ਲਗਦੀ ਹੋਵੇ, ਪਰ ਇਸ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ ਦਿਸਦਾ। ਹੁਣ ਨਹੀਂ ਤਾਂ ਫੇਰ ਕਦੋਂ ਸੁਰਤ ਆਊਗੀ। ਜਦੋਂ ਅਗਲੀਆਂ ਪੀੜ੍ਹੀਆਂ ਦੇ ਖੇਤੀ ਕਰਨ ਲਈ ਧਰਤੀ ਹੇਠਲਾ ਪਾਣੀ ਮੁਕਾ ਬੈਠੇ, ਵਾਤਾਵਰਣ ਜਿਉਣ ਜੋਗਾ ਨਾ ਰਿਹਾ, ਨੌਜਵਾਨ ਮੁੰਡੇ-ਕੁੜੀਆਂ ਵਿਦੇਸ਼ਾਂ ਨੂੰ ਹੇੜਾਂ ਘੱਤਣ ਲੱਗੇ, ਕਾਰਪੋਰੇਟ ਜ਼ਮੀਨਾਂ ਹੜੱਪਣ ਲੱਗੇ, ਪੰਜਾਬ, ਪੰਜਾਬੀਅਤ, ਪੰਜਾਬੀ ਦੇ ਸ਼ਾਨਾਮੱਤੇ ਨਿਸ਼ਾਨ ਮਿਟਣ ਲੱਗੇ ਤਾਂ ਹੱਥ ਮਲਣ ਤੋਂ ਬਿਨਾ ਪੱਲੇ ਕੁਛ ਨਹੀਂ ਰਹੇਗਾ। ਕਦੇ ਤਾਂ ਕੌੜਾ ਅੱਕ ਚੱਬਣਾ ਪਊ।



# ਤਬਾਹਕੁੰਨ ਨੋਟਬੰਦੀ ਅਤੇ ਸੱਤਾ ਦੀ ਸਿਆਸਤ

ਔਨਿੰਦਯੋ ਚੱਕਰਵਰਤੀ

ਪੰਜ ਸਾਲ ਪਹਿਲਾਂ ਪੰਜ ਪੰਜ ਸੌ ਦੇ ਅੱਠ ਨੋਟ ਬਦਲਵਾਉਣ ਵਾਸਤੇ ਇਨ੍ਹੀਂ ਦਿਨੀਂ ਮੈਂ ਆਪਣੀ ਇਕ ਮੁਕਾਮੀ ਬੈਂਕ ਸ਼ਾਖਾ ਦੇ ਬਾਹਰ ਲੱਗੀ ਲੰਮੀ ਕਤਾਰ ਵਿਚ ਖੜ੍ਹਾ ਸਾਂ। ਨੋਟਬੰਦੀ ਦੇ ਐਲਾਨ ਨੇ ਅਮੀਰ ਗ਼ਰੀਬ ਸਭ ਕਤਾਰਾਂ ਵਿਚ ਲਗਵਾ ਦਿੱਤੇ ਸਨ ਤੇ ਲੋਕ ਖੜ੍ਹੇ ਖੜ੍ਹੇ ਕਦੇ ਗਿਲਾ ਕਰਨ ਲੱਗ ਪੈਂਦੇ ਤੇ ਕਦੇ ਹਾਸੇ ਠੱਠੇ ਨਾਲ ਸਾਰ ਲੈਂਦੇ ਸਨ। ਕਤਾਰ ਵਿਚ ਮੇਰੇ ਅੱਗੇ ਖੜ੍ਹੇ ਇਕ ਨੌਜਵਾਨ ਨੇ ਹਿੱਕ ਠੋਕ ਕੇ ਆਖਿਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿਆਸਤ ਦੇ ਦਿਨ ਪੁੱਗ ਗਏ ਹਨ। ਉਸ ਨੇ ਦਾਅਵਾ ਕੀਤਾ ਕਿ ਉਹ ਖ਼ੁਦ ਮੋਦੀ ਦਾ ਭਗਤ ਸੀ ਤੇ 2014 ਦੀਆਂ ਆਮ ਚੋਣਾਂ ਵਿਚ ਉਸ ਨੇ ਭਾਜਪਾ ਦੇ ਹੱਕ ਵਿਚ ਪ੍ਰਚਾਰ ਵੀ ਕੀਤਾ ਸੀ ਪਰ ਮੋਦੀ ਦੀ ਇਸ ਇਕੋ ਕਾਰਵਾਈ ਨੇ ਉਸ ਨੂੰ ਇਹ ਜਚਾ ਦਿੱਤਾ ਕਿ ਉਸ (ਮੋਦੀ) ਦੀ ਹਮਾਇਤ ਕਰ ਕੇ ਵੱਡੀ ਗ਼ਲਤੀ ਕੀਤੀ ਸੀ। ਉਸ ਦਿਨ ਬੈਂਕ ਦੇ ਬਾਹਰ ਖੜ੍ਹੇ ਬਹੁਤੇ ਲੋਕ ਉਸ ਦੀ ਇਸ ਗੱਲ ਨਾਲ ਸਹਿਮਤ ਨਜ਼ਰ ਆ ਰਹੇ ਸਨ।

ਤਰਕ ਦੇ ਹਿਸਾਬ ਨਾਲ ਨੋਟਬੰਦੀ ਤੋਂ ਬਾਅਦ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਤਕੜਾ ਝਟਕਾ ਵੱਜਣਾ ਚਾਹੀਦਾ ਸੀ। ਜੇ ਨਕਦੀ ਦੇ ਰੂਪ ਵਿਚ ਚੱਲਣ ਵਾਲੀ 86 ਫ਼ੀਸਦ ਨਕਦੀ ਰਾਤੋ-ਰਾਤ ਕੂੜੇਦਾਨ ਵਿਚ ਸੁੱਟ ਦਿੱਤੀ ਜਾਵੇ ਤਾਂ ਇਸ ਤੋਂ ਹਰ ਭਾਰਤੀ ਨਾਗਰਿਕ ਦਾ ਸਹਿਮ ਜਾਣਾ ਸੁਭਾਵਿਕ ਹੀ ਹੈ ਪਰ ਜਦੋਂ ਭਾਜਪਾ ਨੇ ਨਾ ਕੇਵਲ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਜਿੱਤ ਲਈਆਂ ਸਗੋਂ ਚੋਣਾਂ ਵਿਚ ਆਪਣੀਆਂ ਵੋਟਾਂ ਦੀ ਸਭ ਤੋਂ ਵੱਧ ਦਰ ਵੀ ਹਾਸਲ ਕਰ ਲਈ ਤਾਂ ਬਹੁਤ ਸਾਰੇ ਲੋਕ ਦੰਗ ਰਹਿ ਗਏ। ਇਸ ਮੁਤੱਲਕ ਵੋਟਾਂ ਦੇ ਫਿਰਕੂ ਧਰੁਵੀਕਰਨ, ਵਿਰੋਧੀ ਧਿਰ ਅੰਦਰ ਪਾਟੋਧਾੜ ਅਤੇ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈਵੀਐੱਮਜ਼) ਜ਼ਰੀਏ ਧਾਂਦਲੀ ਦੀਆਂ ਕਈ ਸਾਜ਼ਿਸ਼ੀ ਥਿਊਰੀਆਂ ਦੀਆਂ ਸਫ਼ਾਈਆਂ ਦਿੱਤੀਆਂ ਗਈਆਂ ਸਨ।

ਬਹੁਤ ਘੱਟ ਲੋਕਾਂ ਨੇ ਇਹ ਪ੍ਰਵਾਨ ਕੀਤਾ ਸੀ ਕਿ ਭਾਜਪਾ ਦੀ ਜਿੱਤ ਵਿਚ ਨੋਟਬੰਦੀ ਦਾ ਵੱਡਾ ਹੱਥ ਰਿਹਾ ਸੀ; ਇਹ ਅਜਿਹੀ ਕਾਰਵਾਈ ਸੀ ਜਿਸ ਨੇ ਸੂਬੇ ਦੇ ਸਭ ਤੋਂ ਗਰੀਬ ਲੋਕਾਂ ਨੂੰ ਇਹ ਜਚਾ ਦਿੱਤਾ ਕਿ ਪ੍ਰਧਾਨ ਮੰਤਰੀ ਦਾ ਦਿਲ ਉਨ੍ਹਾਂ ਲਈ ਧੜਕਦਾ ਹੈ। ਜਿਨ੍ਹਾਂ ਲੋਕਾਂ ਨੇ ਨੋਟਬੰਦੀ ਦੇ ਸਿਆਸੀ ਅਸਰ ਬਾਰੇ ਅਣਮੰਨੇ ਢੰਗ ਨਾਲ ਆਪਣੀ ਗ਼ਲਤੀ ਸਵੀਕਾਰ ਵੀ ਕੀਤੀ, ਉਨ੍ਹਾਂ ਨੇ ਦਲੀਲ ਦਿੱਤੀ ਸੀ ਕਿ ਇਹ 'ਆਪਣੀ ਕੰਧ ਸੁੱਟ ਕੇ ਗੁਆਂਢੀ ਦੀ ਮੱਝ ਮਾਰਨ' ਵਰਗੀ ਗੱਲ ਸੀ, ਕਿਉਂਕਿ ਨੋਟਬੰਦੀ ਕਰ ਕੇ ਗ਼ਰੀਬਾਂ ਨੂੰ ਵੀ ਮਾਰ ਸਹਿਣੀ ਪਈ ਪਰ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਇਸ ਨਾਲ ਅਮੀਰਾਂ ਦੇ ਵੱਟ ਨਿਕਲ ਗਏ ਹਨ।

ਕੀ ਹੋਵੇ ਜੇ ਭਾਰਤ ਦੇ ਗਰੀਬ ਲੋਕਾਂ ਦੇ ਇਕ ਹਿੱਸੇ ਨੂੰ ਨੋਟਬੰਦੀ ਦਾ ਕੋਈ ਵੀ ਨੁਕਸਾਨ ਝੱਲਣਾ ਹੀ ਨਾ ਪਿਆ ਹੋਵੇ ? ਨੋਟਬੰਦੀ ਨੇ ਜਿਸ ਤਰ੍ਹਾਂ ਅਰਥਚਾਰੇ ਨੂੰ ਮਧੋਲਿਆ ਸੀ, ਉਸ ਦੇ ਮੱਦੇਨਜ਼ਰ ਇਹ ਬਹੁਤ ਬੇਹੂਦਾ ਜਿਹੀ ਗੱਲ ਲਗਦੀ ਹੈ ਪਰ ਇਹ ਬੇਹੂਦਾ ਤਾਂ ਹੀ ਗਿਣੀ ਜਾਵੇਗੀ, ਜੇ ਅਸੀਂ ਜਿਸ ਨੂੰ ਅਰਥਚਾਰਾ ਕਹਿੰਦੇ ਹਾਂ, ਉਸ ਦੇ ਦਾਇਰੇ ਵਿਚ ਭਾਰਤ ਦਾ ਹਰ ਬਾਸ਼ਿੰਦਾ ਆਉਂਦਾ ਹੋਵੇ। ਦਰਅਸਲ ਇਹ ਅਰਥਚਾਰਾ ਭਾਵੇਂ ਪ੍ਰਤੱਖ ਹੋਵੇ ਜਾਂ ਅਪ੍ਰਤੱਖ, ਜਥੇਬੰਦ ਹੋਵੇ ਜਾਂ ਗ਼ੈਰ ਜਥੇਬੰਦ, ਮਾਪਣਯੋਗ ਹੋਵੇ ਜਾਂ ਨਹੀਂ; ਸਿਰਫ਼ 70 ਫ਼ੀਸਦ ਭਾਰਤੀਆਂ ਨਾਲ ਹੀ ਜੁੜਿਆ ਹੋਇਆ ਹੈ। ਹੇਠਲੇ 30 ਫ਼ੀਸਦ ਸਭ ਤੋਂ ਵੱਧ ਗ਼ਰੀਬ ਲੋਕ ਅਜਿਹੇ ਸੰਸਾਰ ਵਿਚ ਰਹਿੰਦੇ ਹਨ ਜੋ ਸਾਡੇ ਚਿੱਤ-ਚੇਤਿਆਂ ਤੋਂ ਵੀ ਕੋਹਾਂ ਦੂਰ ਹੈ।

ਭਾਰਤ ਵਿਚ ਕਿੰਨੇ ਕੁ ਲੋਕ ਹਨ ਜਿਨ੍ਹਾਂ ਨੂੰ ਨੋਟਬੰਦੀ ਤੋਂ ਪਹਿਲਾਂ ਅਕਸਰ 500 ਜਾਂ 1000 ਰੁਪਏ ਦੇ ਨੋਟ ਵਰਤਣ ਦਾ ਮੌਕਾ ਮਿਲਿਆ ਹੋਵੇਗਾ ? ਮਹੀਨੇਵਾਰ ਜਾਂ ਹਫ਼ਤਾਵਾਰੀ ਤਨਖ਼ਾਹ ਲੈਣ ਵਾਲੇ ਹਰ ਸ਼ਖ਼ਸ ਨੂੰ ਇਹ ਪੰਜ ਸੌ ਜਾਂ ਹਜ਼ਾਰ ਰੁਪਏ ਦੇ ਨੋਟ ਮਿਲਦੇ ਸਨ। ਦੂਜਿਆਂ ਨੂੰ ਕੰਮ ਤੇ ਰੱਖਣ ਵਾਲੇ ਵੀ ਇਹ ਨੋਟ ਚਲਾਉਂਦੇ ਹੋਣਗੇ। ਅਖੀਰ ਵਿਚ ਆਪਣਾ ਕੰਮ ਚਲਾਉਣ ਵਾਲੇ ਵਪਾਰੀ ਤੇ ਫੜ੍ਹੀ ਵਾਲੇ ਆਉਂਦੇ ਹਨ ਜਿਨ੍ਹਾਂ ਦਾ ਕਾਰੋਬਾਰ ਵੱਡਾ ਪਰ ਆਮਦਨ ਥੋੜ੍ਹੀ ਹੁੰਦੀ ਹੈ, ਇਨ੍ਹਾਂ ਦਾ ਵੀ ਉਚ ਕੀਮਤ ਵਾਲੇ ਨੋਟਾਂ ਨਾਲ ਅਕਸਰ ਵਾਹ ਪੈਂਦਾ ਹੋਵੇਗਾ। ਮਿਸਾਲ ਦੇ ਤੌਰ ਤੇ ਸੜਕ ਕਿਨਾਰੇ ਫੜ੍ਹੀ ਤੇ ਸਬਜ਼ੀ ਵੇਚਣ ਵਾਲਿਆਂ ਬਾਰੇ ਸੋਚੋ ਜੋ ਹਰ ਮਹੀਨੇ ਲੱਖਾਂ ਰੁਪਏ ਦੀਆਂ ਸਬਜ਼ੀਆਂ ਖਰੀਦਦੇ ਹਨ ਪਰ ਤਾਂ ਵੀ ਉਹ ਗ਼ਰੀਬ ਹੀ ਰਹਿੰਦੇ ਹਨ। 2017-18 ਦੇ ਪੀਰੀਔਡਿਕ ਲੇਬਰ ਫੋਰਸ ਸਰਵੇ (ਪੀਐੱਲਐੱਫਐੱਸ) ਵਿਚ ਇਸ ਸੰਬੰਧ ਵਿਚ ਕੁਝ ਸੁਰਾਗ ਮਿਲਦੇ ਹਨ ਕਿ ਨੋਟਬੰਦੀ ਕਰ ਕੇ ਕਿੰਨੇ ਕੁ ਭਾਰਤੀਆਂ ਤੇ ਸਿੱਧਾ ਅਸਰ ਪਿਆ ਹੋਵੇਗਾ। ਜੋ ਲੋਕ ਬੱਝਵੇਂ ਰੂਪ ਵਿਚ ਤਨਖ਼ਾਹਾਂ ਤੇ ਉਜਰਤਾਂ ਲੈਂਦੇ ਹਨ, ਉਹ ਕੁੱਲ ਕਰਮੀਆਂ ਦਾ ਕਰੀਬ 23 ਫ਼ੀਸਦ ਬਣਦੇ ਹਨ। ਅੰਦਾਜ਼ਨ 10 ਫ਼ੀਸਦ ਗ਼ੈਰ ਖੇਤੀਬਾੜੀ ਕਿੱਤਿਆਂ ਵਿਚ ਸਨ। ਦੋ ਫ਼ੀਸਦ ਸਵੈ-ਰੁਜ਼ਗਾਰ ਦੇ ਧੰਦਿਆਂ ਵਿਚ ਹਨ। ਕਰੀਬ 10 ਫ਼ੀਸਦ ਗ਼ੈਰ-ਖੇਤੀਬਾੜੀ ਕਿੱਤਿਆਂ ਵਿਚ ਲੱਗੇ ਹਨ ਜਿਨ੍ਹਾਂ ਨੂੰ ਮਹਿੰਗੇ ਮੁੱਲ ਤੇ ਸਮੱਗਰੀ ਖਰੀਦਣੀ ਪੈਂਦੀ ਹੈ, ਭਾਵੇਂ ਉਨ੍ਹਾਂ ਦੀ ਆਮਦਨ ਬਹੁਤ ਥੋੜ੍ਹੀ ਹੁੰਦੀ ਹੈ। ਇਨ੍ਹਾਂ ਦਾ ਕੁੱਲ ਜੋੜ 35 ਫ਼ੀਸਦ ਬਣ ਜਾਂਦਾ ਹੈ। ਇਨ੍ਹਾਂ ਤੋਂ ਬਿਨਾ ਬਾਕੀ ਬਚਦੇ ਹਨ ਕਿਸਾਨ ਜਿਨ੍ਹਾਂ ਦੀ ਸੰਖਿਆ 31 ਫ਼ੀਸਦ, ਇਤਫ਼ਾਕੀਆ ਜਾਂ ਵਕਤੀ ਕਾਮੇ 25 ਫ਼ੀਸਦ, ਤੇ ਘੱਟ ਲਾਗਤੀ ਸਮੱਗਰੀ ਅਤੇ ਘੱਟ ਆਮਦਨ ਵਾਲੇ ਆਪਣੇ ਖਾਤੇ ਦੇ ਕਾਮੇ 9 ਫ਼ੀਸਦ।

ਪੀਐੱਲਐੱਫਐੱਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਨੋਟਬੰਦੀ ਤੋਂ ਕਰੀਬ ਇਕ ਸਾਲ ਬਾਅਦ ਜੁਲਾਈ-ਸਤੰਬਰ 2017 ਵਿਚ ਦਿਹਾੜੀਦਾਰ ਕਿਰਤੀਆਂ ਨੂੰ ਦਿਹਾਤੀ ਖੇਤਰਾਂ ਵਿਚ 268 ਰੁਪਏ ਅਤੇ ਸ਼ਹਿਰੀ ਖੇਤਰਾਂ ਵਿਚ 356 ਰੁਪਏ ਦਿਹਾੜੀ ਮਿਲਦੀ ਸੀ। ਉੱਤਰ ਪ੍ਰਦੇਸ਼ ਵਿਚ ਦਿਹਾੜੀ ਦੀ ਦਰ ਦਿਹਾਤੀ ਖੇਤਰਾਂ ਵਿਚ 224 ਰੁਪਏ ਅਤੇ ਸ਼ਹਿਰਾਂ ਤੇ ਕਸਬਿਆਂ ਵਿਚ 259 ਰੁਪਏ ਮਿਲ ਰਹੀ ਸੀ। ਇਨ੍ਹਾਂ ਦਿਹਾੜੀਦਾਰ ਕਾਮਿਆਂ ਨੂੰ ਕਦੇ ਕਦਾਈਂ ਹੀ 500 ਜਾਂ 1000 ਰੁਪਏ ਦੇ ਨੋਟ ਦੇ ਦਰਸ਼ਨ ਹੁੰਦੇ ਸਨ; ਤੇ ਇਹ ਵੋਟਰਾਂ ਦਾ ਇਕ ਚੁਥਾਈ ਹਿੱਸਾ ਹਨ।

ਲਗਭਗ 20 ਫ਼ੀਸਦ ਵੋਟਰ, ਗ਼ੈਰ ਖੇਤੀਬਾੜੀ ਕਿੱਤਿਆਂ ਵਿਚ ਖ਼ੁਦ ਕਾਰੋਬਾਰ ਕਰਨ ਵਾਲੇ ਸਵੈ-ਰੁਜ਼ਗਾਰਯਾਫ਼ਤਾ ਹਨ। 2017-18 ਵਿਚ ਇਨ੍ਹਾਂ ਵਿਚੋਂ ਕਰੀਬ ਅੱਧਿਆਂ ਦੀ ਕਮਾਈ 8000 ਰੁਪਏ ਮਹੀਨੇਵਾਰ (267 ਰੁਪਏ ਦਿਹਾੜੀ) ਸੀ ਅਤੇ ਪੰਜਵਾਂ ਹਿੱਸੇ ਦੀ ਕਮਾਈ ਮਹੀਨੇਵਾਰ 5000 ਰੁਪਏ ਤੋਂ ਘੱਟ ਬਣਦੀ ਸੀ (167 ਰੁਪਏ ਦਿਹਾੜੀ)। ਮੰਨ ਲਓ ਕਿ ਅਜਿਹੇ ਘੱਟ ਆਮਦਨ ਵਾਲੇ ਅੱਧ ਤੋਂ ਵੱਧ ਲੋਕਾਂ ਜੋ ਕੁੱਲ ਵੋਟਰਾਂ ਦਾ ਹੋਰ ਪੰਜ ਫ਼ੀਸਦ ਹਿੱਸਾ ਬਣਦੇ ਹਨ, ਨੂੰ ਆਪਣੀ ਆਈ ਚਲਾਈ ਲਈ ਅਜਿਹੇ ਵੱਡੇ ਨੋਟਾਂ ਦੇ ਸਹਾਰੇ ਦੀ ਲੋੜ ਬਿਲਕੁੱਲ ਨਹੀਂ ਪੈਂਦੀ ਸੀ।ਹੁਣ ਅਸੀਂ ਆਉਂਦੇ ਹਾਂ ਕਿਸਾਨਾਂ ਵੱਲ ਜੋ 2017-18 ਵਿਚ ਕੁੱਲ ਕਿਰਤ ਸ਼ਕਤੀ ਦਾ ਕਰੀਬ 31 ਫ਼ੀਸਦ ਬਣਦੇ ਹਨ। ਲਗਭਗ ਉਸੇ ਅਰਸੇ ਦੌਰਾਨ ਕਰਵਾਏ ਗਏ ਨਾਬਾਰਡ ਦੇ ਵਿੱਤੀ ਭਿਆਲੀ ਸਰਵੇ (ਐੱਨਏਐੱਫਆਈਐੱਸ) ਤੋਂ ਸਾਨੂੰ ਪਤਾ ਲੱਗਦਾ ਹੈ ਕਿ ਕਿਸਾਨੀ ਪਰਿਵਾਰਾਂ ਵਿਚ ਗਿਣੇ ਜਾਂਦੇ ਕਰੀਬ 6 ਫ਼ੀਸਦ ਲੋਕਾਂ ਕੋਲ 0.01 ਹੈਕਟੇਅਰ ਤੋਂ ਵੀ ਘੱਟ ਜ਼ਮੀਨ ਹੈ। ਇਨ੍ਹਾਂ ਲੋਕਾਂ ਦੀ ਖਰੀਦ ਸ਼ਕਤੀ ਹੀ ਇੰਨੀ ਘੱਟ ਹੈ ਕਿ ਇਨ੍ਹਾਂ ਨੂੰ ਕਦੇ ਪੰਜ ਸੌ ਜਾਂ ਹਜ਼ਾਰ ਰੁਪਏ ਦੇ ਨੋਟਾਂ ਦੀ ਲੋੜ ਨਹੀਂ ਪਈ ਸੀ। 31 ਫ਼ੀਸਦ ਹੋਰ ਲੋਕਾਂ ਦੀ ਮਾਲਕੀ ਵੀ 0.4 ਹੈਕਟੇਅਰ (ਇਕ ਏਕੜ) ਤੋਂ ਘੱਟ ਸੀ। ਅਸੀਂ ਆਸਾਨੀ ਨਾਲ ਮੰਨ ਸਕਦੇ ਹਾਂ ਕਿ ਇਨ੍ਹਾਂ ਦਾ ਕਰੀਬ ਇਕ ਤਿਹਾਈ ਹਿੱਸੇ ਦੀ ਸਮੱਗਰੀ ਲਾਗਤ ਬਹੁਤ ਘੱਟ ਸੀ ਅਤੇ ਇਨ੍ਹਾਂ ਸ਼ਾਇਦ ਹੀ ਕਦੇ ਵੱਡੇ ਨੋਟ ਦੇਖੇ ਹੋਣਗੇ। ਇਸ ਦਾ ਮਤਲਬ ਹੈ ਕਿ ਘੱਟੋ-ਘੱਟ 16 ਫ਼ੀਸਦ ਕਿਸਾਨਾਂ (ਜੋ ਵੋਟਰਾਂ ਦਾ ਪੰਜ ਫ਼ੀਸਦ ਹਿੱਸਾ ਹਨ) ਦਾ ਪੰਜ ਸੌ ਜਾਂ ਹਜ਼ਾਰ ਦੇ ਨੋਟਾਂ ਨਾਲ ਕੋਈ ਵਾਹ-ਵਾਸਤਾ ਨਹੀਂ ਸੀ।ਆਓ ਨਿਸ਼ਾਨਦੇਹੀ ਵਾਲੇ ਉਨ੍ਹਾਂ ਤਿੰਨ ਸਮੂਹਾਂ ਨੂੰ ਜੋੜੀਏ ਜਿਨ੍ਹਾਂ ਤੇ ਨੋਟਬੰਦੀ ਦਾ ਕੋਈ ਸਿੱਧਾ ਅਸਰ ਨਹੀਂ ਪਿਆ ਸੀ: ਦਿਹਾੜੀਦਾਰ ਕਾਮੇ 25 ਫ਼ੀਸਦ, ਘੱਟ ਕਾਰੋਬਾਰ ਤੇ ਘੱਟ ਆਮਦਨ ਵਾਲੇ ਕਾਰੋਬਾਰੀ ਜੋ ਕੁੱਲ ਕਿਰਤ ਸ਼ਕਤੀ ਦਾ ਪੰਜ ਫ਼ੀਸਦ ਹਿੱਸਾ ਹਨ ਅਤੇ ਬਹੁਤ ਹੀ ਛੋਟੇ ਤੇ ਸੀਮਾਂਤ ਕਿਸਾਨ ਜੋ ਕੁੱਲ ਕਿਰਤ ਸ਼ਕਤੀ ਦਾ ਹੋਰ ਪੰਜ ਫ਼ੀਸਦ ਹਿੱਸਾ ਬਣਦੇ ਹਨ। ਇਹ ਕੁੱਲ ਮਿਲਾ ਕੇ ਕਰੀਬ 35 ਫ਼ੀਸਦ ਵੋਟਰ ਬਣ ਜਾਂਦੇ ਹਨ ਜੋ ਨੋਟਬੰਦੀ ਦੇ ਮਾੜੇ ਅਸਰਾਂ ਤੋਂ ਬਚੇ ਰਹੇ ਸਨ।ਇਹੀ ਵਰਗ ਭਾਜਪਾ ਲਈ ਜ਼ਰਖੇਜ਼ ਭੂਮੀ ਬਣੇ ਸਨ ਜਿਨ੍ਹਾਂ ਕੋਲ ਇਹ ਸੋਚਣ ਦਾ ਵਾਜਿਬ ਕਾਰਨ ਸੀ ਕਿ ਕੇਂਦਰ ਸਰਕਾਰ ਨੇ ਉਨ੍ਹਾਂ ਖ਼ਾਤਰ ਅਮੀਰਾਂ ਖਿਲਾਫ਼ ਕਾਰਵਾਈ ਕੀਤੀ ਸੀ, ਠੀਕ ਉਵੇਂ ਹੀ ਜਿਵੇਂ ਪੰਜ ਦਹਾਕੇ ਪਹਿਲਾਂ ਇੰਦਰਾ ਗਾਂਧੀ ਦੀ ਰਾਜੇ ਰਜਵਾੜਿਆਂ ਦੇ ਪ੍ਰਿਵੀ-ਪਰਸਜ਼ (ਵਿਸ਼ੇਸ਼ ਅਧਿਕਾਰ) ਖਤਮ ਕਰਨ ਅਤੇ ਕੌਮੀਕਰਨ ਦੀ ਮੁਹਿੰਮ ਨੇ ਆਪਣਾ ਅਸਰ ਦਿਖਾਇਆ ਸੀ। ਇਸੇ ਕਰ ਕੇ ਉਮਾ ਭਾਰਤੀ ਨੇ 2017 ਦੀ ਇਕ ਚੋਣ ਰੈਲੀ ਵਿਚ ਮੋਦੀ ਦੀ ਤੁਲਨਾ ਮਾਰਕਸ ਅਤੇ ਲੈਨਿਨ ਨਾਲ ਕੀਤੀ ਸੀ। ਇਉਂ ਇਹ ਤਬਾਹਕੁਨ ਆਰਥਿਕ ਕਾਰਵਾਈ ਦਾ ਅਣਕਿਆਸਿਆ ਬਦਅਸਰ ਸੀ। ਇਸ ਤੋਂ ਇਹ ਖ਼ੁਲਾਸਾ ਵੀ ਹੁੰਦਾ ਹੈ ਕਿ ਭਾਰਤ ਵਾਕਈ ਕਿੰਨਾ ਗ਼ਰੀਬ ਮੁਲਕ ਹੈ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ਫਿਲਮ ਨਗਰੀ ਦੀਆਂ ਪੁਰਾਣੀਆਂ ਯਾਦਾਂ

## ( ਮੀਰ ਤਕੀ ਮੀਰ ,ਮਿਰਜ਼ਾ ਗ਼ਾਲਿਬ ਤੇ ਸ਼ਿਵ ਬਟਾਲਵੀ )



ਤਰਸੇਮ ਬਸ਼ਰ

ਆਓ ਦੋਸਤੋ ਕੁਝ ਦਿਲਚਸਪ ਜਾਣੀਏ ਹਿੰਦੋਸਤਾਨੀ ਫਿਲਮ ਸੰਗੀਤ ਦੇ ਕੁਝ ਇੱਕ ਉਨ੍ਹਾਂ ਗੀਤਾਂ ਦਾ ਜ਼ਿਕਰ ਕਰਦੇ ਹਾਂ ਜੋ ਫਲਿਮੀ ਗੀਤਾਂ ਤੋਂ ਪਹਿਲਾਂ ਮਕਬੂਲ ਗ਼ਜ਼ਲਾਂ ਦੇ ਰੂਪ ਵਿੱਚ ਪ੍ਰਸਿੱਧ ਸਨ ਇੰਨੀਆਂ ਕੁ ਪ੍ਰਸਿੱਧ ਸਨ ਕਿ ਉਨ੍ਹਾਂ ਦੇ ਮੁਖੜੇ ਤੇ ਹੀ ਕਮਾਲ ਦੇ ਹਿੱਟ ਗੀਤ ਲਿਖੇ ਗਏ ਇਸ ਵਿੱਚ ਸ਼ਿਵ ਕੁਮਾਰ ਬਟਾਲਵੀ ਦੀ ਇਕ ਕਵਿਤਾ ਵੀ ਸ਼ਾਮਲ ਹੈ

1. ਸਭ ਤੋਂ ਪਹਿਲਾਂ ਮੀਰ ਤਕੀ ਮੀਰ ਸਾਹਿਬ ਹੁਰਾਂ ਦਾ ਜਕਿਰ ਕਰਦੇ ਹਾਂ ਤੇ ਮਿਰਜ਼ਾ ਗ਼ਾਲਿਬ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਸਨ ਉਨ੍ਹਾਂ ਦੀ ਪ੍ਰਸਿੱਧ ਉਰਦੂ ਗ਼ਜ਼ਲ ਸੀ

"ਪੱਤਾ ਪੱਤਾ ਬੂਟਾ ਬੂਟਾ ਹਾਲ ਹਮਾਰਾ ਜਾਨੇ ਹੈ
ਜਾਨੇ ਤੋਂ ਗੁੱਲ ਹੀ ਨਾ ਜਾਨੇ ,ਬਾਗ਼ ਤੋਂ ਸਾਰਾ ਜਾਨੇ ਹੈ "

" ਏਕ ਨਜ਼ਰ" ਜਿਸ ਵਿੱਚ ਅਮਿਤਾਭ ਬੱਚਨ ਨਾਇਕ ਸਨ ,ਜਯਾ ਭਾਦੁੜੀ ਨਾਇਕਾ ਇਸੇ" ਏਕ ਨਜ਼ਰ "ਫਲਿਮ ਵਿਚ ਇਹ ਗੀਤ ਸ਼ਾਮਲ ਕੀਤਾ ਗਿਆ ਜਿਸ ਨੂੰ ਆਨੰਦ ਬਖਸ਼ੀ ਸਾਹਿਬ ਨੇ ਲਿਖਿਆ ਸੀ ਇਸ ਦਾ ਮੁਖੜਾ ਮੀਰ ਤਕੀ ਮੀਰ ਦੀ ਗ਼ਜ਼ਲ ਤੋਂ ਲਿਆ ਗਿਆ ਸੀ ,ਬਾਕੀ ਅੰਤਰੇ ਆਨੰਦ ਬਖਸ਼ੀ ਹੋਰਾਂ ਦੇ ਰਚੇ ਸਨ

ਮੁਹੰਮਦ ਰਫੀ ਅਤੇ ਲਤਾ ਮੰਗੇਸ਼ਕਰ ਗਾਇਆ ਇਹ ਦੁਗਾਨਾਂ ਅੱਜ ਵੀ ਬੜੇ ਸ਼ੌਕ ਨਾਲ ਸੁਣਿਆ ਜਾਂਦਾ ਹੈ

2. ਹੁਣ ਗੱਲ ਕਰਦੇ ਹਾਂ ਮਿਰਜ਼ਾ ਗਾਲਿਬ ਸਾਹਿਬ ਦੀ ਉਨ੍ਹਾਂ ਦੀ ਇਕ ਮਜ਼ਦੂਰ ਮਸ਼ਹੂਰ ਗਜ਼ਲ ਸੀ

ਗ਼ਾਲਿਬ ਦਿਲ ਢੂੰਡਤਾ ਹੈ ਫੁਰਸਤ ਕੇ ਰਾਤ ਦਿਨ....

ਇਸ ਮੁਖੜੇ ਤੇ ਗੁਲਜਾਰ ਸਾਹਬ ਨੇ ਆਪਣੀ ਫਿਲਮ ਮੌਸਮ ਲਈ ਗੀਤ ਲਿਖਿਆ ਜਿਸ ਨੂੰ ਸੰਗੀਤਬੱਧ ਕੀਤਾ ਸੀ ਮਦਨ ਮੋਹਨ ਨੇ ਅਤੇ ਆਵਾਜ਼ਾਂ ਦਿੱਤੀਆਂ ਸਨ ਭੁਪਿੰਦਰ ਅਤੇ ਲਤਾ ਮੰਗੇਸ਼ਕਰ ਨੇ ਇਸ ਵਿਚ ਵੀਹ ਮੁਖੜਾ ਹੀ ਸਿਰਫ਼ ਮਿਰਜ਼ਾ ਗ਼ਾਲਿਬ ਦਾ ਸੀ ਬਾਕੀ ਸ਼ਹਿਰੀ ਗੁਲਜ਼ਾਰ ਸਾਹਿਬ ਦੀ ਆਪਣੀ ਸੀ

3.ਹੁਣ ਗੱਲ ਇਕ ਪੰਜਾਬੀ ਗੀਤ ਦੀ ਵੀ ਕਰ ਲਈਏ ਸ਼ਿਵ ਕੁਮਾਰ ਬਟਾਲਵੀ ਦੀ ਇਹ ਕਵਿਤਾ ਉਨ੍ਹਾਂ ਦੀਆਂ ਦੂਜੀਆਂ ਕਵਿਤਾਵਾਂ ਵਾਂਗ ਜ਼ਿਆਦਾ ਪ੍ਰਸਿੱਧ ਨਹੀਂ ਸੀ ਹੋਈ ਪਰ ਇਸ



ਵਿੱਚ ਵੀ ਸ਼ਿਵ ਦਾ ਕਮਾਲ ਮੌਜੂਦ ਸੀ ਉਹ ਕਮਾਲ ਦੇ ਬਿੰਬ ਉਸਾਰ ਦਿੰਦਾ ਸੀ ਤੇ ਲੋਕ ਉਸ ਤੇ ਯਕੀਨ ਵੀ ਕਰ ਲੈਂਦੇ ਸਨ ਇਸ ਕਵਿਤਾ ਵਿੱਚ ਉਸ ਨੇ ਮਹਿਬੂਬ ਦੇ ਰੰਗ ਦੀ ਤੁਲਨਾ ਸੂਰਜ ਦੇ ਚੜ੍ਹਨ ਨਾਲ ਕੀਤੀ ਸੀ

" ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ "

ਕਮਾਲ ਦਾ ਖਿਆਲ....

"ਲਵ ਆਜ ਔਰ ਕੱਲ੍ਹ " ਵਿੱਚ ਰਾਹਤ ਫ਼ਤਿਹ ਅਲੀ ਖ਼ਾਨ ਦਾ ਗਾਇਆ ਇਹ ਗੀਤ ਅੱਜ ਵੀ ਪ੍ਰਸਿੱਧ ਹੈ ....ਸ਼ਿਵ ਦੇ ਮੁਖੜੇ ਤੇ ਪੂਰਾ ਗੀਤ ਇਰਸ਼ਾਦ ਕਾਮਿਲ ਨੇ ਲਿਖਿਆ ਸੀ ਇਰਸ਼ਾਦ ਕਾਮਿਲ ਜੋ ਪੰਜਾਬੀ ਹਨ ਅਤੇ ਮਲੇਰਕੋਟਲਾ ਨਾਲ ਸਬੰਧਤ ਹਨ ਹੋਰ ਵੀ ਬਹੁਤ ਮਕਬੂਲ ਗੀਤ ਲਿਖ ਚੁੱਕੇ ਹਨ ਪ੍ਰੀਤਮ ਦਾ ਸੰਗੀਤਬੱਧ ਇਹ ਗੀਤ ਅੱਜ ਵੀ ਜਦੋਂ ਸੁਣਦੇ ਹਾਂ ਤਾਂ ਸ਼ਿਵ ਕੁਮਾਰ ਬਟਾਲਵੀ ਦਾ ਖਿਆਲ ਜਿਆਦਾ ਆਉਂਦਾ ਹੈ ਬਨਿਸਬਤ ਕਿ ਇਰਸ਼ਾਦ ਕਾਮਿਲ ਦੇ

----+++++------

ਸੁਭਾਸ਼ ਰਾਬਰਾ ਸਰ ਇਸੇ ਵਿਸ਼ੇ ਨਾਲ ਸਬੰਧਤ ਇਹ ਜਾਣਕਾਰੀ ਵੀ ਮਿਲੀ ਹੈ ...

ਇਕਬਾਲ ਨੇ ਦੋ ਤਰ੍ਹਾਂ ਨੇ ਲਿਖੇ ਸਨ ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ , ਹਮ ਬੁਲਬਲੇ ਹੈਂ ਇਸ ਕਿ ਯੇਹ ਗੁਲਸਿਤਾਂ ਹਮਾਰਾ ,... ਤਰਾਨਾ ਏ ਹਿੰਦ ... ਹਿੰਦੋਸਤਾਂ ਦੀ ਉਸਤਤਿ ਚ

ਚੀਨ ਓ ਅਰਬ ਹਮਾਰਾ ਹਿੰਦੋਸਤਾਂ ਹਮਾਰਾ , ਮੁਸਲਿਮ ਹੈ ਹਮ ਵਤਨ ਹੈ ਸਾਰਾ ਜਹਾਂ ਹਮਾਰਾ ... ਤਰਾਨਾ ਏ ਮਿੱਲੀ ਪਾਕਿਸਤਾਨ ਦੀ ਉਸਤਿਤ ਚ

ਤੇ ਫਿਰ ਸਾਹਿਰ ਨੇ ਦੋਵਾਂ ਦੇ ਜੁਆਬ ਚ ਪੈਰੋਡੀ ਲਿਖੀ

ਚੀਨ ਓ ਅਰਬ ਹਮਾਰਾ ਹਿੰਦੋਸਤਾਂ ਹਮਾਰਾ
ਰਹਨੇ ਕੋ ਘਰ ਨਹੀਂ ਹੈ ਸਾਰਾ ਜਹਾਂ ਹਮਾਰਾ
ਮਿਹਨਤ ਕਸ ਤਬਕੇ ਦੀ ਉਸਤਿਤ ਚ

ਸਾਹਿਰ ਦੀ ਇਹ ਪੈਰੋਡੀ ਉਸ ਦੀ ਇੱਕ ਫਿਲਮ ਫਿਰ ਸੁਬਹ ਹੋਗੀ ਦਾ ਗੀਤ ਬਣੀ ਅਤੇ ਇਹ ਗੀਤ ਲੰਬੇ ਸਮੇਂ ਤੱਕ ਹੋਇਆ ਰਿਹਾ

://./4

(ਹੋਰ ਦਿਲਚਸਪ ਜਾਣਕਾਰੀਆਂ ਲਈ ਤੁਸੀਂ ਮੇਰਾ ਯੂਟਿਊਬ ਚੈਨਲ ਵੀ ਸਬਸਕਰਾਈਬ ਕਰੋ ਜਿਸ ਨੂੰ ਤੁਸੀਂ ਮੇਰੇ ਨਾਂ ਤੋਂ ਸਰਚ ਕਰ ਸਕਦੇ ਹੋ

ਗੱਲ ਭਾਵੇਂ ਉਰਦੂ ਸ਼ਾਇਰੀ ਦੀ ਹੋਵੇ ਜਾਂ ਯੂਰਪੀਅਨ ਸਾਹਿਤ ਦੀ ਇਹ ਪੱਕੀ ਗੱਲ ਹੈ ਕਿ ਇਹ ਪੰਜਾਬੀ ਵਿਚ ਹੀ ਕੀਤੀ ਜਾਇਆ ਕਰੇਗੀ )

### #ਕਿਸਾਨੀ ਘੋਲ ਦੇ ਅਣਥੱਕ ਘੁਲਾਟੀਏ –1

## ਮਿੱਟੀ ਨਾਲ ਜੁੜਿਆ ਕਲਾਕਾਰ : ਕੰਵਰ ਗਰੇਵਾਲ



ਮੁਖਤਿਆਰ ਸਿੰਘ ਪੱਖੋ ਕਲਾਂ
86995 94800

ਬੇਸ਼ੱਕ ਮੌਜੂਦਾ ਕਿਸਾਨੀ ਸਘੰਰਸ਼ ਚ ਇੱਕਾ ਦੁੱਕਾ ਕਲਾਕਾਰਾਂ ਨੂੰ ਛੱਡ ਕੇ ਹਰ ਇੱਕ ਕਲਾਕਾਰ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ ,ਪਰ ਕੰਵਰ ਗਰੇਵਾਲ ਦਾ ਯੋਗਦਾਨ ਬਹੁਤ ਵਡਮੁੱਲਾ ਹੈ ।



ਕੰਵਰ ਗਰੇਵਾਲ ਗਾਇਕੀ ਦਾ ਵੱਡਾ ਹਸਤਾਖ਼ਰ ਹੈ , ਪਰ ਜਿਸ ਸਾਦਾ ਮੁਰਾਦਾ ਤੇ ਨਿਮਰ ਢੰਗ ਨਾਲ ਉਹ ਇਸ ਸੰਘਰਸ਼ ਚ ਵਿਚਰ ਰਿਹਾ ਹੈ ਉਸ ਨੇ ਸਭ ਦਾ ਮਨ ਮੋਹ ਲਿਆ ਹੈ। ਜਿਸ ਦਿਨ ਤੋਂ ਇਹ ਸੰਘਰਸ਼ ਪੰਜਾਬ ਚੋਂ ਸ਼ੁਰੂ ਹੋਇਆ ਕੰਵਰ ਗਰੇਵਾਲ ਉਸ ਦਿਨ ਤੋਂ ਦਿਨ ਰਾਤ ਤੋਂ ਨਾਲ ਹੈ । ਕਿਸਾਨ ਜਥੇਬੰਦੀਆਂ ਵੱਲੋਂ 26 ਨਵੰਬਰ ਨੂੰ ਦਿੱਲੀ ਜਾਣ ਦੇ ਦਿੱਤੇ ਪ੍ਰੋਗਰਾਮ ਨੂੰ ਸਮਰਪਿਤ ਆਪਣੇ ਸਾਥੀ ਹਰਫ ਚੀਮਾ ਨਾਲ ਰਲ ਕੇ ਗਾਇਆ ਗੀਤ:-

ਖਿੱਚ ਲੈ ਜੱਟਾ ਖਿੱਚ ਤਿਆਰੀ
ਪੇਚਾ ਪੈ ਗਿਆ ਸੈਂਟਰ ਨਾਲ।

ਅੱਜ ਹਰ ਬੱਚੇ ਬੱਚੇ ਦੀ ਜ਼ੁਬਾਨ 'ਤੇ ਹੈ । ਦਿੱਲੀ ਵੱਲ ਨੂੰ ਵਧ ਰਹੇ ਹਰ ਟਰੈਕਟਰ 'ਤੇ ਇਹ ਗੀਤ ਵੱਜ ਰਿਹਾ ਸੀ । ਇਸ ਗੀਤ ਨੇ ਜਵਾਨੀ ਵਿੱਚ ਇੱਕ ਨਵਾਂ ਜੋਸ਼ ਭਰਿਆ । ਕੰਵਰ ਗਰੇਵਾਲ ਜਿੱਥੇ ਸੁਰ ਤਾਲ ਦਾ ਪ੍ਰਪੱਕ ਕਲਾਕਾਰ ਹੈ , ਉੱਥੇ ਉਸ ਨੇ ਇਸ ਗੀਤ ਰਾਹੀਂ ਪੰਜਾਬ , ਪੰਜਾਬੀ ਤੇ ਪੰਜਾਬੀ ਪ੍ਰਤੀ ਸੁਹਿਰਦ ਤੇ ਪ੍ਰਪੱਕ ਹੋਣ ਦਾ ਸਬੂਤ ਵੀ ਦਿੱਤਾ । ਇਸ ਤੋਂ ਇਲਾਵਾ ਉਸ ਦੇ ਸੰਘਰਸ਼ ਸਬੰਧੀ ਹੋਰ ਵੀ ਗੀਤ ਆਏ ।

' ਫਸਲਾਂ ਦੇ ਫੈਸਲੇ ਕਿਸਾਨ ਕਰੂਗਾ ' ਅਤੇ ' ਜ਼ਿੰਦਾਬਾਦ ਨੀ ਜਵਾਨੀਏ ' ਗੀਤਾਂ ਨਾਲ ਜਿੱਥੇ ਨੌਜਵਾਨਾਂ ਦੇ ਸੰਘਰਸ਼ 'ਚ ਵੱਡੀ ਗਿਣਤੀ ਚ ਪਹੁੰਚਣ ਲਈ ਸ਼ੁਕਰੀਆ ਅਦਾ ਕੀਤਾ ਹੈ , ਉੱਥੇ ਕਥਿਤ ਕਲਾਕਾਰਾਂ ਵੱਲੋਂ ਨੌਜਵਾਨਾਂ ਦੀ ਵਿਹਲੜ , ਐਸ਼ਪ੍ਰਸਤ , ਵੈਲੀ , ਨਸ਼ੇੜੀ ਆਦਿ ਦੀ ਇਮੇਜ਼ ਨੂੰ ਵੀ ਤੋੜਨ ਦਾ ਸੁਹਿਰਦ ਉਪਰਾਲਾ ਕੀਤਾ ।

ਕੰਵਰ ਗਰੇਵਾਲ ਨੇ ਜਿੱਥੇ ਸ਼ੁਰੂ ਤੋਂ ਹੀ ਇਹ ਇਹ ਭਰਮ ਤੋੜਿਆ ਹੋਇਆ ਹੈ ਕਿ ਜੇਕਰ ਕਲਾਕਾਰ ਦੇ ਪੱਲੇ ਕਲਾ ਹੋਵੇ ਤਾਂ ਉਸ ਦੀ ਬਾਹਰੀ ਦਿੱਖ ਮੈਟਰ ਨੀ ਕਰਦੀ । ਹੀਰੋਇਜ਼ਮ ਤੋ ਪਰ੍ਹੇ , ਕੇਸ਼ ਦਾਹੜੀ ਨਾਲ ਸਾਦਾ ਮੁਰਾਦਾ ਪਗੜੀ , ਕੁੜਤਾ ਪਜਾਮੇ ਚ ਉਹ ਛੱਲੇ ਮੁੰਦੀਆਂ , ਕੜੇ , ਚੈਨੀਆਂ ਨਾਲ ਸਜੇ ਕਲਾਕਾਰਾਂ ਚ ?ਪਰਾ ਨੀ ਲੱਗਦਾ ਸਗੋਂ ਫੱਬਦਾ ਹੈ । ਦਿੱਲੀ ਧਰਨੇ ਚ ਵੀ ਉਸ ਦਾ ਰਹਿਣ ਸਹਿਣ ਤੇ ਸ਼ਲੀਕਾ ਆਮ ਕਿਸਾਨਾਂ ਵਰਗਾ ਹੀ ਰਿਹਾ ਹੈ । ਪੱਤਰਕਾਰਾਂ ਨੂੰ ਇੰਟਰਵਿਊ ਦਿੰਦਿਆਂ ਉਸ ਨੇ ਕਦੇ ਚੱਕਵੀਂ ਗੱਲ ਨਹੀਂ ਕੀਤੀ ਸਗੋਂ ਵਿਵਾਦਤ ਮੁੱਦਿਆਂ




ਦੇ ਸਵਾਲਾਂ ਦੇ ਵੀ ਸਹਿਜਤਾ ਅਤੇ ਸ਼ਲੀਕੇ ਨਾਲ ਜਵਾਬ ਦਿੰਦਿਆਂ ਸਘੰਰਸ਼ ਦੀ ਏਕਤਾ ਤੇ ਹੀ ਕੇਂਦਰਿਤ ਰਹਿੰਦਾ ਹੈ । ਅੱਗੇ ਜਾ ਕੇ ਵੀ ਇਸ ਇਤਿਹਾਸਕ ਕਿਸਾਨੀ ਸਘੰਰਸ਼ ਦੀ ਜਦ ਕਦੇ ਗੱਲ ਛਿੜਿਆ ਕਰੇਗੀ ਤਾਂ ਕੰਵਰ ਗਰੇਵਾਲ ਦਾ ਜ਼ਿਕਰ ਵੀ ਸਤਿਕਾਰ ਸਹਿਤ ਹੋਇਆ ਕਰੇਗਾ । ਇਸ ਮਿੱਟੀ ਦੇ ਪੁੱਤ ਨੂੰ ਮੇਰਾ ਸਲਾਮ ਹੈ , ਹਰ ਪੰਜਾਬੀ ਦਾ ਸਲਾਮ , ਦੇਸ਼ ਦੇ ਹਰ ਕਿਸਾਨ ਦਾ ਸਲਾਮ ਹੈ । ਉਸ ਦੇ ਸਾਥੀ ਕਲਾਕਾਰ ਹਰਫ ਚੀਮਾ ਨੂੰ ਵੀ ਸਭ ਦਾ ਸਲਾਮ ਹੈ । ਇਸ ਸਘੰਰਸ਼ ਚ ਆਪਣਾ ਯੋਗਦਾਨ ਪਾਉਣ ਵਾਲੇ ਹਰ ਕਲਾਕਾਰ ਨੂੰ ਸਾਡਾ ਸਭ ਦਾ ਸਲਾਮ ਹੈ ।

## '21 ਗਿਆ' 22 ਆਇਆ, ਹਾਕਮਾਂ ਲਈ ਕੀ ਲਿਆਇਆ ?



ਗੁਰਮੀਤ ਸਿੰਘ ਪਲਾਹੀ

ਦੇਸ਼ ਦੇ ਹਾਕਮਾਂ ਲਈ 2021 ਸਾਲ ਭਾਰੀ ਰਿਹਾ। ਜਿਹੜੇ ਹਾਕਮ ਨਿਰੰਤਰ ਲੋਕ ਵਿਰੋਧੀ ਫ਼ੈਸਲੇ ਲੈ ਕੇ ਕਾਰਪੋਰੇਟਾਂ ਦੀਆਂ ਝੋਲੀਆਂ ਭਰ ਰਹੇ ਸਨ, ਮਨ ਆਈਆਂ ਕਰ ਰਹੇ ਸਨ, ਜਿਹੜੇ ਮੈਂ ਨਾ ਮਾਨੂੰ ਵਾਲਾ ਵਤੀਰਾ ਅਪਣਾਈ ਬੈਠੇ ਸਨ, ਉਹਨਾਂ ਨੂੰ ਦੇਸ਼ ਦੇ ਕਿਸਾਨਾਂ ਅੱਗੇ ਝੁਕਣਾ ਪਿਆ। ਕਾਲੇ ਖੇਤੀ ਕਾਨੂੰਨ ਰੱਦ ਕਰਨੇ ਪਏ ।ਇਹ ਕਿਸਾਨਾਂ ਦੀ ਇਤਿਹਾਸਿਕ ਜਿੱਤ ਸੀ, ਜਿਹਨਾ ਇਕ ਸਾਲ ਦੇ ਸਖ਼ਤ ਸੰਘਰਸ਼ ਨਾਲ ਨਵੇਂ ਦਿਸਹੱਦੇ ਸਿਰਜੇ। ਸਾਲ 2021 'ਚ ਕੇਂਦਰੀ ਹਾਕਮ ਧਿਰ ਨੂੰ ਪੱਛਮੀ ਬੰਗਾਲ 'ਚ ਵੱਡੀ ਹਾਰ ਹੋਈ। ਜਿਸ ਢੰਗ ਨਾਲ "ਆਇਆ ਰਾਮ ਗਿਆ ਰਾਮ" ਦੀ ਸਿਆਸਤ ਪੱਛਮੀ ਬੰਗਾਲ ਵਿੱਚ ਖੇਡੀ ਗਈ, ਰਿਆਇਤਾਂ ਦੇ ਗੱਫੇ ਬੰਗਾਲੀਆਂ ਨੂੰ ਬਖਸ਼ੇ। ਸਾਮ, ਦਾਮ, ਦੰਡ ਦਾ ਦਮਨਕਾਰੀ ਚੱਕਰ ਬੰਗਾਲ 'ਚ ਖੇਡਿਆ ਗਿਆ, ਉਹ ਵੀ ਭਾਜਪਾ ਨੂੰ ਰਾਸ ਨਾ ਆਇਆ। ਬੰਗਾਲੀ ਭਾਜਪਾ ਦੇ ਭਰਮਜਾਲ 'ਚ ਨਾ ਫਸੇ। ਇਹੋ ਖੇਡ ਸਾਲ 2021 'ਚ ਪੰਜਾਬ ਅਤੇ ਯੂ.ਪੀ. 'ਚ ਖੇਡੀ ਜਾਣ ਲੱਗ ਪਈ ਹੈ, ਜਿਥੇ ਤਿੰਨ ਹੋਰ ਰਾਜਾਂ 'ਚ ਵੀ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਹਾਕਮਾਂ ਲਈ ਇਹਨਾ ਚੋਣਾਂ ਦੀ ਕਿੰਨੀ ਮਹੱਤਤਾ ਹੈ, ਉਹ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਪ੍ਰਧਾਨ ਮੰਤਰੀ ਤਿੰਨ ਚੱਕਰ ਕੁਝ ਦਿਨਾਂ ਚ ਯੂ.ਪੀ. ਦੇ ਲਗਾ ਚੁੱਕੇ ਹਨ। ਪੰਜਾਬ 'ਚ ਵੀ ਜਨਵਰੀ ਦੇ ਪਹਿਲੇ ਹਫ਼ਤੇ ਪੁੱਜਣਗੇ।

ਸਾਲ 2022 ਭਾਰਤ ਵਾਸੀਆਂ ਲਈ ਬਹੁਤ ਮਹੱਤਵਪੂਰਨ ਵਰ੍ਹਾ ਹੈ। ਇਸ ਵਰ੍ਹੇ ਦੀਆਂ ਚੋਣਾਂ ਨੇ 2024 ਦੀਆਂ ਲੋਕ ਸਭਾ ਚੋਣਾਂ ਲਈ ਕਿਸੇ ਵੀ ਸਿਆਸੀ ਧਿਰ ਜਾਂ ਧਿਰਾਂ ਦਾ ਰਾਜ ਭਾਗ ਲਈ ਰਾਹ ਪੱਧਰਾ ਕਰਨਾ ਹੈ। ਸਾਲ 2022 'ਚ ਸੱਤ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣੀਆਂ ਹਨ, ਪੰਜ ਸੂਬਿਆਂ ਦੀਆਂ ਫਰਵਰੀ-ਮਾਰਚ ਵਿੱਚ ਅਤੇ ਦੋ ਸੂਬਿਆਂ ਦੀਆਂ ਨਵੰਬਰ-ਦਸੰਬਰ 2022 ਵਿੱਚ। ਇਸੇ ਵਰ੍ਹੇ ਜੁਲਾਈ ਵਿੱਚ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਹੋਣੀ ਹੈ ਅਤੇ 74 ਰਾਜ ਸਭਾ ਮੈਂਬਰ ਵੀ ਜੁਲਾਈ 'ਚ ਚੁਣੇ ਜਾਣੇ ਹਨ।

ਫਰਵਰੀ-ਮਾਰਚ 2022 'ਚ ਜਿਹਨਾ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਹੋਣੀਆ ਹਨ, ਉਹਨਾ ਵਿੱਚੋਂ ਚਾਰ ਰਾਜਾਂ 'ਚ ਭਾਜਪਾ ਦਾ ਅਤੇ ਇੱਕ ਵਿੱਚ ਕਾਂਗਰਸ ਦਾ ਰਾਜ ਹੈ। 4 ਭਾਜਪਾ ਰਾਜਾਂ 'ਚ ਉੱਤਰਪ੍ਰਦੇਸ਼, ਉਤਰਾਖੰਡ, ਮਣੀਪੁਰ, ਗੋਆ ਸ਼ਾਮਲ ਹਨ ਜਦਕਿ ਪੰਜਾਬ 'ਚ ਕਾਂਗਰਸ ਦਾ ਰਾਜ ਭਾਗ ਹੈ। ਉੱਤਰਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਤਾਂ ਪਿਛਲੀਆਂ ਚੋਣਾਂ ਭਾਜਪਾ ਆਪ ਜਿੱਤੀ ਸੀ ਪਰ ਗੋਆ ਅਤੇ ਮਣੀਪੁਰ ਵਿੱਚ ਦਲ ਬਦਲੀ ਨਾਲ ਭਾਜਪਾ ਨੇ ਸਰਕਾਰਾਂ ਬਣਾ ਲਈਆਂ ਸਨ। ਮਨੀਪੁਰ 'ਚ ਕਾਂਗਰਸ ਦੇ 28, ਭਾਜਪਾ 21, ਟੀ.ਐਮ.ਸੀ ਇੱਕ ਅਤੇ ਹੋਰ 10 ਵਿਧਾਨ ਸਭਾ ਮੈਂਬਰ ਸਨ। ਇਥੇ ਕਾਂਗਰਸ ਦੀ ਸਰਕਾਰ ਤੋੜਕੇ ਭਾਜਪਾ ਨੇ ਆਪਣੀ ਸਰਕਾਰ ਬਣਾ ਲਈ। ਗੋਆ 'ਚ ਤਾਂ ਕਾਂਗਰਸ ਦੇ ਜਿੱਤੇ ਹੋਏ ਬਹੁਤੇ ਮੈਂਬਰ ਖਰੀਦਕੇ ਭਾਜਪਾ ਨੇ ਆਪਣੇ ਨਾਲ ਕਰ ਲਏ ਅਤੇ ਸਰਕਾਰ ਬਣਾ ਲਈ। ਯੂ.ਪੀ. ਵਿੱਚ ਕੁੱਲ 403 ਸੀਟਾਂ ਵਿੱਚੋਂ ਭਾਜਪਾ ਨੇ 312 (40 ਫ਼ੀਸਦੀ ਵੋਟਾਂ ਲੈਕੇ), 13 ਭਾਜਪਾ ਸਹਿਯੋਗੀ (2 ਫ਼ੀਸਦੀ ਵੋਟਾਂ ਲੈਕੇ) ਸਰਕਾਰ ਬਣਾ ਲਈ ਸੀ ਜਦਕਿ ਸਮਾਜਵਾਦੀ ਪਾਰਟੀ ਨੇ 21.8 ਫ਼ੀਸਦੀ ਅਤੇ ਬਸਪਾ ਨੇ 22.8 ਫ਼ੀਸਦੀ ਵੋਟਾਂ ਲਈਆਂ ਪਰ ਸਰਕਾਰ ਨਾ ਬਣਾ ਸਕੇ। ਕਾਂਗਰਸ ਨੂੰ ਸਿਰਫ਼ ਕੁੱਲ ਮਿਲਾਕੇ 7 ਸੀਟਾਂ (2 ਫ਼ੀਸਦੀ) ਮਿਲੀਆਂ ਸਨ।

ਪੰਜ ਰਾਜਾਂ ਦੀ 2022 ਫਰਵਰੀ-ਮਾਰਚ ਦੀਆਂ ਚੋਣਾਂ 'ਚ 690 ਸੀਟਾਂ ਉਤੇ (ਭਾਵ ਕੁੱਲ 132 ਲੋਕ ਸਭਾ ਸੀਟਾਂ ਉਤੇ) ਚੋਣ ਹੋਣੀ ਹੈ। ਇਹਨਾ ਸੀਟਾਂ ਨੇ ਰਾਸ਼ਟਰਪਤੀ ਚੋਣ ਜੋ ਜੁਲਾਈ ਵਿੱਚ ਹੋਣੀ ਹੈ, ਉਤੇ ਵੱਡਾ ਪ੍ਰਭਾਵ ਪਾਉਣਾ ਹੈ, ਕਿਉਂਕਿ ਦੇਸ਼ ਵਿੱਚ ਕੁਲ ਮਿਲਾਕੇ 4120 ਵਿਧਾਨ ਸਭਾ ਸੀਟਾਂ ਹਨ ਅਤੇ ਕੁੱਲ ਮਿਲਾਕੇ 776 ਸੰਸਦ ਮੈਂਬਰ (ਲੋਕ ਸਭਾ ਅਤੇ ਰਾਜ ਸਭਾ) ਰਾਸ਼ਟਰਪਤੀ ਦੀ ਚੋਣ 'ਚ ਹਿੱਸਾ ਲੈਂਦੇ ਹਨ। ਜੁਲਾਈ 2022 ਵਿੱਚ ਹੀ 245 ਰਾਜ ਸਭਾ ਮੈਂਬਰਾਂ 'ਚੋਂ 74 ਰਾਜ ਸਭਾ ਦੇ ਮੈਂਬਰਾਂ ਦੀ ਚੋਣ ਹੈ, ਜਿਹਨਾ ਨੂੰ ਵਿਧਾਨ ਸਭਾ ਮੈਂਬਰ ਚੁਣਦੇ ਹਨ। ਸੋ ਰਾਸ਼ਟਰਪਤੀ ਦੀ ਚੋਣ ਵਿੱਚ ਜਿੱਤ ਲਈ ਹਾਕਮ ਧਿਰ ਨੂੰ ਖ਼ਾਸ ਤੌਰ 'ਤੇ ਪੰਜ ਰਾਜਾਂ ਦੀਆਂ ਚੋਣਾਂ 'ਚ ਚੰਗੇਰੀ ਕਾਰਗੁਜ਼ਾਰੀ ਦਿਖਾਉਣੀ ਪਵੇਗੀ ਅਤੇ ਵਿਰੋਧੀ ਧਿਰ ਨੂੰ ਹਾਕਮਾਂ ਨੂੰ ਚਿੱਤ ਕਰਨ ਲਈ ਜ਼ੋਰ ਲਾਉਣਾ ਹੋਵੇਗਾ।

ਪੰਜ ਰਾਜਾਂ ਦੀਆਂ ਰਾਸ਼ਟਰਪਤੀ ਇਲੈਕਟੋਰਲ ਵੋਟਾਂ ਦੀ ਕੁੱਲ ਗਿਣਤੀ 1,03, 756 ਹੈ ਜਿਸ ਵਿੱਚੋਂ 83,824 ਵੋਟਾਂ ਇਕੱਲੇ ਯੂ.ਪੀ. ਦੀਆਂ ਹਨ, ਇਸ ਕਰਕੇ ਹਾਕਮ ਧਿਰ ਵਲੋਂ ਯੂ.ਪੀ. ਜਿੱਤਣ ਲਈ ਵੱਡਾ ਜ਼ੋਰ ਲਗਾਇਆ ਜਾ ਰਿਹਾ ਹੈ, ਭਾਵੇਂ ਕਿ ਇਸ ਵੇਰ ਕਾਂਗਰਸ (ਪ੍ਰਿੰਯਕਾ ਗਾਂਧੀ ਦੀ ਅਗਵਾਈ 'ਚ ) ਬਸਪਾ (ਮਾਇਆਵਤੀ ਦੀ ਅਗਵਾਈ 'ਚ) ਅਤੇ ਸਮਾਜਵਾਦੀ ਪਾਰਟੀ(ਅਖਿਲੇਸ਼ ਯਾਦਵ ਦੀ ਅਗਵਾਈ 'ਚ) ਭਾਜਪਾ ਨੂੰ ਹਾਕਮ ਧਿਰ ਬਨਣ ਤੋਂ ਰੋਕਣ ਲਈ ਚੋਣ ਸੰਗਰਾਮ ਵਿੱਚ ਨਿਤਰੇ ਹੋਏ ਹਨ।

ਨਵੰਬਰ-ਦਸੰਬਰ ਵਿੱਚ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਜਿਥੇ ਭਾਜਪਾ ਦਾ ਰਾਜ ਹੈ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹ ਸੱਤ ਰਾਜਾਂ ਦੀਆਂ ਚੋਣਾਂ 'ਚ ਸਫ਼ਲਤਾ, ਅਸਫ਼ਲਤਾ ਮੋਦੀ ਸਰਕਾਰ ਦੀ 2024 ਦੀਆਂ ਲੋਕ ਸਭਾ ਚੋਣਾਂ ਨਾਲ ਜੁੜੀ ਹੋਈ ਹੈ, ਇਸੇ ਕਰਕੇ ਪ੍ਰਧਾਨ ਮੰਤਰੀ ਅਤੇ ਦੇਸ਼ ਦਾ ਗ੍ਰਹਿਮੰਤਰੀ ਅਮਿਤ ਸ਼ਾਹ ਇਹਨਾ ਚੋਣਾਂ 'ਚ ਧੂੰਆਧਾਰ ਪ੍ਰਚਾਰ ਕਰ ਰਹੇ ਹਨ ਅਤੇ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਕੇ ਲੋਕਾਂ ਨੂੰ ਸਬਜ਼ ਬਾਗ ਵਿਖਾ ਰਹੇ ਹਨ।

ਦੇਸ਼ ਦੀ ਪਹਿਲੀਆਂ 2014 ਤੇ 2019 ਵਾਲੀਆਂ ਲੋਕ ਸਭਾ ਦੀਆਂ ਚੋਣਾਂ ਤਾਂ ਨਰੇਂਦਰ ਮੋਦੀ ਦੇ ਨਾਮ ਉਤੇ ਲੜੀਆਂ ਗਈਆਂ ਸਨ, ਪਰ ਹੁਣ ਰਾਜਾਂ ਦੀਆਂ ਚੋਣਾਂ ਵੀ ਨਰੇਂਦਰ ਮੋਦੀ ਦੀ ਸਖ਼ਸ਼ੀਅਤ ਅਤੇ ਕਾਰਗੁਜ਼ਾਰੀ ਨੂੰ ਉਭਾਰ ਕੇ ਲੜੀਆਂ ਜਾ ਰਹੀਆਂ ਹਨ ਜਾਂ ਲੜੀਆਂ ਜਾਣਗੀਆਂ, ਕਿਉਂਕਿ ਭਾਜਪਾ ਰਾਜਾਂ ਦੇ ਮੁੱਖ ਮੰਤਰੀ ਦਾ ਸਾਸ਼ਨ ਖ਼ਾਸ ਤੌਰ 'ਤੇ ਯੂ.ਪੀ. ਦਾ ਸਾਸ਼ਨ ਨਿੱਤ ਭੈੜੀ ਚਰਚਾ ਵਿੱਚ ਰਿਹਾ ਹੈ। ਯੂ.ਪੀ. 'ਚ ਪ੍ਰੈੱਸ ਦੀ ਆਜ਼ਾਦੀ ਦਾ ਖਤਰੇ 'ਚ ਪੈਣਾ, ਮਾਫ਼ੀਆ ਰਾਜ 'ਚ ਵਾਧਾ , ਕਿਸਾਨ ਸੰਘਰਸ਼ ਦੌਰਾਨ ਦੇਸ਼ ਦੇ ਇੱਕ ਮੰਤਰੀ ਦੇ ਭਰਾ ਵਲੋਂ ਕਿਸਾਨਾਂ ਨੂੰ ਦਰੜੇ ਜਾਣਾ, ਕਿਸਾਨ ਸੰਘਰਸ਼ ਦੌਰਾਨ ਕਿਸਾਨਾਂ ਉਤੇ ਕੇਸ ਦਰਜ਼ ਕਰਨਾ ਅਤੇ ਵਿਰੋਧੀ ਧਿਰਾਂ ਦੇ ਲੋਕਾਂ ਉਤੇ ਝੂਠੇ ਮੁਕੱਦਮੇ ਦਰਜ਼ ਹੋਣਾ, ਮਹਿੰਗਾਈ, ਬੇਰੁਜ਼ਗਾਰੀ, ਗੁੰਡਾ ਗਰਦੀ 'ਚ ਵਾਧੇ ਦੇ ਨਾਲ-ਨਾਲ ਯੂ.ਪੀ. ਦਾ ਆਰਥਿਕ ਪੱਖੋਂ ਕਮਜ਼ੋਰ ਹੋਣਾ ਨਿਸ਼ਾਨੇ ਉਤੇ ਆ ਰਿਹਾ ਹੈ।

ਹੁਣ ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ, ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜਿਆ ਹੈ। ਰਸੋਈ ਗੈਸ ਸਿਲੰਡਰਾਂ ਦੀਆਂ ਕੀਮਤਾਂ 'ਚ ਵਾਧੇ, ਤੇਲ ਡੀਜ਼ਲ ਕੀਮਤਾਂ 'ਚ ਨਿਰੰਤਰ ਵਾਧੇ ਨੇ ਭਾਜਪਾ ਖ਼ਾਸ ਕਰਕੇ ਨਰੇਂਦਰ ਮੋਦੀ ਦੇ ਭੈੜੇ ਸਾਸ਼ਨ ਨੂੰ ਲੋਕਾਂ ਸਾਹਮਣੇ ਲਿਆਂਦਾ ਹੈ। ਦੇਸ਼ 'ਚ ਘੱਟ ਗਿਣਤੀਆਂ ਦੀ ਸੁਰੱਖਿਆ, ਪ੍ਰੈੱਸ ਦੀ ਆਜ਼ਾਦੀ, ਮੁੱਢਲੇ ਮਨੁੱਖੀ ਅਧਿਕਾਰਾਂ ਦੇ ਹਨਨ ਦੇ ਮਾਮਲੇ ਉਤੇ ਅੰਤਰਰਾਸ਼ਟਰੀ ਪੱਧਰ 'ਤੇ ਨਰੇਂਦਰ ਮੋਦੀ ਦੇ ਸਾਸ਼ਨ ਸਬੰਧੀ ਵੱਡੇ ਸਵਾਲ ਖੜੇ ਹੋਏ ਹਨ।

ਦੇਸ਼ ਦੀ ਦਸੰਬਰ 2021 ਦੀ ਹਾਲਾਤ ਵੇਖੋ। ਖੁਦਰਾ ਮਹਿੰਗਾਈ ਦੀ ਦਰ 4.91 ਫ਼ੀਸਦੀ ਹੈ। ਜਿਸ ਵਿੱਚ ਤੇਲ ਤੇ ਬਿਜਲੀ ਮਹਿੰਗਾਈ ਦਰ 13.4 ਫ਼ੀਸਦੀ ਹੈ। ਮੁਦਰਾ ਸਫੀਤੀ ਦੀ ਦਰ 14.23 ਫ਼ੀਸਦੀ ਹੈ।ਬੇਰੁਜ਼ਗਾਰੀ ਦੀ ਦਰ 7.48 ਫ਼ੀਸਦੀ ਜਦਕਿ ਸ਼ਹਿਰੀ ਬੇਰੁਜ਼ਗਾਰੀ ਦੀ ਦਰ 9.09 ਫ਼ੀਸਦੀ ਹੈ। ਇਹ ਰਿਪੋਰਟ ਸੀ.ਐਮ.ਆਈ.ਈ. ਦੀ ਹੈ।

ਦੇਸ਼ ਦੇ ਹਾਲਾਤ ਜਦੋਂ ਇਸ ਕਿਸਮ ਦੇ ਹੋਣ ਤਾਂ ਦੇਸ਼ ਦੇ ਸਾਸ਼ਕ ਕਿਵੇਂ ਇਹ ਕਹਿ ਸਕਦੇ ਹਨ ਕਿ ਉਹ ਲੋਕ ਭਲੇ ਹਿੱਤ ਸਾਸ਼ਨ ਕਰ ਰਹੇ ਹਨ। ਬਿਨ੍ਹਾਂ ਸ਼ੱਕ ਨਵੇਂ ਪ੍ਰਾਜੈਕਟਾਂ ਦੇ ਸ਼ੁੱਭਆਰੰਭ ਕੀਤੇ ਜਾ ਰਹੇ ਹਨ। ਪਰ ਧੜਾ ਧੜ ਨਿੱਜੀਕਰਨ ਕਰਕੇ ਦੇਸ਼ ਦੀ ਧਰੋਹਰ ਤੱਕ ਵੇਚਣ ਦਾ ਅਤੇ ਧੰਨ ਕੁਬੇਰਾਂ ਹੱਥ ਦੇਸ਼ ਨੂੰ ਗਹਿਣੇ ਰੱਖਣ ਦਾ ਜਿਹੜਾ ਕੰਮ ਮੌਜੂਦਾ ਹਾਕਮ ਕਰ ਰਿਹਾ ਹੈ, ਉਸਨੂੰ ਕਿਵੇਂ ਸਹੀ ਠਹਿਰਾਇਆ ਜਾਵੇ ? ਰੇਲਵੇ ਦਾ ਨਿੱਜੀਕਰਨ, ਫਿਰ ਏਅਰ ਇੰਡੀਆਂ ਦਾ ਵੇਚਿਆ ਜਾਣਾ ਅਤੇ ਹੁਣ ਫਿਰ ਰਾਸ਼ਟਰੀ ਬੈਂਕਾਂ ਨੂੰ ਵੇਚਣ ਦੀ ਤਿਆਰੀ ਕਿਸ ਕਿਸਮ ਦੀ ਲੋਕ-ਭਲਾਈ ਸਰਕਾਰ ਦੀ ਤਰਜ਼ਮਾਨੀ ਹੈ ? ਜੋ ਕੁਝ ਵੀ ਦੇਸ਼ ਵਿੱਚ ਹੋ ਰਿਹਾ ਹੈ, ਕੋਈ ਉਸ ਬਾਰੇ ਕਿੰਤੂ-ਪਰੰਤੂ ਨਾ ਕਰੇ, ਦੇਸ਼ ਦੀ ਪ੍ਰੈੱਸ, ਮੀਡੀਆ, ਇਲੈਕਟਰੋਨਿਕ ਮੀਡੀਆ ਨੂੰ ਹਾਕਮ ਧਿਰ ਨੇ ਕਾਬੂ ਕਰ ਲਿਆ ਹੋਇਆ ਹੈ। ਵਿਰੋਧੀ ਵਿਚਾਰ ਜੇਲ੍ਹਾਂ ਅੰਦਰ ਹਵਾ ਫੱਕ ਰਹੇ ਹਨ। ਉਹ ਦੇਸ਼ ਜਿਹੜਾ ਵਿਸ਼ਵ ਦਾ ਵੱਡਾ ਲੋਕਤੰਤਰ ਸੀ, ਉਸ ਦੇਸ਼ ਦੀ ਪ੍ਰੈੱਸ ਦੀ ਬਿਲਕੁਲ ਉਵੇਂ ਹੀ ਸੰਘੀ ਘੁੱਟੀ ਜਾ ਰਹੀ ਹੈ, ਜਿਵੇਂ ਦੇਸ਼ ਦੇ ਸੂਬਿਆਂ ਦੇ ਅਧਿਕਾਰਾਂ ਦੀ।

ਪ੍ਰੈੱਸ ਦੀ ਸੁਤੰਤਰਤਾ 'ਚ ਵਿਸ਼ਵ ਭਰ 'ਚ ਪਿਛਲੇ ਸਾਲ ਦੇਸ਼ ਭਾਰਤ ਦਾ ਸਥਾਨ 140ਵਾਂ ਸੀ, ਉਹ ਹੁਣ 182ਵਾਂ ਸਥਾਨ ਹੋ ਗਿਆ ਹੈ। ਇੱਕ ਦੇਸ਼ ਇੱਕ ਰਾਸ਼ਟਰ, ਇੱਕ ਬੋਲੀ, ਇੱਕ ਧਰਮ, ਇੱਕ ਪਾਰਟੀ ਦਾ ਸਾਸ਼ਨ ਦੇ ਨਾਹਰੇ ਨੇ ਦੇਸ਼ ਦਾ ਅਕਸ 2014 ਤੋਂ 2021 ਤੱਕ ਦੇ ਵਰ੍ਹਿਆਂ 'ਚ ਕੀ ਨਸ਼ਟ ਨਹੀਂ ਕੀਤਾ ? ਦੇਸ਼ ਕੀ ਇੱਕ ਪੁਰਖੀ ਸਾਸ਼ਨ ਵੱਲ ਅੱਗੇ ਨਹੀਂ ਵੱਧ ਰਿਹਾ ?

ਨੀਊ ਇੰਡੀਆ 'ਚ ਭਾਰਤੀ ਜਨਤਾ ਪਾਰਟੀ ਧਰਮ ਨੂੰ ਰਾਜਨੀਤੀ ਨਾਲ ਮਿਲਾਉਣ 'ਚ ਸਭ ਤੋਂ ਅੱਗੇ ਹੈ। ਜਦੋਂ ਚੋਣਾਂ ਆਉਂਦੀਆਂ ਹਨ, ਮੁਸਲਮਾਨ,ਈਸਾਈ ਨਿਸ਼ਾਨੇ 'ਤੇ ਆ ਜਾਂਦੇ ਹਨ। ਉਦਾਹਰਨ ਲਵੋ ਹਰਦੁਆਰ 'ਚ ਭਗਵੇਂ ਸੰਤਾ ਨੇ ਮੰਚ ਉਤੇ ਖੜੇ ਹੋਕੇ ਉਚੀ ਅਵਾਜ਼ 'ਚ ਐਲਾਨ ਕੀਤਾ ਕਿ ਮੁਸਲਮਾਨਾਂ ਨਾਲ ਨਿਪਟਣ ਲਈ ਸਿਰਫ਼ ਤਲਵਾਰਾਂ ਕੰਮ ਆ ਸਕਦੀਆਂ ਹਨ। ਇਹ ਗੱਲ ਵੀ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਭਾਰਤ ਦੇ ਇਤਿਹਾਸ ਵਿੱਚ 80 ਫ਼ੀਸਦੀ ਲਿਚਿੰਗ ਦੀਆਂ ਘਟਨਾਵਾਂ ਮੋਦੀ ਰਾਜ ਦੌਰਾਨ ਹੋਈਆਂ, ਜਿੱਥੇ ਹੱਤਿਆ ਦਾ ਸਪਸ਼ੱਟ ਸੰਦੇਸ਼ ਗਿਆ।

ਪਰ ਇਸ ਸਭ ਕੁਝ ਦੇ ਬਾਵਜੂਦ 2021 ਨੇ ਇੱਕ ਆਸ ਪੈਦਾ ਕੀਤੀ ਹੈ। ਇਹ ਆਸ ਕਿ ਜੇਕਰ ਕਾਨੂੰਨ ਘਾੜੇ, ਜੇਕਰ ਉਹਨਾ ਦੀ ਗੱਲ ਨਹੀਂ ਸੁਣਦੇ, ਤਾਕਤ ਦੇ ਨਸ਼ੇ ਵਿੱਚ ਉਹਨਾ ਨੂੰ ਪ੍ਰੇਸ਼ਾਨ ਕਰਦੇ ਹਨ ਤਾਂ ਲੋਕ ਅੰਦੋਲਨ ਉਹਨਾ ਨੂੰ ਨੱਥ ਪਾ ਸਕਦੇ ਹਨ। ਮੋਦੀ ਸਰਕਾਰ ਨੂੰ ਕਾਬੂ ਕਰ ਸਕਦੇ ਹਨ।

ਬਿਨ੍ਹਾਂ ਸ਼ੱਕ ਦੇਸ਼ 'ਚ ਚੋਣਾਂ ਨਿਰਪੱਖ ਨਹੀਂ ਰਹਿੰਦੀਆਂ । ਧਨ ਦੀ ਵਰਤੋਂ ਹੁੰਦੀ ਹੈ। ਨਸ਼ੇ ਦੀ ਵਰਤੋਂ ਹੁੰਦੀ ਹੈ। ਤਾਕਤ ਦੀ ਵਰਤੋਂ ਹੁੰਦੀ ਹੈ। ਭੈੜੇ ਨੇਤਾ, ਜਿਹੜੇ ਤਾਕਤਵਰ ਹਨ, ਅਮੀਰ ਹਨ, ਅਪਰਾਧਿਕ ਮਾਮਲਿਆਂ ਨਾਲ ਜੁੜੇ ਹੁੰਦੇ ਹਨ, ਉਹਨਾ ਨੂੰ ਸਿਆਸੀ ਪਾਰਟੀਆਂ ਅੱਗੇ ਲਾਕੇ ਸੀਟਾਂ ਜਿੱਤਦੀਆਂ ਹਨ । ਇਹ ਵੀ ਸਹੀ ਹੈ ਕਿ ਵੱਡੇ ਧਨ ਬਿਨ੍ਹਾਂ ਆਮ ਆਦਮੀ ਚੋਣ ਨਹੀਂ ਲੜ ਸਕਦਾ, ਪਰ ਇਹ ਵੀ ਸਚਾਈ ਹੈ ਕਿ ਹੁਣ ਲੋਕਾਂ ਵਿੱਚ ਚੇਤਨਾ ਵੱਧ ਰਹੀ ਹੈ, ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਰਹੇ ਹਨ ਅਤੇ ਨੋਟਾ ਦੀ ਵਰਤੋਂ ਕਰਕੇ, ਉਹ ਇਹ ਦਰਸਾਉਣ ਲੱਗ ਪਏ ਹਨ ਕਿ ਉਹਨਾ ਨੂੰ ਭੈੜੇ ਲੋਕਾਂ ਦੀ ਲੋੜ ਨਹੀਂ। ਉਹ ਅਪਰਾਧੀਆਂ ਅਤੇ ਬੇਈਮਾਨ ਨੇਤਾਵਾਂ ਨੂੰ ਨਕਾਰ ਸਕਦੇ ਹਨ।

ਲੋਕਾਂ 'ਚ ਇਹ ਆਸ ਬੱਝੀ ਹੈ ਕਿ 2022 'ਚ ਜਾਗਰੂਕ ਲੋਕ ਭੈੜੇ, ਕੁ-ਸ਼ਾਸ਼ਕਾਂ ਅਤੇ ਦੇਸ਼ ਨੂੰ ਵਿਕਰੀ 'ਤੇ ਲਾਉਣ ਵਾਲੇ ਲੋਕਾਂ ਨੂੰ ਹਾਸ਼ੀਏ 'ਤੇ ਖੜਾ ਕਰ ਦੇਣਗੇ। ਲੋਕ ਲਹਿਰਾਂ ਇਸ ਗੱਲ ਦਾ ਸੰਦੇਸ਼ ਦੇਣ ਲੱਗ ਪਈਆਂ ਹਨ।

ਸਾਲ 2021 ਦਾ ਜਾਣਾ ਲੋਕਾਂ ਲਈ ਸ਼ੁੱਭ ਰਿਹਾ ਹੈ ਅਤੇ ਸਾਸ਼ਕਾਂ ਲਈ ਇੱਕ ਚਿਤਾਵਨੀ ਲਿਆਇਆ ਹੈ। ਸਾਲ 2022 ਦਾ ਆਗਮਨ ਲੋਕਾਂ ਨੂੰ ਆਪਣਿਆਂ ਵਿਚੋਂ ਚੰਗੇ ਸਾਸ਼ਕ ਚੁਨਣ ਦਾ ਮੌਕਾ ਦੇ ਰਿਹਾ ਹੈ ਅਤੇ ਸਵਾਰਥੀ ਹਾਕਮਾਂ ਨੂੰ ਭਜਾਉਣ ਦਾ ਸੰਦੇਸ਼ ਵੀ, ਕਿਉਂਕਿ ਲੋਕ ਸਮਝਣ ਲੱਗ ਪਏ ਹਨ ਕਿ ਦੇਸ਼ ਉਹਨਾ ਦਾ ਆਪਣਾ ਹੈ, ਕਿ ਵਿਸ਼ੇਸ਼ ਪਾਰਟੀ, ਕਿਸੇ ਵੱਡੇ ਨੇਤਾ, ਕਿਸੇ ਚੌਧਰੀ ਦੀ ਜਗੀਰ ਨਹੀਂ।






# ਦਸਮ ਪਿਤਾ ਨੂੰ ਮਿਲੀ ਵਿਰਾਸਤ ਅਤੇ ਉਹਨਾਂ ਦਾ ਜੀਵਨ ਦਰਸ਼ਨ





-ਰਿਸ਼ੀ ਨਾਗਰ

ਸਿੱਖ ਇਤਿਹਾਸ ਦਾ ਸਫ਼ਰ ਬਹੁਤ ਲੰਬਾ ਨਹੀਂ ਹੈ ਪਰ ਇਹ ਕੁਰਬਾਨੀਆਂ ਦੀਆਂ ਲਾਸਾਨੀ ਮਿਸਾਲਾਂ ਨਾਲ ਭਰਿਆ ਪਿਆ ਹੈ-ਇੰਨਾ ਕਿ ਕਿਸੇ ਹੋਰ ਧਰਮ ਵਿੱਚ ਇੰਨੀਆਂ ਕੁਰਬਾਨੀਆਂ ਦੇ ਨੇੜੇ ਵੀ ਢੁੱਕਿਆ ਨਹੀਂ ਜਾ ਸਕਦਾ। ਸਾਲ 1469 ਤੋਂ 1708 ਤੀਕ ਦਾ 239 ਸਾਲ ਦਾ ਇਹ ਸਫ਼ਰ ਬਹੁਤ ਵੱਡੀਆਂ ਚੁਣੌਤੀਆਂ ਨੂੰ ਸਫ਼ਲਤਾ ਸਹਿਤ ਪਾਰ ਕਰਕੇ ਇਕ ਪੜਾਅ 'ਤੇ ਪਹੁੰਚਿਆ ਅਤੇ ਇੱਥੋਂ ਇਸ ਦਾ ਨਵਾਂ ਸਫ਼ਰ ਸ਼ੁਰੂ ਹੋਇਆ। ਪਹਿਲਾਂ ਇਸ ਦੀ ਅਗਵਾਈ ਗੁਰੂ ਸਾਹਿਬਾਨ ਨੇ ਕੀਤੀ ਪਰ ਇਸ ਪੜਾਅ ਤੋਂ ਅੱਗੇ ਇਸ ਦੀ ਅਗਵਾਈ ਕਰਨ ਲਈ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਨੂੰ ਚੁਣਿਆ ਗਿਆ।

ਸਤਿਗੁਰੂ ਨਾਨਕ ਦੇਵ ਜੀ ਨੇ ਇਸ ਨਵੇਂ ਪੰਥ ਨੂੰ ਨਵੇਂ ਪੰਧ 'ਤੇ ਤੋਰਨ ਲਈ ਹਜ਼ਾਰਾਂ ਮੀਲਾਂ ਦਾ ਪੈਦਲ ਸਫ਼ਰ ਕੀਤਾ, ਹਿੰਦੂ ਅਤੇ ਇਸਲਾਮ ਧਰਮ ਦੇ ਉਸ ਵੇਲੇ ਦੇ ਕਥਿਤ ਧਰਮ-ਗੁਰੂਆਂ ਨਾਲ ਗਹਿਰੀ ਵਿਚਾਰ ਚਰਚਾ ਕੀਤੀ, ਸੂਰਜ ਨੂੰ ਪਾਣੀ ਦੇਣ ਵਾਲੀਆਂ ਕਰਮ-ਕਾਂਡ ਪ੍ਰਵਿਰਤੀਆਂ ਨੂੰ ਖ਼ਤਮ ਕਰਨ ਲਈ ਆਪਣੇ ਖੇਤਾਂ ਨੂੰ ਪਾਣੀ ਅਰਪਿਤ ਕੀਤਾ, ਰੱਬ ਦੀ ਹੋਂਦ ਸਭ ਪਾਸੇ ਹੋਣ ਬਾਰੇ ਦੱਸਣ ਲਈ ਇਕ ਧਾਰਮਿਕ ਸਥਾਨ ਵੱਲ ਪੈਰ ਤੱਕ ਕੀਤੇ। ਜਿੰਨਾ ਸੰਭਵ ਹੋ ਸਕਿਆ, ਉਤਨਾ ਉਹ ਤੁਰੇ। ਤੁਰੇ, ਇਕ ਖ਼ਾਸ ਉਦੇਸ਼ ਨਾਲ। ਇਸਤਰੀ ਦੀ ਸਮਾਜ ਵਿੱਚ ਉਸ ਵੇਲੇ ਦੀ ਦੁਰਦਸ਼ਾ ਤੋਂ ਪਰੇਸ਼ਾਨ ਸਤਿਗੁਰੂ ਨੇ ਉਸ ਨੂੰ ਇਕ ਉਚੇਰਾ ਸਥਾਨ ਦਿੱਤਾ। ਲਾਲੋਆਂ ਦੇ ਹੱਕ ਵਿੱਚ ਖਲੋਕੇ ਮਲਕ ਭਾਗੋਆਂ ਨਾਲ ਅਤੇ ਕੌਡਿਆਂ ਨਾਲ ਮੱਥਾ ਲਾਇਆ। ਸੰਗਤ ਨੂੰ ਨਾਲ ਜੋੜਿਆ। ਹੱਥੀਂ ਕਿਰਤ ਕਰਨ ਅਤੇ ਵੰਡ ਛਕਣ ਦੀ ਗੱਲ ਆਖ ਕੇ ਅਤੇ ਉਪਰੋਕਤ ਸਾਰੀਆਂ ਗੱਲਾਂ ਦੀ ਪੰਡ ਭਰ ਕੇ ਭਾਈ ਲਹਿਣੇ ਦੇ ਸਿਰ 'ਤੇ ਟਿਕਾ ਦਿੱਤੀ।

ਸਤਿਗੁਰੂ ਤੋਂ ਅਮੀਰ ਵਿਰਾਸਤੀ ਪੰਡ ਪ੍ਰਾਪਤ ਕਰਕੇ ਉਸ ਨੂੰ ਹੋਰ ਅਮੀਰ ਬਣਾਉਣ ਦੀ ਜ਼ਿੰਮੇਵਾਰੀ ਲੈ, ਗੁਰੂ ਅੰਗਦ ਦੇਵ ਜੀ ਨੇ ਲੰਗਰ ਪਰੰਪਰਾ ਲਿਆਂਦੀ। ਜਿੱਥੇ ਗੁਰੂ ਨਾਨਕ ਦੇਵ ਜੀ ਦੀ ਪਤਨੀ ਮਾਤਾ ਸੁਲੱਖਣੀ ਨੇ ਘਰ ਰਹਿ ਕੇ, ਗ਼ੈਰਹਾਜ਼ਰੀ ਵਿੱਚ ਗੁਰੂ ਸਾਹਿਬ ਦਾ ਸਾਥ ਦਿੱਤਾ; ਉੱਥੇ ਗੁਰੂ ਅੰਗਦ ਦੇਵ ਜੀ ਦੀ ਪਤਨੀ ਮਾਤਾ ਖੀਵੀ ਨੇ ਗੁਰੂ ਜੀ ਦੇ ਨਾਲ ਰਹਿ ਕੇ, ਮੋਢੇ ਨਾਲ ਮੋਢਾ ਜੋੜ ਕੇ ਸਿੱਖ ਪਰੰਪਰਾ ਨੂੰ ਹੋਰ ਅਮੀਰ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ। ਗੁਰਮੁਖੀ ਨੂੰ ਲੋਕ ਮਨਾਂ ਤੱਕ ਪਹੁੰਚਾਉਣ ਅਤੇ ਲੰਗਰ ਦੀ ਪਰੰਪਰਾ ਦੇਣ ਵਿੱਚ ਮਾਤਾ ਜੀ ਦਾ ਯੋਗਦਾਨ ਅਹਿਮ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਲਿਖਤੀ ਰੂਪ ਦੇਣ ਅਤੇ ਨਾਲ ਹੀ ਧਰਮ ਪ੍ਰਚਾਰ ਅਤੇ ਸੰਗਤ ਦੇ ਨਾਲ ਨਾਲ ਲੰਗਰ ਦੀ ਨਵੀਂ ਪਰੰਪਰਾ ਦੇ ਕੇ ਇਸ ਨੂੰ ਹੋਰ ਕੀਮਤੀ ਬਣਾ ਕੇ ਸਿੱਖ ਵਿਰਾਸਤ ਗੁਰੂ ਅਮਰ ਦਾਸ ਜੀ ਨੂੰ ਦੇ ਦਿੱਤੀ ਗਈ।

ਗੁਰੂ ਅਮਰ ਦਾਸ ਜੀ ਨੇ ਸੇਵਾ ਭਾਵਨਾ ਦਾ ਜਿਹੜਾ ਸਿਖਰ ਹਾਸਲ ਕੀਤਾ, ਉਸ ਤੱਕ ਪਹੁੰਚਣਾ ਬਹੁਤ ਹੀ ਮੁਸ਼ਕਿਲ ਹੈ। ਉਮਰ ਵਿੱਚ ਕਾਫੀ ਵੱਡੇ ਹੋਣ ਦੇ ਬਾਵਜੂਦ, ਉਹਨਾਂ ਜਿਸ ਢੰਗ ਨਾਲ ਗੁਰੂ ਅੰਗਦ ਦੀ ਸੇਵਾ ਕੀਤੀ, ਉਹ ਨਵੇਂ ਪੂਰਨੇ ਸਿਰਜਦੀ ਹੈ। ਪੂਜਣਯੋਗ ਹੋਣ ਲਈ ਸਿਰਫ਼ ਉਮਰ ਦਾ ਵੱਡਾ ਹੋਣਾ ਕਾਫੀ ਨਹੀਂ ਹੁੰਦਾ...ਗੁਰੂ ਅੰਗਦ ਵਾਂਗ ਸਮਰਪਿਤ ਹੋਣਾ ਹੁੰਦਾ ਹੈ। ਗੁਰੂ ਅਮਰ ਦਾਸ ਜੀ ਨੇ "ਹਮ ਭੀਖਕ ਭੇਖਾਰੀ ਤੇਰੇ, ਤੂੰ ਨਿਜਪਤਿ ਹੈਂ ਦਾਤਾ" ਕਹਿ ਕੇ ਖੁਦ ਦੇ ਨਿਮਾਣਾ ਹੋਣ ਦਾ ਰਸਤਾ ਵਿਖਾਇਆ ਅਤੇ ਪਾਣੀ ਢੋ-ਢੋ ਕੇ ਇਹ ਦੱਸਿਆ ਕਿ ਸੇਵਾ ਦਾ ਅਸਲ ਰੂਪ ਕੀ ਹੁੰਦਾ ਹੈ। ਵਿਰਾਸਤ ਦੀ ਪਿਛਲੀ ਪੰਡ ਵਿੱਚ 'ਨਿਮਰਤਾ ਅਤੇ ਸੇਵਾ' ਭਰ ਕੇ ਗੁਰੂ ਅਮਰ ਦਾਸ ਜੀ ਅਗਲੇਰੀ ਜ਼ਿੰਮੇਵਾਰੀ ਗੁਰੂ ਰਾਮ ਦਾਸ ਜੀ ਨੂੰ ਦੇ ਕੇ ਵਿਦਾ ਹੋਏ।

ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਉਸ ਵੇਲੇ ਦੀ ਸ਼ਾਹ ਸੜਕ (ਜੀ.ਟੀ.ਰੋਡ) ਦੇ ਨਜ਼ਦੀਕ ਪੈਂਦੇ ਹੋਣ ਕਰਕੇ ਇਹ ਦੋਵੇਂ ਨਗਰ ਹਮਲਾਵਰਾਂ ਦੀ ਪਹੁੰਚ ਵਿੱਚ ਸਨ। ਗੁਰੂ ਰਾਮ ਦਾਸ ਨੇ ਨਵਾਂ ਨਗਰ ਵਸਾਇਆ - ਅੰਮ੍ਰਿਤਸਰ। ਸੱਚਖੰਡ ਦਾ ਨਿਰਮਾਣ ਹੋਇਆ। ਇਸ ਦੀ ਨੀਂਹ ਰੱਖਣ ਲਈ ਤੀਸਰੇ ਗੁਰੂ ਦੀ ਪਰੰਪਰਾ ਵਰਤੀ ਗਈ। ਸਾਈਂ ਮੀਆਂ ਮੀਰ ਜੀ ਨੂੰ ਉਹਨਾਂ ਦੀ ਭਗਤੀ, ਨਿਰਛਲਤਾ, ਨਿਸਕਾਮ ਸੇਵਾ ਦੀ ਭਾਵਨਾ ਨਾਲ ਓਤਪ੍ਰੋਤ ਹੋਣ ਕਰਕੇ ਇਸ ਸੱਚਖੰਡ ਦੀ ਨੀਂਹ ਉਹਨਾਂ ਕੋਲੋਂ ਰਖਵਾਈ ਗਈ। ਸੰਗਤ ਅਤੇ ਲੰਗਰ ਦੀ ਪਰੰਪਰਾ ਨੂੰ ਨਿਭਾਉਂਦਿਆਂ ਹੋਇਆਂ... "ਏਕ ਨੂਰ ਤੇ ਸਭ ਜਗੁ ਉਪਜਿਆ" ਨੂੰ ਸਿਰ-ਅੱਖਾਂ 'ਤੇ ਰੱਖਦਿਆਂ ਸਾਂਈ ਜੀ ਨੂੰ ਇਹ ਕੰਮ ਦਿੱਤਾ ਗਿਆ ਸੀ। ਅੰਮ੍ਰਿਤ ਦਾ ਸਰੋਵਰ ਤਿਆਰ ਹੋਇਆ, ਸੱਚਖੰਡ ਦੀ ਸਥਾਪਨਾ ਹੋਈ ਅਤੇ ਨਵੇਂ ਅਰਥਾਂ ਵਾਲੀ ਇਹ ਵਿਰਾਸਤ ਗੁਰੂ ਅਰਜਨ ਦੇਵ ਜੀ ਕੋਲ ਪਹੁੰਚਾ ਦਿੱਤੀ ਗਈ।

ਸ਼ਾਂਤੀ ਦੇ ਪੁੰਜ ਅਤੇ ਬਾਣੀ ਦੇ ਬੋਹਿਥ ਗੁਰੂ ਅਰਜਨ ਦੇਵ ਜੀ ਨੇ ਭਾਰਤ ਦੇ ਕੋਨੇ ਕੋਨੇ ਤੋਂ ਆਏ ਸੰਤਾਂ, ਮਹਾਪੁਰਖਾਂ, ਭਗਤਾਂ, ਭੱਟਾਂ, ਪੀਰਾਂ-ਫ਼ਕੀਰਾਂ ਦੀਆਂ ਉਹਨਾਂ ਵੱਲੋਂ ਰਚੀਆਂ ਪ੍ਰਭੂ ਭਗਤੀ ਦੇ ਨਾਲ-ਨਾਲ ਜੀਵਨ ਨੂੰ ਸਾਰਥਕ ਢੰਗ ਨਾਲ ਜੀਣ ਦਾ ਨਵਾਂ ਸੁਨੇਹਾ ਦਿੰਦੀਆਂ ਰਚਨਾਵਾਂ ਨੂੰ ਘੋਖਿਆ, ਪੜ੍ਹਿਆ ਤੇ ਇਕ ਥਾਂ ਸੰਕਲਨ ਕਰਕੇ ਇਕ ਗ੍ਰੰਥ ਤਿਆਰ ਕਰਵਾਇਆ। ਕਿਸ ਨੂੰ ਪਤਾ ਸੀ ਕਿ ਇਸੇ ਗ੍ਰੰਥ ਨੇ ਕੁੱਝ ਸੌ ਸਾਲਾਂ ਬਾਦ ਮਨੁੱਖਤਾ ਦੀ ਅਗਵਾਈ ਕਰਨੀ ਹੈ? ਸਿੱਖ ਰੀਤ ਹੋਰ ਅਮੀਰ ਹੋਈ...ਇਸ ਦੇ ਗ੍ਰੰਥ ਵਿੱਚ ਨਾ ਧਰਮ ਦਾ ਵਿਤਕਰਾ ਸੀ ਅਤੇ ਨਾ ਹੀ ਜ਼ਾਤ ਦਾ। "ਹੈ ਭੀ ਹੋਸੀ" ਦਾ ਸੁਨੇਹਾ ਅੱਗੇ ਤੁਰਿਆ...। ਸ਼ਾਂਤੀ ਰੱਖਣ ਦਾ। ਇੰਨੀ ਸ਼ਾਂਤੀ ਕਿ ਸਿਰ 'ਤੇ ਗਰਮ ਰੇਤ ਵੀ ਗਰਮੀ ਨਾ ਦੇਵੇ ਅਤੇ ਤੱਤੀ ਤਵੀ ਦਾ ਸੇਕ ਵੀ ਨਾ ਆਵੇ। ਪਹਿਲੀ ਸ਼ਹੀਦੀ ਵੀ ਸਿੱਖ ਵਿਰਾਸਤ ਵਿੱਚ ਦਰਜ ਕਰ ਦਿੱਤੀ ਗਈ। ਜਦੋਂ ਅਗਿਆਨਤਾ ਦੇ ਹਨੇਰੇ ਨੇ ਖ਼ਤਮ ਹੋਣਾ ਹੋਵੇ ਤਾਂ ਗਿਆਨ ਦਾ ਸੂਰਜ ਚੜ੍ਹਦਾ ਹੀ ਹੈ। ਸੂਰਜ ਨੂੰ ਫਿਰ ਤੱਤੀ ਤਵੀ ਦਾ ਡਰ ਕਿਵੇਂ ਹੋ ਸਕਦੈ? ਪਰੰਪਰਾ, ਗੁਰੂ ਹਰਗੋਬਿੰਦ ਸਾਹਿਬ ਦੇ ਸਿਰ 'ਤੇ ਟਿਕਾ ਦਿੱਤੀ ਗਈ।

ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਪਰੰਪਰਾ ਨੂੰ ਪੂਰੀ ਤਰ੍ਹਾਂ ਨਵਾਂ ਰੂਪ ਦੇ ਦਿੱਤਾ। ਸ਼ਾਇਦ ਕਿਸੇ ਨੇ ਕਲਪਨਾ ਵੀ ਨਾ ਕੀਤੀ ਹੋਵੇ ਕਿ ਜਿਸ ਪਰੰਪਰਾ ਵਿੱਚ ਸਿਰਫ਼ ਸ਼ਾਂਤੀ ਦਾ ਹੀ ਬੋਲਬਾਲਾ ਹੈ, ਭਗਤੀ ਦੀ ਹੀ ਲਹਿਰ ਹੈ, ਤੱਤੀ ਤਵੀ 'ਤੇ ਬੈਠਣ ਵੇਲੇ 'ਸੀ' ਤੱਕ ਨਾ ਕਹਿਣ ਦੀ ਰੀਤ ਹੈ, ਉੱਥੇ ਕੋਈ ਡੰਡਾ ਵੀ ਚੁੱਕ ਸਕਦੈ! ਅਸੀਂ ਇਕੱਲੇ ਪੀਰ ਹੀ ਨਹੀਂ, ਮੀਰ ਵੀ ਹੁੰਦੇ ਹਾਂ - ਇਹ ਸਬਕ ਨਵਾਂ ਸੀ। ਸੰਤ ਰਹੇ ਹਾਂ ਪਰ ਹੁਣ ਸਿਪਾਹੀ ਵੀ ਘੱਟ ਨਹੀਂ ਹੋਵਾਂਗੇ। ਜਿਹੜਾ ਮਰਜ਼ੀ, ਜਦੋਂ ਮਰਜ਼ੀ ਮੂੰਹ ਚੁੱਕੇ ਤੇ ਆ ਕੇ ਢਾਹ ਲਵੇ? ਹੁਣ ਅਜਿਹਾ ਨਹੀਂ ਹੋਵੇਗਾ, ਗੁਰੂ ਹਰਗੋਬਿੰਦ ਜੀ ਦੀ ਪਰੰਪਰਾ ਸ਼ੁਰੂ ਹੁੰਦੀ ਹੈ। ਫੌਜ ਦਾ ਮਨੋਬਲ ਉੱਚਾ ਕਰਨ ਲਈ ਢਾਡੀ ਲਿਆਂਦੇ ਗਏ ਜਿਹੜੇ ਵਾਰਾਂ ਰਾਹੀਂ ਬੀਰ-ਰਸੀ ਰਚਨਾਵਾਂ ਪੇਸ਼ ਕੇ ਉਹਨਾਂ ਵਿੱਚ ਨਵੇਂ ਜੋਸ਼ ਦਾ ਸੰਚਾਰ ਕਰਦੇ ਸਨ। ਭਗਤੀ, ਸੰਗਤ, ਪੰਗਤ, ਲੰਗਰ, ਸੇਵਾ, ਨਿਮਰਤਾ, ਸ਼ਾਂਤੀ, ਸਾਂਝੀਵਾਲਤਾ, ਕੁਰਬਾਨੀ...ਅਤੇ ਹੁਣ ਤਲਵਾਰ। ਕੰਮ ਉਹੀ, ਸਿਰਫ਼ ਢੰਗ ਬਦਲਿਆ। ਪਹਿਲਾਂ ਬੁਰਾਈਆਂ ਉਤੇ ਅਹਿੰਸਕ ਜਿੱਤ ਸੀ, ਹੁਣ ਭਾਵੇ ਤਲਵਾਰ ਆ ਗਈ ਪਰ ਮਕਸਦ ਬੁਰਾਈ ਦਾ ਅੰਤ ਹੀ ਰਿਹਾ। ਵਿਰਾਸਤ ਵਿੱਚ ਸੰਤ ਮਿਲੇ ਸਨ, ਉਸ ਵਿੱਚ ਢਾਡੀ, ਪਹਿਲਵਾਨ ਅਤੇ ਫੌਜੀ ਸ਼ਾਮਿਲ ਕਰ ਦਿੱਤੇ ਗਏ। ਅਕਾਲ ਤਖ਼ਤ ਦੀ ਸਥਾਪਨਾ ਨੇ ਸਿੱਖ ਪਰੰਪਰਾ ਵਿੱਚ ਨਵਾਂ ਮੋਤੀ ਜੜ ਦਿੱਤਾ। ਨਵਾਂ 'ਕੋਡ ਆਫ਼ ਕੰਡਕਟ' ਜਾਰੀ ਹੋਇਆ, ਆਨੰਦ ਕਾਰਜ ਦੀ ਪਰੰਪਰਾ ਆਈ। ਵਿਰਾਸਤ ਹੋਰ ਅਮੀਰ ਹੋਈ...ਅਤੇ ਆ ਟਿਕੀ ਗੁਰੂ ਹਰਿ ਰਾਇ ਜੀ ਦੇ ਸਿਰ 'ਤੇ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਕੋਲ ਹੁਣ ਭਗਤੀ ਵੀ ਸੀ ਅਤੇ ਸ਼ਕਤੀ (ਫੌਜ) ਵੀ। ਉਹਨਾਂ ਨੇ ਜਾਨਵਰਾਂ ਅਤੇ ਬੀਮਾਰਾਂ ਵਾਸਤੇ ਪ੍ਰੇਮ ਏਸ ਪਰੰਪਰਾ ਵਿੱਚ ਜੋੜ ਦਿੱਤਾ। ਜਾਨਵਰਾਂ ਦੀ ਸੁਰੱਖਿਆ ਲਈ ਚਿੜੀਆਘਰ ਬਣਾਇਆ ਤਾਂ ਬੀਮਾਰਾਂ ਲਈ ਦਵਾਖਾਨੇ ਖੋਲ੍ਹੇ। ਗ਼ਰੀਬਾਂ ਦੀ ਮਦਦ ਲਈ ਦਾਨ ਇਕੱਤਰ ਕੀਤਾ। ਜਿੱਥੇ ਛੇਵੇਂ ਪਾਤਸ਼ਾਹ ਵਾਲੀ ਪਰੰਪਰਾ ਨੂੰ ਜਾਰੀ ਰੱਖਿਆ, ਉੱਥੇ ਮਜ਼ਲੂਮਾਂ, ਬੀਮਾਰਾਂ ਦੀ ਦੇਖਰੇਖ ਲਈ ਨਵੇਂ ਕਦਮ ਚੁੱਕੇ ਗਏ। ਇਸ ਨਾਲ ਛੇ ਗੁਰੂਆਂ ਦੀ ਵਿਰਾਸਤ ਹੋਰ ਅਮੀਰ ਹੋਈ।

ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਜਿਸ ਸਮੇਂ ਇਸ ਵੱਡੀ ਜ਼ਿੰਮੇਵਾਰੀ ਦਾ ਮਾਲਿਕ ਬਣਾਇਆ ਗਿਆ, ਉਹਨਾਂ ਦੀ ਉਮਰ ਬਹੁਤ ਛੋਟੀ ਸੀ। ਸਮੇਂ ਦੇ ਸ਼ਾਸਕ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਇਸ ਅਮੀਰ ਪਰੰਪਰਾ ਨੂੰ ਸਦਾ ਲਈ ਰੋਕ ਦੇਣ ਦਾ ਮਨ ਬਣਾਇਆ ਤੇ ਗੁਰੂ ਜੀ ਨੂੰ ਦਿੱਲੀ ਸੱਦ ਲਿਆ। ਸੱਤਵੇਂ ਨਾਨਕ ਦੀ ਸਿੱਖਿਆ -ਬੀਮਾਰਾਂ ਦੀ ਦੇਖਭਾਲ - ਦਾ ਸੰਕਲਪ ਲੈ ਕੇ ਬਾਲ ਗੁਰੂ ਦਿੱਲੀ ਪਹੁੰਚੇ। ਕਈ ਸਵਾਲ ਸਨ ਕਿ ਇਹ 'ਬੱਚਾ' ਨਾਨਕ ਦੀ ਪਰੰਪਰਾ ਨੂੰ ਕਿੰਨਾ ਕੁ ਅੱਗੇ ਵਧਾਵੇਗਾ, ਕਿਵੇਂ ਕਰੇਗਾ, ਕੌਣ ਸਾਥ ਦੇਵੇਗਾ ਆਦਿ। ਜਿਵੇਂ ਗੁਰੂ ਅਮਰਦਾਸ ਜੀ ਨੇ ਉਮਰ ਵਿੱਚ ਆਪਣੇ ਤੋਂ ਕਾਫੀ ਛੋਟੇ ਦੂਸਰੇ ਗੁਰੂ ਦੀ ਸੇਵਾ ਕੀਤੀ, ਇਸੇ ਤਰ੍ਹਾਂ ਲੋਕ ਗੁਰੂ ਹਰਿਕ੍ਰਿਸ਼ਨ ਜੀ ਅੱਗੇ ਸਿਰ ਝੁਕਾਉਂਦੇ ਸਨ। ਗੱਲ ਤਾਂ ਗੁਰੂ ਪਰੰਪਰਾ ਦੀ ਸੀ, ਉਮਰ ਦੀ ਜਾਂ ਛੋਟੇ-ਵੱਡੇ ਹੋਣ ਦੀ ਨਹੀਂ ਸੀ। ਉਸ ਵੇਲੇ ਦਿੱਲੀ ਵਿੱਚ ਚੇਚਕ ਰੋਗ ਫੈਲਿਆ ਹੋਇਆ ਸੀ। ਅੱਜਕੱਲ੍ਹ ਜਿੱਥੇ ਬੰਗਲਾ ਸਾਹਿਬ ਗੁਰਦੁਆਰਾ ਹੈ, ਉੱਥੇ ਹਵੇਲੀ ਵਿੱਚ ਰਹਿੰਦਿਆਂ ਗੁਰੂ ਜੀ ਨੇ ਚੇਚਕ ਰੋਗੀਆਂ ਦੀ ਦਵਾ-ਦਾਰੂ ਦੀ ਸੇਵਾ ਆਪਣੇ ਹੱਥੀਂ ਕੀਤੀ ਅਤੇ ਇਸ ਰੋਗ ਦੀ ਇਨਫੈਕਸ਼ਨ ਉਹਨਾਂ ਨੂੰ ਵੀ ਹੋ ਗਈ। ਇਸੇ ਰੋਗ ਕਾਰਨ ਗੁਰੂ ਜੀ ਨੇ ਇਸ ਜੀਵਨ ਤੋਂ ਵਿਦਾਈ ਲਈ ਅਤੇ ਨੌਂਵੇਂ ਗੁਰੂ ਲਈ ਜ਼ਿੰਮੇਵਾਰੀ ਛੱਡ ਦਿੱਤੀ ਗਈ।

ਨੌਂਵੇਂ ਗੁਰੂ ਨੂੰ ਬਾਬਾ ਬਕਾਲਾ ਤੋਂ ਲੱਭ ਲਿਆ ਗਿਆ। ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਆਈ ਨਾਨਕ-ਜੋਤ ਇਤਨੀ ਕੁ ਚਮਕਦਾਰ ਹੋ ਚੁੱਕੀ ਸੀ ਕਿ ਸ਼ਾਸਕਾਂ ਦੀਆਂ ਅੱਖਾਂ ਚੁੰਧਿਆਉਣ ਲੱਗ ਪਈਆਂ ਸਨ। ਉਹਨਾਂ ਨੇ ਹਿੰਦੂਆਂ ਨੂੰ ਹੋਰ ਤੰਗ ਪਰੇਸ਼ਾਨ ਕਰਨਾ ਕਰਨਾ ਸ਼ੁਰੂ ਕਰ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਦੀ ਵਿਰਾਸਤ ਵਿੱਚ ਇੰਨਾ ਕੁੱਝ ਜੁੜ ਚੁੱਕਿਆ ਸੀ ਕਿ ਉਸ ਤੋਂ ਉਣਾ ਕੁੱਝ ਹੋ ਹੀ ਨਹੀਂ ਸਕਦਾ ਸੀ। ਪੰਜਵੇਂ ਪਾਤਸ਼ਾਹ ਗ੍ਰੰਥ ਦੀ ਰਚਨਾ ਕਰਕੇ ਇਕ ਨਵਾਂ ਰਾਹ ਦਿਖਾ ਗਏ ਸਨ, ਲੰਗਰ, ਸੰਗਤ ਅਤੇ ਪੰਗਤ ਨੇ ਭੇਦਭਾਵ ਖ਼ਤਮ ਕਰ ਦਿੱਤੇ ਸਨ। ਕੋਈ ਬਿਗਾਨਾ ਰਹਿ ਹੀ ਨਹੀਂ ਸੀ ਗਿਆ। ਇਸ ਭਾਵਨਾ ਨੇ ਸਮਾਜਕ-ਰਾਜਨੀਤਕ ਤਬਦੀਲੀ ਲੈ ਆਂਦੀ ਸੀ। ਇਹੀ ਤਬਦੀਲੀ ਸ਼ਾਸਕਾਂ ਲਈ ਖ਼ਤਰੇ ਦੀ ਘੰਟੀ ਸੀ। ਉੱਧਰ ਇਸ ਨਾਨਕ ਪਰੰਪਰਾ ਵਿੱਚ ਗੁਰੂ ਅਰਜਨ ਸਾਹਿਬ ਆਪਣੀ ਸ਼ਹੀਦੀ ਦੇ ਕੇ ਇਕ ਨਵਾਂ ਰਾਹ ਖੋਲ੍ਹ ਗਏ ਸਨ - ਕੁਰਬਾਨੀ ਦਾ ਰਾਹ। ਜਿਸ ਦੇ ਸਰੀਰ ਵਿੱਚ ਗੁਰੂ ਹਰਗੋਬਿੰਦ ਸਾਹਿਬ ਦਾ ਖ਼ੂਨ ਦੌੜ ਰਿਹਾ ਹੋਵੇ, ਉਹ ਕੁਰਬਾਨੀ ਤੋਂ ਪਿੱਛੇ ਕਿਵੇਂ ਹਟ ਸਕਦਾ ਹੈ? ਉਹ ਗੁਰੂ ਤੇਗ਼ ਬਹਾਦਰ ਜੀ ਨੇ ਇਹੀ ਰਾਹ ਫੜਿਆ। ਇਕੱਲਿਆ ਉਹਨਾਂ ਨੇ ਹੀ ਕਿਉਂ ? ਭਾਈ ਮਤੀ ਦਾਸ, ਸਤੀ ਦਾਸ, ਦਿਆਲਾ ਜੀ ਗੁਰੂ ਸਾਹਿਬ ਤੋਂ ਪਹਿਲਾਂ ਸ਼ਹਾਦਤ ਦਾ ਜਾਮ ਪੀ ਗਏ। ਜਿਸ ਸ਼ਾਨਦਾਰ ਪਰੰਪਰਾ ਵਾਲੀ ਕੌਮ ਦੀ ਨੀਂਹ ਰੱਖੀ ਜਾ ਰਹੀ ਹੋਵੇ, ਉਸ ਵਿੱਚ ਹੀਰੇ-ਮੋਤੀ ਹੀ ਚਿਣੇ ਜਾਂਦੇ ਹਨ। ਇਹ ਸਿਲਸਿਲਾ ਪੰਜਵੇਂ ਪਾਤਸ਼ਾਹ ਤੋਂ ਸ਼ੁਰੂ ਹੋ ਚੁੱਕਿਆ ਸੀ ਪਰੰਤੂ ਇਸ ਦਾ ਸਿਖ਼ਰ ਅਜੇ ਬਾਕੀ ਸੀ। ਉਹ ਸਿਖ਼ਰ ਲਿਆਉਣ ਲਈ ਅਗਲਾ ਕੰਮ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪ ਦਿੱਤਾ ਗਿਆ।

ਜਿਸ ਦੇ ਪੜਦਾਦੇ ਨੇ ਸ਼ਹੀਦੀ ਹਾਸਲ ਕੀਤੀ ਹੋਵੇ, ਜਿਸ ਦੇ ਦਾਦੇ ਨੇ ਦੁਸ਼ਮਣਾਂ ਨਾਲ ਜੰਗਾਂ ਲੜੀਆਂ ਹੋਣ, ਜਿਸ ਦੇ ਪਿਤਾ ਨੇ ਸਾਥੀਆਂ ਸਮੇਤ ਸ਼ਹੀਦੀ ਲਈ ਹੋਵੇ ਅਤੇ ਜਿਸ ਨੂੰ ਵਿਰਾਸਤ ਵਿੱਚ ਇਹ ਹੁਕਮ ਮਿਲਿਆ ਹੋਵੇ ਕਿ ਇਸ ਨੂੰ ਹੋਰ ਅਮੀਰ ਕਰਨਾ ਹੈ, ਉਹ ਫਿਰ ਪਿੱਛੇ ਕਿਵੇਂ ਰਹਿ ਸਕਦਾ ਹੈ। ਜਿਸ ਕੌਮ ਦੀ ਉਸਾਰੀ ਲਈ ਉਸ ਦੀਆਂ ਨੀਂਹਾਂ ਵਿੱਚ ਪੜਦਾਦਾ ਪਿਆ ਹੋਵੇ, ਪਿਤਾ ਅਤੇ ਉਹਨਾਂ ਦੇ ਸਾਥੀ ਪਏ ਹੋਣ ਤਾਂ ਉਸ ਨੂੰ ਹੋਰ ਕਿਵੇਂ ਵਧੇਰੇ ਅਸਰਦਾਰ ਕੀਤਾ ਜਾ ਸਕਦਾ ਹੈ? ਚਾਰ ਪੁੱਤਰ ਉਸ ਕੌਮ ਦੀਆਂ ਨੀਂਹਾਂ ਵਿੱਚ ਚਿਣਾ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਣ ਵਾਲੇ



ਹਜ਼ਾਰਾਂ-ਹਜ਼ਾਰਾਂ ਯੋਧੇ ਇਹਨਾਂ ਨੀਂਹਾਂ ਵਿੱਚ ਜਾ ਪਏ। ਬੰਦਾ ਬਹਾਦੁਰ, ਉਸ ਦੇ ਪੁੱਤਰ, ਫੌਜੀ... ਕਿਸ ਕਿਸ ਦੇ ਨਾਮ ਲਿਖੀਏ...ਇੱਕ ਤੋਂ ਵੱਧ ਇੱਕ ਕੀਮਤੀ ਹੀਰਾ... ਸਭ ਇਸ ਕੌਮ ਦੀ ਨੀਂਹ ਵਿੱਚ ਚਿਣੇ ਗਏ...ਪਰੰਪਰਾ ਕਮਜ਼ੋਰ ਨਹੀਂ ਹੋਣ ਦਿੱਤੀ, ਵਿਰਾਸਤ ਹੀ ਇੰਨੀ ਵੱਡੀ ਤੇ ਭਾਰੀ ਮਿਲੀ ਕਿ ਗੁਰੂ ਗੋਬਿੰਦ ਸਿੰਘ ਜੀ ਕੋਲ ਦੂਜਾ ਕੋਈ ਹੋਰ ਰਸਤਾ ਹੀ ਨਹੀਂ ਸੀ ਕਿ ਇਸ ਵਿਰਾਸਤ ਨੂੰ ਹੋਰ ਅਮੀਰ ਕਿਵੇਂ ਬਣਾਉਂਦੇ? ਖਾਲਸਾ ਪੰਥ ਦੀ ਸਿਰਜਣਾ ਕਰਕੇ ਦੱਬੇ-ਝੰਬੇ-ਲਤਾੜੇ ਲੋਕਾਂ ਵਿੱਚ ਨਵੀਂ ਜਾਨ ਭਰੀ। ਉੱਚੇ-ਨੀਵੇਂ ਦਾ ਭੇਦ ਖ਼ਤਮ ਕਰਨ ਲਈ 'ਪਿਆਰਿਆਂ' ਕੋਲੋਂ ਅੰਮ੍ਰਿਤ ਪੀ ਕੇ ਅਤੇ ਆਪਣੇ ਹੱਥੀਂ ਉਹਨਾਂ ਨੂੰ ਅੰਮ੍ਰਿਤ ਪਿਆ ਕੇ ਬਰਾਬਰੀ ਦਾ ਦਰਜਾ ਦਿੱਤਾ। ਕੋਮਲ ਸੰਤ, ਜਾਂਬਾਜ਼ ਸਿਪਾਹੀ, ਅਦਭੁਤ ਪਿਤਾ, ਅਦੁੱਤੀ ਪੁੱਤਰ, ਮਰਦ ਅਗੰਮੜਾ, ਕਮਾਲ ਦਾ ਇਨਸਾਨ, ਕੋਮਲ ਕਵੀ ਦਿਲ ਵਾਲੇ ਇਹ ਦਸਮ ਪਿਤਾ ਆਪਣੇ ਅੰਦਰ ਪਿਛਲੇ ਨੌਵਾਂ ਗੁਰੂਆਂ ਦੇ ਗੁਣ ਲੈ ਕੇ ਆਏ ਸਨ। ਇਹ ਸਾਰੀ ਵਿਰਾਸਤ ਉਹਨਾਂ ਗੁਰੂ ਗ੍ਰੰਥ ਸਾਹਿਬ ਨੂੰ ਦੇ ਕੇ ਸਮੁੱਚੀ ਕੌਮ ਦੀ ਅਗਵਾਈ ਲਈ ਉਹਨਾਂ ਦੇ ਲੜ ਲਾਇਆ ਤੇ ਪਿੱਛੇ ਛੱਡ ਕੇ ਗਏ ਅਜਿਹੀ ਉਦਾਹਰਣ ਜਿਹੜੀ ਰਹਿੰਦੀ ਦੁਨੀਆ ਤੱਕ ਦੁਹਰਾਈ ਨਾ ਜਾ ਸਕੇਗੀ। ਉਹਨਾਂ ਦੇ ਆਗਮਨ ਦਿਹਾੜੇ 'ਤੇ ਦਿਲੋਂ ਸਤਿਕਾਰ ਸਹਿਤ ਪ੍ਰਣਾਮ ਹੈ!



# ਸਾਧੋ ਮਨਿ ਕਾ ਮਾਨੁ ਤਿਆਗਉ

**ਤੀਰਥ ਸਿੰਘ ਢਿੱਲੋਂ**

ਨੌਂਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸੰਸਾਰਕ ਰਸਾਂ-ਕਸਾਂ ਦੇ ਭਰਮ ਜਾਲ ਵਿੱਚ ਫਸੇ ਮਨੁੱਖ ਨੂੰ ਇਸ ਤੋਂ ਮੁਕਤ ਕਰ ਕੇ ਉਸ ਅੰਦਰ ਪ੍ਰਭੂ ਮਿਲਾਪ ਲਈ ਵੈਰਾਗ ਦੀ ਅਨੰਤ ਧਾਰਾ ਪ੍ਰਵਾਹਿਤ ਕਰਨ ਵਾਲੀ ਬਾਣੀ ਹੈ। ਇਸ ਲਈ ਉਨ੍ਹਾਂ ਨੂੰ ਵੈਰਾਗ ਦੀ ਮੂਰਤ ਵੀ ਆਖਿਆ ਜਾਂਦਾ ਹੈ। ਸੰਸਾਰ ਦੀ ਨਾਸ਼ਮਾਨਤਾ, ਮਨੁੱਖੀ ਜੀਵਨ ਦੇ ਅਸਲ ਮਕਸਦ ਪ੍ਰਤੀ ਲਾਪ੍ਰਵਾਹੀ, ਗ਼ਫ਼ਲਤ ਤੇ ਪੰਜ ਵਿਕਾਰਾਂ ਦੀ ਗ਼ੁਲਾਮੀ ਵਿੱਚੋਂ ਉਸ ਨੂੰ ਮੁਕਤ ਕਰਨ ਦੀ ਜੁਗਤੀ ਦ੍ਰਿੜ੍ਹ ਕਰਾਉਣਾ ਨੌਂਵੇਂ ਪਾਤਸ਼ਾਹ ਦੀ ਬਾਣੀ ਦੇ ਵਿਸ਼ੇਸ਼ ਸਰੋਕਾਰ ਹਨ। ਉਨ੍ਹਾਂ ਨੇ ਗਾਫ਼ਿਲ ਪ੍ਰਾਣੀ ਨੂੰ ਮੋਹ-ਨਿੰਦਰਾ ਤੋਂ ਜਗਾਉਣ ਲਈ ਅਨੇਕ ਥਾਈਂ 'ਸਾਧੋ' ਸੰਬੋਧਨੀ ਸ਼ਬਦ ਵਰਤਿਆ ਹੈ। ਜਿਵੇਂ 'ਸਾਧੋ ਰਚਨਾ ਰਾਮ ਬਨਾਈ', 'ਸਾਧੋ ਗੋਵਿੰਦ ਕੇ ਗੁਨ ਗਾਵਉ' ਤੇ 'ਸਾਧੋ ਮਨ ਕਾ ਮਾਨ ਤਿਆਗਉ ਕਾਮਿ, ਕ੍ਰੋਧ, ਸੰਗਤਿ ਦੁਰਜਨ ਕੀ ਤਾਤੇ ਅਹਿਨਿਸ ਭਾਗਉ।'

ਗੁਰੂ ਤੇਗ਼ ਬਹਾਦਰ ਸਾਹਿਬ ਮਹਾਨ ਸਮਾਜ ਸੁਧਾਰਕ ਵੀ ਸਨ। ਉਨ੍ਹਾਂ ਨੇ ਸਮਾਜ ਵਿੱਚ ਪ੍ਰਚੱਲਿਤ ਰੂੜੀਆਂ, ਕੁਰੀਤੀਆਂ, ਕਰਮ ਕਾਂਡਾਂ ਤੇ ਭਰਮਾਂ ਵਿਰੁੱਧ ਲੋਕ ਚੇਤਨਾ ਲਿਆਉਣ ਦਾ ਮਹਾਨ ਉਪਰਾਲਾ ਕੀਤਾ। 'ਸਾਧੋ ਮਨ ਕਾ ਮਾਨ ਤਿਆਗਉ', ਗਉੜੀ ਰਾਗ ਦੇ ਇਸ ਸ਼ਬਦ ਰਾਹੀਂ ਉਨ੍ਹਾਂ ਨੇ ਅਨੇਕਾਂ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਉਸਤਤ ਅਤੇ ਨਿੰਦਿਆ ਦਾ ਤਿਆਗ ਕਰਨ ਤੇ ਨਿਰਵਾਣ ਪਦ ਦੀ ਪ੍ਰਾਪਤੀ ਲਈ ਉੱਦਮ ਕਰਨ ਉੱਤੇ ਜ਼ੋਰ ਦਿੱਤਾ ਹੈ। ਗੁਰੂ ਸਾਹਿਬ ਅਨੁਸਾਰ ਨਿਰਵਾਣ ਪਦ ਦੀ ਪ੍ਰਾਪਤੀ ਗ੍ਰਿਹਸਥ ਮਾਰਗ ਵਿੱਚ ਰਹਿੰਦਿਆਂ ਹੀ ਹੋ ਸਕਦੀ ਹੈ ਪਰ ਇਸ ਅਵਸਥਾ ਵਿੱਚ ਵਿਚਰਨਾ, ਅਡੋਲ ਰਹਿਣਾ, ਸਮਦ੍ਰਿਸ਼ਟ ਰਹਿਣਾ ਸੁਖਾਲਾ ਨਹੀਂ ਹੈ। ਗੁਰੂ ਦੀ ਸ਼ਰਨ ਵਿੱਚ ਜਾ ਕੇ ਪੂਰਨ ਰੂਪ ਵਿੱਚ ਆਤਮ-ਸਮਰਪਣ ਕਰ ਕੇ ਹੀ ਕੋਈ ਗੁਰਮੁਖ ਇਸ ਦੀ ਪ੍ਰਾਪਤੀ ਕਰ ਕੇ ਆਪਣਾ ਜੀਵਨ ਸਫ਼ਲ ਕਰ ਸਕਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਇਹ ਬਚਨ ਆਪਣੇ ਮੁਖਾਰ ਬਿੰਦ ਤੋਂ ਉਚਾਰਨ ਹੀ ਨਹੀਂ ਕੀਤੇ, ਸਗੋਂ ਆਪ ਵੀ ਇਨ੍ਹਾਂ ਉੱਤੇ ਅਮਲ ਕਰ ਕੇ ਮਹਾਨ ਮਿਸਾਲ ਕਾਇਮ ਕੀਤੀ ਹੈ। ਗੁਰੂ ਸਾਹਿਬ ਦੀ ਜਿਹੜੀ ਆਤਮਿਕ ਅਵਸਥਾ ਗੁਰਗੱਦੀ ਉੱਤੇ ਸੁਭਾਇਮਾਨ, ਸੀਸ ਉੱਤੇ ਸੇਵਕਾਂ ਵੱਲੋਂ ਚੌਰ ਝੁਲਾਉਣ ਤੇ ਸੰਗਤਾਂ ਵੱਲੋਂ ਨਤਮਸਤਕ ਹੋਣ ਸਮੇਂ ਸੀ, ਉਹੋ ਅਵਸਥਾ ਦਿੱਲੀ ਦੇ ਚਾਂਦਨੀ ਚੌਕ ਵਿੱਚ ਲੋਹੇ ਦੇ ਪਿੰਜਰੇ ਵਿੱਚ ਨਜ਼ਰਬੰਦ ਭਾਈ ਮਤੀ ਦਾਸ, ਸਤੀ ਦਾਸ ਤੇ ਭਾਈ ਦਿਆਲਾ ਜੀ ਵਰਗੇ ਸਿੱਖ ਸੇਵਕਾਂ ਦੀਆਂ ਸ਼ਹਾਦਤਾਂ ਤੇ ਆਪਣੀ ਅਜ਼ੀਮ ਸ਼ਹਾਦਤ ਸਮੇਂ ਉਨ੍ਹਾਂ ਦੀ ਆਤਮਿਕ ਅਡੋਲਤਾ, ਦੁੱਖ-ਸੁੱਖ ਵਿੱਚ ਸਮਾਨ ਰਹਿ ਕੇ ਪ੍ਰਭੂ ਚਰਨਾਂ ਨਾਲ ਜੁੜੇ ਰਹਿਣ ਤੇ ਨਿਰਭੈ ਅਵਸਥਾ ਵਿੱਚ ਵਿਚਰਨ ਵੇਲੇ ਵੀ ਸੀ। ਸੰਸਾਰ ਵਿੱਚ ਅਜਿਹੇ ਆਤਮਿਕ ਬਲ ਦੀ ਮਿਸਾਲ ਮਿਲਣੀ ਮੁਸ਼ਕਲ ਹੈ।

ਗੁਰੂ ਤੇਗ਼ ਬਹਾਦਰ ਸਾਹਿਬ ਫ਼ਰਮਾਉਂਦੇ ਹਨ ਕਿ ਭੁੱਲ ਕੇ ਵੀ ਮਨਮੁਖਾਂ ਦੇ ਨੇੜੇ ਨਹੀਂ ਢੁੱਕਣਾ ਕਿਉਂਕਿ ਜੈਸੀ ਸੰਗਤ, ਵੈਸੀ ਰੰਗਤ। ਇਸ ਲਈ ਉਹ ਸਮਸਤ ਪ੍ਰਾਣੀਆਂ ਨੂੰ ਸਤਿ ਪੁਰਸ਼ਾਂ ਦੀ ਸੰਗਤ ਕਰਨ ਤੇ ਨਿਰਮਾਣਤਾ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੰਦੇ ਹਨ।

ਗੁਰੂ ਸਾਹਿਬ ਉਚੇਰੀ ਆਤਮਿਕ ਅਵਸਥਾ ਦੀ ਸੋਝੀ ਕਰਾਉਂਦਿਆਂ ਫ਼ਰਮਾਨ ਕਰਦੇ ਹਨ ਕਿ ਜੀਵਨ ਵਿੱਚ ਵਿਚਰਦਿਆਂ ਦੁੱਖ ਵੀ ਮਿਲਣਗੇ ਤੇ ਸੁੱਖਾਂ ਦੀ ਬਖ਼ਸ਼ਿਸ਼ ਵੀ ਹੋਵੇਗੀ। ਅਸਲ ਮਨੁੱਖ ਉਹ ਹੈ, ਜਿਹੜਾ ਇਨ੍ਹਾਂ ਦੋਵਾਂ ਅਵਸਥਾਵਾਂ ਵਿੱਚ ਵਿਚਲਿਤ ਨਹੀਂ ਹੁੰਦਾ। ਉਸ ਦੇ ਕਦਮ ਡਗਮਗਾਉਂਦੇ ਨਹੀਂ, ਮਨ ਡੋਲਦਾ ਨਹੀਂ, ਸਗੋਂ ਉਹ ਦੋਵਾਂ ਅਵਸਥਾਵਾਂ ਨੂੰ ਪਰਮੇਸ਼ਰ ਦੀ ਰਜ਼ਾ ਸਮਝਦਿਆਂ ਖਿੜੇ ਮੱਥੇ ਕਬੂਲ ਕਰਦਾ ਹੈ। ਇਸ ਦੇ ਨਾਲ ਨਾਲ ਖ਼ੁਸ਼ੀ ਅਤੇ ਗ਼ਮੀ ਵਿੱਚ ਵੀ ਸਾਬਤ ਕਦਮ ਰਹਿੰਦਿਆਂ, ਭਾਣਾ ਮੰਨਦਾ ਹੈ। ਸੁੱਖ ਵਿੱਚ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਹੈ ਤੇ ਬਿਪਤਾ ਆਉਣ ਦੀ ਸੂਰਤ ਵਿੱਚ ਗੁਰੂ ਪਾਸੋਂ ਆਤਮਿਕ ਸ਼ਕਤੀ ਪ੍ਰਾਪਤ ਕਰਨ ਲਈ ਅਰਦਾਸ ਬੇਨਤੀ ਕਰਦਾ ਹੈ।

**ਸੰਪਰਕ:** 98154-61710

# ਵਿਆਹ ਦੀ ਉਮਰ ਵਧਾਉਣ ਵਾਲੇ ਬਿੱਲ ਦੇ ਮਾਇਨੇ

**ਡਾ. ਸੁਮਨਦੀਪ ਕੌਰ**

ਪਿਛਲੇ ਦਿਨੀਂ ਕੇਂਦਰ ਸਰਕਾਰ ਦੁਆਰਾ ਔਰਤਾਂ ਦੇ ਵਿਆਹ ਦੀ ਉਮਰ ਅਠਾਰਾਂ ਤੋਂ ਇੱਕੀ ਵਰ੍ਹਿਆਂ ਤੱਕ ਵਧਾਉਣ ਦੀ ਤਜਵੀਜ਼, ਬਿੱਲ ਦੇ ਰੂਪ ਵਿਚ ਲੋਕ ਸਭਾ ਵਿਚ ਪੇਸ਼ ਕੀਤੀ ਗਈ। ਕਈ ਪਾਰਲੀਮੈਂਟ ਮੈਂਬਰਾਂ ਵੱਲੋਂ ਇਸ ਦੀ ਵੱਖ ਵੱਖ ਰੂਪਾਂ ਵਿਚ ਮੁਖ਼ਾਲਫ਼ਿਤ ਹੋਣ ਤੋਂ ਬਾਅਦ ਇਸ ਬਿੱਲ ਦੀ ਅਗਲੀ ਕਾਰਵਾਈ ਲਈ ਇਸ ਨੂੰ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਗਿਆ ਹੈ। ਸਰਕਾਰ ਦੇ ਇਸ ਫੈਸਲੇ ਨਾਲ ਔਰਤਾਂ ਅਤੇ ਮਰਦਾਂ, ਦੋਹਾਂ ਲਈ ਹੀ ਵਿਆਹ ਦੀ ਤੈਅ ਉਮਰ ਇੱਕੀ ਵਰ੍ਹੇ ਹੋ ਜਾਵੇਗੀ। ਪਹਿਲੀ ਨਜ਼ਰੇ ਇਹ ਬਿੱਲ ਸਾਕਾਰਤਮਕ ਤਬਦੀਲੀ ਜਾਪਦੀ ਹੈ ਪਰ ਇਸ ਨਾਲ ਸੰਬੰਧਿਤ ਕਈ ਨੁਕਤਾ-ਏ-ਨਿਗਾਹ ਬਾਰੇ ਤਫ਼ਸੀਲ ਨਾਲ ਚਰਚਾ ਕਰਨੀ ਲੋੜੀਂਦੀ ਹੈ। ਔਰਤਾਂ ਦੇ ਵਿਆਹ ਦੀ ਉਮਰ ਵਿਚ ਵਾਧਾ ਕਰਨ ਦਾ ਮੁੱਖ ਤਰਕ ਨਵ-ਜਨਮੇ ਬੱਚਿਆਂ ਤੇ ਮਾਵਾਂ ਦੀ ਮੌਤ ਦਰ ਵਿਚ ਵਾਧਾ ਅਤੇ ਉਨ੍ਹਾਂ ਦੇ ਪੋਸ਼ਣ ਸੰਬੰਧੀ ਦਿੱਤਾ ਗਿਆ ਹੈ। ਕਿਹਾ ਗਿਆ ਹੈ ਕਿ ਅਠਾਰਾਂ ਸਾਲ ਦੀ ਉਮਰ ਤੱਕ ਗਰਭਵਤੀ ਔਰਤ ਜਾਂ ਨਵ-ਜਨਮੇ ਜਾਤਕ ਲਈ ਜਾਨ ਦਾ ਖ਼ਤਰਾ ਵਧੇਰੇ ਹੋ ਸਕਦਾ ਹੈ, ਹਾਲਾਂਕਿ ਗਰਭਪਾਤ ਦੌਰਾਨ ਔਰਤਾਂ ਜਾਂ ਬੱਚੇ ਦੀ ਮੌਤ ਦੇ ਖ਼ਤਰੇ ਦਾ ਇਕੋ-ਇਕ ਕਾਰਨ ਉਮਰ ਨਹੀਂ। ਬੱਚੇ ਨੂੰ ਜਨਮ ਦਿੰਦੇ ਸਮੇਂ ਮਾਂ ਦੀ ਜਾਨ ਜਾਣ ਪਿੱਛੇ ਕਈ ਕਾਰਨ ਹੋ ਸਕਦੇ ਹਨ। ਮਸਲਨ, ਬੱਚੇ ਨੂੰ ਜਨਮ ਦੇਣ ਦੌਰਾਨ ਜ਼ਿਆਦਾ ਖ਼ੂਨ ਦਾ ਵਹਾਅ ਜੋ ਅਨੀਮੀਆ ਤੋਂ ਪੀੜਤ ਮਹਿਲਾਵਾਂ ਵਿਚ ਹੋਣ ਦਾ ਵਧੇਰੇ ਖ਼ਦਸ਼ਾ ਹੁੰਦਾ ਹੈ। ਰਾਸ਼ਟਰੀ ਪਰਿਵਾਰ ਸਿਹਤ ਸਰਵੇ-4 (2015) ਦੀ ਰਿਪੋਰਟ ਅਨੁਸਾਰ, ਗਰਭਵਤੀ ਔਰਤਾਂ ਵਿਚੋਂ ਲਗਭਗ ਪੰਜਾਹ ਫ਼ੀਸਦ ਅਨੀਮੀਆ ਦਾ ਸ਼ਿਕਾਰ ਹੁੰਦੀਆਂ ਹਨ। ਇਸ ਤੋਂ ਇਲਾਵਾ ਜਨਤਕ ਸਿਹਤ ਬੁਨਿਆਦੀ ਢਾਂਚਾ, ਬੇਹੱਦ ਗਰੀਬੀ, ਪ੍ਰੋਟੀਨ ਭਰਪੂਰ ਪੋਸ਼ਕ ਆਹਾਰ ਦੀ ਕਮੀ ਅਤੇ ਭੋਜਨ ਅਸੁਰੱਖਿਆ ਆਦਿ ਅਜਿਹੇ ਕਾਰਨ ਹਨ ਜੋ ਜ਼ੱਚਾ-ਬੱਚਾ ਦੀ ਮੌਤ ਦਰ ਤੇ ਅਸਰਅੰਦਾਜ਼ ਹੁੰਦੇ ਹਨ।

ਕੋਵਿਡ-19 ਮਹਾਮਾਰੀ ਦੌਰਾਨ ਹੇਠਲੇ ਵਰਗ ਲਈ ਭੋਜਨ ਪ੍ਰਾਪਤੀ ਦੇ ਵਸੀਲਿਆਂ ਵਿਚ ਪੈਦਾ ਹੋਈ ਅਸੁਰੱਖਿਆ ਕਾਰਨ ਅਨੀਮੀਆ, ਕੁਪੋਸ਼ਣ ਆਦਿ ਦੇ ਵਧਣ ਦੇ ਖ਼ਦਸ਼ੇ ਵਧੇ ਹਨ। ਲਿਹਾਜ਼ਾ, ਮਹਿਜ਼ ਉਮਰ ਵਧਾਉਣ ਦੀ ਥਾਂ ਸਰਕਾਰ ਅਨੀਮੀਆ ਤੇ ਕੁਪੋਸ਼ਣ ਦੀ ਰੋਕਥਾਮ, ਯਕੀਨੀ ਭੋਜਨ ਸੁਰੱਖਿਆ, ਗਰਭਵਤੀ ਔਰਤਾਂ ਲਈ ਵਿਸ਼ੇਸ਼ ਆਹਾਰ ਮੁਹੱਈਆ ਕਰਵਾਉਣ ਵੱਲ ਸਾਰਥਿਕ ਕਦਮ ਉਠਾ ਸਕਦੀ ਸੀ।

ਮੁਲਕ ਵਿਚ ਬਾਲ ਵਿਆਹ ਗ਼ੈਰ-ਕਾਨੂੰਨੀ ਹੈ ਲੇਕਿਨ ਬਹੁਤ ਸਾਰੇ ਪੇਂਡੂ ਜਾਂ ਗਰੀਬ ਸ਼ਹਿਰੀ ਪਰਿਵਾਰ ਲੜਕੀ ਦਾ ਵਿਆਹ ਤੈਅ ਕੀਤੀ ਉਮਰ ਤੋਂ ਪਹਿਲਾਂ ਕਰਨ ਨੂੰ ਹੀ ਸਹਿਜ ਅਤੇ ਸਹੀ ਮੰਨਦੇ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇ-5 ਦੀ ਇਕ ਰਿਪੋਰਟ ਅਨੁਸਾਰ, 2015-16 ਵਿਚ ਬਾਲ ਵਿਆਹ ਦਰ 27 ਫ਼ੀਸਦ ਅਤੇ 2019-20 ਵਿਚ ਇਹ ਦਰ 23 ਫ਼ੀਸਦ ਦਰਜ ਹੋਈ। ਅਠਾਰਾਂ ਸਾਲ ਦੀ ਤੈਅ ਉਮਰ ਤੱਕ ਜਦੋਂ ਬਾਲ ਵਿਆਹ ਦੀ ਫ਼ੀਸਦ 23 ਸੀ, ਤਾਂ ਸੁਭਾਵਿਕ ਹੈ ਕਿ ਅਠਾਰਾਂ ਤੋਂ ਵਧਾ ਕੇ ਇੱਕੀ ਵਰ੍ਹੇ ਉਮਰ ਮਿਥਣ ਨਾਲ ਇਸ ਫ਼ੀਸਦ ਵਿਚ ਹੋਰ ਇਜ਼ਾਫ਼ਾ ਹੋਵੇਗਾ। ਉਦਾਹਰਨ ਵਜੋਂ, ਜਦੋਂ ਵਿਆਹ ਦੀ ਉਮਰ ਵਧਾਉਣ ਸੰਬੰਧੀ ਬਿੱਲ ਦਾ ਅਜੇ ਐਲਾਨ ਹੀ ਹੋਇਆ ਸੀ, ਹਰਿਆਣਾ ਦੇ ਮੇਵਾਤ ਖਿੱਤੇ ਵਿਚ 18-19 ਦਸੰਬਰ 2021 ਨੂੰ ਅਠਾਰਾਂ ਤੋਂ ਵੀਹ ਵਰ੍ਹਿਆਂ ਦੀ ਉਮਰ ਦੇ ਤਕਰੀਬਨ 450 ਜੋੜਿਆਂ ਦੇ ਵਿਆਹ ਹੋਏ ਜੋ ਆਮ ਨਾਲੋਂ ਜ਼ਿਆਦਾ ਸੀ। ਸੋ, ਬਾਲ ਵਿਆਹ ਦੀ ਫ਼ੀਸਦ ਘਟਾਉਣ ਲਈ ਵਿਆਹ ਦੀ ਉਮਰ ਵਧਾਉਣਾ ਕਿਸੇ ਵੀ ਪਾਸੇ ਤੋਂ ਸਾਰਥਿਕ ਕਦਮ ਨਹੀਂ ਜਾਪਦਾ ਬਲਕਿ ਇਸ ਲਈ ਬਹੁ-ਪੱਖੀ ਨਜ਼ਰੀਆ ਅਪਣਾਉਣ ਦੀ ਲੋੜ ਹੈ ਜਿਸ ਵਿਚ ਗੁੰਝਲਦਾਰ ਸਮਾਜਿਕ, ਆਰਥਿਕ, ਲਿੰਗਕ ਅਤੇ ਖੇਤਰੀ ਪੱਖਾਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ।

ਵਿਆਹ ਦੀ ਉਮਰ ਦੇ ਵਾਧੇ ਨੂੰ ਔਰਤਾਂ ਦੇ ਨਿੱਜੀ ਸੰਬੰਧਾਂ ਉੱਤੇ ਰਿਆਸਤ ਅਤੇ ਪਰਿਵਾਰ ਦੇ ਪੈਤ੍ਰਿਕ ਕੰਟਰੋਲ ਦੇ ਰੂਪ ਵਿਚ ਵੀ ਦੇਖਿਆ ਜਾ ਸਕਦਾ ਹੈ। ਜਿਸ ਤਰ੍ਹਾਂ ਲਵ-ਜਹਾਦ ਦੇ ਕੇਸਾਂ ਵਿਚ ਸਾਹਮਣੇ ਆਇਆ ਹੈ, ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਪਹਿਲਕਦਮੀ ਲੜਕੀਆਂ ਨੂੰ ਉਨ੍ਹਾਂ ਦੇ ਪ੍ਰਜਣਨ ਸੰਬੰਧੀ ਅਧਿਕਾਰਾਂ ਤੋਂ ਵਾਂਝੇ ਰੱਖਣ ਅਤੇ ਆਪਣੀ ਚੋਣ ਮੁਤਾਬਕ ਸਾਥੀ ਚੁਣਨ ਦੀ ਆਜ਼ਾਦੀ ਕੁਚਲਣ ਦੀ ਸੋਚੀ ਸਮਝੀ ਕੋਸ਼ਿਸ਼ ਵੀ ਹੋ ਸਕਦੀ ਹੈ। ਨਤੀਜੇ ਵਜੋਂ ਇਸ ਨਾਲ ਅੰਤਰ-ਜਾਤੀ ਜਾਂ ਅੰਤਰ-ਧਰਮ ਵਿਆਹ ਕਰਵਾਉਣਾ ਹੋਰ ਵੀ ਮੁਸ਼ਕਿਲ ਹੋ ਜਾਵੇਗਾ। ਮਸਲਨ, ਬਿਲ ਦੇ ਐਲਾਨ ਤੋਂ ਬਾਅਦ ਹਰਿਆਣਾ ਦੇ ਨੂਹ ਜ਼ਿਲ੍ਹੇ ਵਿਚ ਹਫਤੇ ਦੇ ਅਖੀਰ ਵਿਚ ਅਦਾਲਤ ਵਿਚ ਅੰਤਰ-ਜਾਤੀ ਵਿਆਹ ਕਰਵਾਉਣ ਵਾਲੇ ਜੋੜਿਆਂ ਦੀ ਗਿਣਤੀ ਵਿਚ ਚਾਰ ਗੁਣਾ ਵਾਧਾ ਦਰਜ ਕੀਤਾ ਗਿਆ। ਜੇਕਰ ਕੋਈ ਨੌਜਵਾਨ ਲੜਕੀ ਇੱਕੀ ਵਰ੍ਹਿਆਂ ਤੋਂ ਪਹਿਲਾਂ ਅੰਤਰ-ਜਾਤੀ ਜਾਂ ਅੰਤਰ-ਧਰਮ ਵਿਆਹ ਕਰਵਾਉਣ ਦਾ ਚੇਤੰਨ ਫੈਸਲਾ ਕਰਦੀ ਹੈ ਅਤੇ ਅਜਿਹੀ ਹਾਲਤ ਵਿਚ ਉਸ ਦਾ ਪਰਿਵਾਰ ਜਾਂ ਸਮਾਜ ਉਸ ਦੇ ਇਸ ਫੈਸਲੇ ਦੀ ਮੁਖ਼ਾਲਫ਼ਿਤ ਕਰਦਾ ਹੈ ਤਾਂ ਉਸ ਲਈ ਇਸ ਕਾਨੂੰਨ ਕਰਕੇ ਇਹ ਲੜਾਈ ਲੜਨੀ ਹੋਰ ਵੀ ਮੁਸ਼ਕਿਲ ਹੋ ਜਾਵੇਗੀ। ਸਵਾਲ ਹੈ ਕਿ ਜੇ ਵਿਆਹ ਦਾ ਫੈਸਲਾ ਬਾਲਗ ਲੜਕੀ ਅਤੇ ਲੜਕੇ ਦੀ ਆਪਸੀ ਸਹਿਮਤੀ ਉੱਪਰ ਆਧਾਰਿਤ ਹੈ ਤਾਂ ਉਨ੍ਹਾਂ ਨੂੰ ਇਸ ਅਧਿਕਾਰ ਤੋਂ ਹੋਰ ਤਿੰਨ ਸਾਲ ਵਾਂਝੇ ਰੱਖਿਆ ਜਾਣਾ ਜਾਇਜ਼ ਹੈ?

ਵਿਆਹ ਦੀ ਉਮਰ ਦੇ ਨਾਲ ਨਾਲ ਸਹਿਮਤੀ ਦੀ ਉਮਰ (ਏਜ ਆਫ ਕੰਸੈਂਟ) ਵੀ ਇਸ ਬਿੱਲ ਨਾਲ ਸੰਬੰਧਿਤ ਅਹਿਮ ਨੁਕਤਾ ਹੈ। ਜਿ:ਆਦਾਤਰ ਮੁਲਕਾਂ ਵਿਚ ਸਹਿਮਤੀ ਦੀ ਉਮਰ 11 ਤੋਂ 21 ਵਰ੍ਹਿਆਂ ਤੱਕ ਹੈ; ਜਿਵੇਂ, ਬਹਿਰੀਨ ਤੇ ਦੱਖਣੀ ਕੋਰੀਆ ਵਿਚ ਔਰਤਾਂ ਲਈ ਸਹਿਮਤੀ ਦੀ ਉਮਰ ਕ੍ਰਮਵਾਰ ਇੱਕੀ ਤੇ ਵੀਹ ਸਾਲ ਹੈ। ਇਸ ਦੇ ਉਲਟ ਜਿਨ੍ਹਾਂ ਮੁਲਕਾਂ ਵਿਚ ਸਹਿਮਤੀ ਦੀ ਉਮਰ ਲਈ ਕੋਈ ਕਾਨੂੰਨ ਨਹੀਂ, ਉੱਥੇ ਨੌਜਵਾਨ ਲੜਕੀਆਂ-ਲੜਕਿਆਂ ਲਈ ਵਿਆਹ ਤੋਂ ਪਹਿਲਾਂ ਜਿਨਸੀ ਸੰਬੰਧਾਂ ਬਾਰੇ ਮੁਸ਼ਕਿਲਾਂ ਖੜ੍ਹੀਆਂ ਹੋ ਜਾਂਦੀਆਂ ਹਨ ਕਿਉਂਕਿ ਅਜਿਹੇ ਮੁਲਕਾਂ ਵਿਚ ਲੜਕੀਆਂ ਦੁਆਰਾ ਵਿਆਹ ਤੋਂ ਪਹਿਲਾਂ ਜਿਨਸੀ ਸੰਬੰਧ ਬਣਾਉਣ ਦੀ ਸਮਾਜ ਵਲੋਂ ਮੁਖ਼ਾਲਫ਼ਿਤ ਕੀਤੀ ਜਾਂਦੀ ਹੈ। ਅਸੀਂ ਵੀ ਅਜਿਹੇ ਮੁਲਕ ਵਿਚ ਰਹਿ ਰਹੇ ਹਾਂ ਜਿਸ ਵਿਚ ਜ਼ਿਆਦਾਤਰ ਸਮਾਜਿਕ ਕਦਰਾਂ-ਕੀਮਤਾਂ ਪਿਛਾਂਹ-ਖਿੱਚੂ ਹਨ। ਇੱਥੇ ਵਿਆਹ ਤੋਂ ਪਹਿਲਾਂ ਕਿਸੇ ਲੜਕੀ ਲਈ ਜਿਨਸੀ ਸੰਬੰਧ ਬਣਾਉਣਾ ਸਮਾਜ ਵੱਲੋਂ ਪ੍ਰਵਾਨਿਤ ਨਹੀਂ। ਵਿਆਹ ਦੀ ਉਮਰ ਵਿਚ ਵਾਧਾ ਕਰਨਾ ਨੌਜਵਾਨਾਂ ਦੇ ਜਿਨਸੀ ਸੰਬੰਧਾਂ ਨੂੰ ਵੀ ਪ੍ਰਭਾਵਿਤ ਕਰੇਗਾ ਕਿਉਂਕਿ ਇਸ ਨਾਲ ਉਨ੍ਹਾਂ ਦੀ ਲਿੰਗਕਤਾ, ਖ਼ਾਸ ਕਰਕੇ ਲੜਕੀਆਂ, ਉੱਪਰ ਸਮਾਜ ਅਤੇ ਮਾਪਿਆਂ ਦੇ ਕੰਟਰੋਲ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ। ਇੱਕ ਪਾਸੇ ਅਦਾਲਤ ਵੱਲੋਂ ਲਿਵ-ਇਨ-ਰਿਲੇਸ਼ਨਸ਼ਿਪ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ; ਦੂਜੇ ਪਾਸੇ, ਕੀ ਹੁਣ ਵਿਆਹ ਦੀ ਉਮਰ ਦੇ ਨਾਲ ਨਾਲ ਸਹਿਮਤੀ ਦੀ ਉਮਰ ਵੀ ਅਠਾਰਾਂ ਸਾਲ ਹੀ ਰਹੇਗੀ, ਜਾਂ ਇਹ ਵੀ ਇੱਕੀ ਸਾਲ ਹੋ ਜਾਵੇਗੀ, ਇਸ ਬਾਰੇ ਸਭ ਅਸਪੱਸ਼ਟ ਹੈ।

ਸਿੱਖਿਆ ਅਤੇ ਦੇਰੀ ਨਾਲ ਵਿਆਹ ਸਿੱਧੇ ਰੂਪ ਚ ਆਪਸ ਵਿਚ ਜੁੜੇ ਹੋਏ ਹਨ। ਅੰਕੜੇ ਦਿਖਾਉਂਦੇ ਹਨ ਕਿ ਜੋ ਲੜਕੀਆਂ ਬਾਰ੍ਹਵੀਂ ਜਾਂ ਇਸ ਤੋਂ ਉਚੇਰੀ ਸਿੱਖਿਆ ਪ੍ਰਾਪਤ ਕਰਦੀਆਂ ਹਨ, ਉਹ ਦੂਜੀਆਂ ਲੜਕੀਆਂ ਦੇ ਮੁਕਾਬਲੇ ਦੇਰੀ ਨਾਲ ਵਿਆਹ ਕਰਵਾਉਂਦੀਆਂ ਹਨ। ਲੜਕੀਆਂ ਦੇ ਪੜ੍ਹਨ ਅਤੇ ਇਸ ਤੋਂ ਬਾਅਦ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਤਾਂ ਹੀ ਮਜ਼ਬੂਤ ਹੋ ਸਕਦੇ ਹਨ, ਜੇ ਉਨ੍ਹਾਂ ਦੇ ਨੇੜੇ ਸਕੂਲ, ਕਾਲਜ, ਉਚੇਰੀ ਸਿੱਖਿਆ ਲਈ ਯੂਨੀਵਰਸਿਟੀਆਂ, ਕਫ਼ਾਇਤੀ ਪੱਧਰ ਤੇ ਹੋਸਟਲ ਅਤੇ ਉਨ੍ਹਾਂ ਲਈ ਆਵਾਜਾਈ ਦੇ ਉਚਿਚੇ ਸਾਧਨ ਮੌਜੂਦ ਹੋਣ। ਸਿੱਖਿਆ ਤੋਂ ਬਾਅਦ ਲੜਕੀਆਂ ਲਈ ਰੁਜ਼ਗਾਰ ਦੀ ਗਾਰੰਟੀ ਮੁਹੱਈਆ ਹੁੰਦੀ ਹੈ ਜਾਂ ਨਹੀਂ। ਜਿੰਨੀ ਦੇਰ ਤੱਕ ਔਰਤਾਂ ਦੀ ਸਿੱਖਿਆ ਅਤੇ ਰੋਜ਼ਗਾਰ ਦੀ ਦਿਸ਼ਾ ਵਿਚ ਠੋਸ ਕਦਮ ਨਹੀਂ ਚੁੱਕੇ ਜਾਂਦੇ, ਮੁਲਕ ਵਿਚ ਲਿੰਗਕ ਬਰਾਬਰੀ ਭਰਮ ਹੀ ਰਹੇਗਾ। ਸਮਾਜ ਵਿਚ ਬਹੁਤ ਸਾਰੀਆਂ ਲੜਕੀਆਂ ਆਪਣੇ ਸੁਪਨੇ ਸਾਕਾਰ ਕਰਨ ਲਈ ਸਮਾਜਿਕ ਅਤੇ ਸੱਭਿਆਚਾਰਕ ਬੰਧਨ ਤੋੜ ਰਹੀਆਂ ਹਨ ਪਰ ਇਸ ਮੁਲਕ ਵਿਚ ਬਰਾਬਰ ਮੌਕੇ ਸਾਰੀਆਂ ਲੜਕੀਆਂ ਨੂੰ ਨਹੀਂ ਮਿਲਦੇ, ਉਨ੍ਹਾਂ ਨੂੰ ਮਰਦ-ਪ੍ਰਧਾਨਗੀ ਵਾਲੇ ਨਾ-ਬਰਾਬਰ ਸਮਾਜ ਵਿਚ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਲੜਕਾ ਜੰਮਣ ਨੂੰ ਤਰਜ਼ੀਹ ਦੇਣ ਕਰਕੇ ਲੜਕੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ ਜਿਸ ਦਾ ਨਤੀਜਾ ਕੁਪੋਸ਼ਣ ਅਤੇ ਉਨ੍ਹਾਂ ਦੇ ਕਮਜ਼ੋਰ ਵਿਕਾਸ ਦੇ ਰੂਪ ਵਿਚ ਨਿਕਲਦਾ ਹੈ। ਸੱਭਿਆਚਾਰਕ ਅਤੇ ਸਮਾਜਿਕ ਬੰਧਨ ਉਨ੍ਹਾਂ ਲਈ ਆਪਣੀ ਚੋਣ ਕਰਨ ਦੇ ਰਾਹ ਵਿਚ ਵੀ ਅੜਿਕਾ ਬਣਦੇ ਹਨ। ਸਾਧਾਰਨ ਤੌਰ ਤੇ ਪਰਿਵਾਰ ਵਿਚ ਲੜਕੀ ਲਈ 'ਠੀਕ' ਰਿਸ਼ਤਾ ਲੱਭਣ ਨੂੰ ਹੀ ਮੁੱਖ ਮਕਸਦ ਅਤੇ ਪ੍ਰਾਪਤੀ ਮੰਨ ਲਿਆ ਜਾਂਦਾ ਹੈ ਜਿਵੇਂ ਉਸ ਦਾ ਜਨਮ ਮਹਿਜ਼ ਵਿਆਹ ਕਰਵਾਉਣ ਲਈ ਹੀ ਹੋਇਆ ਹੋਵੇ। ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਲੜਕੀਆਂ ਲਈ ਅਜਿਹੇ ਮੌਕੇ ਅਤੇ ਸਮਾਜਿਕ ਮਾਹੌਲ ਸਿਰਜਿਆ ਜਾਵੇ ਕਿ ਉਹ ਕਿਸ ਨਾਲ, ਕਦੋਂ ਵਿਆਹ ਕਰਵਾਉਣਾ ਚਾਹੁੰਦੀਆਂ ਹਨ ਜਾਂ ਨਹੀਂ ਕਰਵਾਉਣਾ ਚਾਹੁੰਦੀਆਂ ਹਨ, ਇਸ ਦਾ ਫੈਸਲਾ ਉਹ ਆਪਣੀ ਸਮਝ ਦੇ ਆਧਾਰ ਤੇ ਕਰ ਸਕਣ। ਜਯਾ ਜੇਤਲੀ ਦੀ ਇਸ ਫੈਸਲੇ ਬਾਰੇ ਟਿੱਪਣੀ ਬਹੁਤ ਸਾਧਾਰਨ ਅਤੇ ਗੁਮਰਾਹਕੁੰਨ ਹੈ। ਉਸ ਦਾ ਕਹਿਣਾ ਹੈ ਕਿ ਟਾਸਕ ਫੋਰਸ ਦੁਆਰਾ ਲੜਕੀਆਂ ਦੇ ਵਿਆਹ ਦੀ ਉਮਰ ਵਧਾਉਣ ਸੰਬੰਧੀ ਕੀਤੇ ਫੈਸਲੇ ਨੂੰ ਸੋਲਾਂ ਯੂਨੀਵਰਸਿਟੀਆਂ ਦੇ ਸਾਰੇ ਧਰਮਾਂ ਨਾਲ ਸੰਬੰਧਿਤ ਅਤੇ ਪਿਛੜੇ ਵਿਦਿਆਰਥੀਆਂ ਦੇ ਨਾਲ ਨਾਲ ਪੰਦਰਾਂ ਗੈਰ-ਸਰਕਾਰੀ ਸੰਸਥਾਵਾਂ ਦਾ ਭਾਰੀ ਸਮਰਥਨ ਹਾਸਿਲ ਹੋਇਆ ਹੈ। ਭਾਰਤ ਜਿਹੇ ਬਹੁ-ਸੱਭਿਆਚਾਰਕ ਗਣਤੰਤਰੀ ਰਾਜ ਵਿਚ ਉਪਰੋਕਤ ਸਰਵੇ ਦੀਆਂ ਕਈ ਸੀਮਾਵਾਂ ਹਨ। ਸੌਲਾਂ ਯੂਨੀਵਰਸਿਟੀਆਂ ਅਤੇ ਪੰਦਰਾਂ ਵਿਸ਼ੇਸ਼ ਅਧਿਕਾਰ ਪ੍ਰਾਪਤ ਗੈਰ-ਸਰਕਾਰੀ ਸੰਸਥਾਵਾਂ ਵਿਭਿੰਨ ਵਰਗਾਂ ਦੀਆਂ ਪ੍ਰਤੀਨਿਧ ਨਹੀਂ ਹੋ ਸਕਦੀਆਂ। ਯੂਨੀਵਰਸਿਟੀ ਦੇ ਵਿਦਿਆਰਥੀ ਆਪਣੇ ਹਾਲਾਤ ਕਰਕੇ ਚੋਣਵੇਂ ਵਰਗ ਵਿਚ ਸ਼ਾਮਿਲ ਹੋ ਜਾਂਦੇ ਹਨ, ਇਸ ਕਰਕੇ ਵਿਆਹ ਦੀ ਆਦਰਸ਼ਕ ਉਮਰ ਨਿਸ਼ਚਿਤ ਕਰਨ ਲਈ ਕਿਸੇ ਚੋਣਵੇਂ ਵਰਗ ਦੇ ਵਿਚਾਰਾਂ ਉੱਪਰ ਨਿਰਭਰ ਕਰਨਾ ਨੌਜਵਾਨ ਔਰਤਾਂ ਦੇ ਆਪਣੀ ਜ਼ਿੰਦਗੀ ਸੰਬੰਧੀ ਚੇਤੰਨ ਫੈਸਲਾ ਕਰਨ ਦੇ ਅਧਿਕਾਰ ਨੂੰ ਅੱਖੋਂ ਪਰੋਖੇ ਕਰਨਾ ਹੈ। ਕਾਬਿਲੇ-ਏ-ਗੌਰ ਹੈ ਕਿ ਜਿਨ੍ਹਾਂ ਗੈਰ-ਸਰਕਾਰੀ ਸੰਸਥਾਵਾਂ ਨੇ 2020 ਵਿਚ ਇਸ ਫੈਸਲੇ ਸੰਬੰਧੀ ਆਪਣਾ ਵਿਰੋਧ ਦਰਜ ਕਰਵਾਇਆ, ਉਨ੍ਹਾਂ ਦੀਆਂ ਅਵਾਜ਼ਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ। ਕਾਨੂੰਨੀ ਸੁਧਾਰ ਜ਼ਰੂਰੀ ਹੋ ਸਕਦੇ ਹਨ ਪਰ ਇਹ ਧਿਆਨ ਰੱਖਣਾ ਲਾਜ਼ਮੀ ਹੈ ਕਿ ਇਹ ਅਜਿਹੇ ਰਵੱਈਏ ਨੂੰ ਹੱਲਾਸ਼ੇਰੀ ਨਾ ਦੇਣ ਜਿਸ ਵਿਚ ਔਰਤਾਂ ਨੂੰ ਮਹਿਜ਼ ਉਦਾਸੀਨ ਪ੍ਰਾਪਤਕਰਤਾ ਹੀ ਮੰਨ ਲਿਆ ਜਾਵੇ ਅਤੇ ਉਨ੍ਹਾਂ ਦੇ ਹਿੱਤ ਨੂੰ ਸਿਰਫ ਵਿਆਹ ਨਾਲ ਜੋੜ ਕੇ ਜਾਂ ਮਾਂ ਦੇ ਰੂਪ ਵਿਚ ਹੀ ਦੇਖਿਆ ਜਾਵੇ। ਸਮੇਂ ਦੇ ਨਾਲ ਨਾਲ ਔਰਤਾਂ ਦੁਆਰਾ ਨਵੇਂ ਖੇਤਰਾਂ ਵਿਚ ਕੰਮ ਕਰਨ ਦੀਆਂ ਖਵਾਹਿਸ਼ਾਂ ਸਾਹਮਣੇ ਅਨੇਕਾਂ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਕਾਨੂੰਨੀ ਮੁਸ਼ਕਿਲਾਂ ਹਨ। ਸਰਕਾਰਾਂ ਨੂੰ ਉਨ੍ਹਾਂ ਲਈ ਜ਼ਿਆਦਾ ਮੌਕੇ ਮੁਹੱਈਆ ਕਰਨ ਦਾ ਰਾਹ ਮੋਕਲਾ ਕਰਨਾ ਚਾਹੀਦਾ ਹੈ। ਸਹੀ ਮਾਇਨਿਆਂ ਵਿਚ ਔਰਤਾਂ ਦੇ ਸ਼ਕਤੀਕਰਨ ਅਤੇ ਪ੍ਰਜਣਨ ਦੇ ਅਧਿਕਾਰ ਦੇ ਸਨਮਾਨ ਲਈ ਨਿਆਂਸੰਗਕਿਤਾ ਦੇ ਸੁਆਲ ਨੂੰ ਵੀ ਮੁਖ਼ਾਤਿਬ ਹੋਣਾ ਚਾਹੀਦਾ ਹੈ ਜਿਸ ਵਿਚ ਹਰ ਵਰਗ ਦੀਆਂ ਔਰਤਾਂ ਨੂੰ ਸਿੱਖਿਆ ਅਤੇ ਨੌਕਰੀਆਂ ਦੇਣ, ਕਰੀਅਰ ਕੌਂਸਲਿੰਗ, ਜਨਤਕ ਥਾਵਾਂ ਉੱਪਰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਮਾਪਿਆਂ ਤੇ ਸਮਾਜ ਦੀਆਂ ਵਿਆਹ ਸੰਬੰਧੀ ਰੂੜੀਵਾਦੀ ਧਾਰਨਾਵਾਂ ਬਦਲਣ ਦੀ ਦਿਸ਼ਾ ਵਿਚ ਕੰਮ ਕਰਨਾ ਸ਼ਾਮਿਲ ਹੈ। ਇਸ ਨਾਲ ਔਰਤਾਂ ਦੇ ਵਿਆਹ ਦੀ ਉਮਰ ਕਾਨੂੰਨੀ ਰੂਪ ਵਿਚ ਵਧਾਉਣ ਦੀ ਲੋੜ ਨਹੀਂ ਪਵੇਗੀ।


JHH TRANSPORT PRESENTS
JHH TRANSPORT
THE FOLK TURBANATORS
Welcome 2022 & Poster Launch Event. On 8th January 2022, 5:30 pm
at Rajveer Banquet Hall, Calgary. Tickets $45 (Dinner included).
For tickets and sponsorship contact:
Gursharan Jassar 306-203-9805 & S.Timmy 403-992-8192


A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco
Paper
Flashing
Wiring
Free Estimate
BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com


Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਤੀ ਮਿਠਾਈ
ਵਿਆਹ ਦੀ ਭਾਜੀ

# ਬਹਾਰ ਨਾਲੋਂ ਵੀ ਖ਼ੂਬਸੂਰਤ ਏ ਕਨੇਡਾ ਵਿਚ ਪੱਤਝੜ ਦਾ ਮੌਸਮ



ਬਲਵਿੰਦਰ 'ਬਾਲਮ'
ਐਡਮਿੰਟਨ: 780-807-6007

ਬਹਾਰ ਨਾਲੋਂ ਵੀ ਪਰਪੱਕ ਖ਼ੂਬਸੂਰਤ ਹੈ ਕਨੇਡਾ ਵਿਚ ਪਤਝੜ ਦਾ ਰੁਮਾਂਚਿਕ ਮੌਸਮ। ਪਿਛਲੇ ਦਿਨੀਂ ਐਡਮਿੰਟਨ ਤੋਂ ਕਈ-ਕਈ ਸੌ ਮੀਲ ਦੂਰ ਘੁੰਮਣ ਫਿਰਨ ਦਾ ਮੌਕਾ ਮਿਲਿਆ। ਇੱਥੇ ਪਤਝੜ ਸਿਤੰਬਰ ਮਹੀਨੇ ਦੇ ਦੂਸਰੇ ਹਫ਼ਤੇ ਤੋਂ ਵੱਖ-ਵੱਖ ਰੰਗਾਂ ਦੀ ਸਿਰਜਨਾਤਮਿਕ ਵਿਖਾਇਆ ਦਾ ਢੋਲ ਵਜਾਅ ਦਿੰਦੀ ਹੈ।

ਕਨੇਡਾ ਦੇ ਲੈਂਡ ਸਕੇਪਿੰਗਦੇ ਮਾਹਿਰ ਵਿਗਿਆਨੀਆਂ ਨੇ ਕਈ ਪ੍ਰਕਾਰ ਦੀਆਂ ਜਾਤੀਆਂ, ਸਵਰੂਪਾਂ, ਅਕਾਰਾਂ, ਪ੍ਰਕਾਰਾਂ ਦੇ ਰੁੱਖਾਂ ਨੂੰ ਇਸ ਵਿਉਂਤਬੰਦੀ ਨਾਲ ਸੜਕਾਂ, ਝੀਲਾਂ, ਨਹਿਰਾਂ, ਚੌਂਕਾਂ, ਜੰਗਲਾਂ ਦੁਆਲੇ, ਪਰਬਤਾਂ ਵਿਚ ਲਗਾਇਆ ਹੈ ਕਿ ਰੁੱਖਾਂ ਦੀ ਤਰਤੀਬ, ਤਾਮੀਰ, ਤਾਸੀਰ, ਦਿਸ਼ਾ, ਉਚੀ-ਨੀਵੀਂ ਤਕਸੀਮ ਸ਼ੈਲੀ ਨੂੰ ਇਸ ਖ਼ੂਬਸੂਰਤ ਪ੍ਰਯੋਗਮਈ ਖੋਜਮਈ ਢੰਗ ਨਾਲ ਸ਼ਿਲਪਗਤ ਕੀਤਾ ਹੈ ਕਿ ਅੱਖਾਂ ਜਦ ਇਨ੍ਹਾਂ ਸੁੰਦਰ ਰੰਗ-ਬਿਰੰਗੇ ਰੁੱਖਾਂ ਨੂੰ ਅਪਣਾਉਂਦੀਆਂ ਹੋਈਆਂ, ਦਿਲ, ਦਿਮਾਗ਼, ਰੂਹ ਵਿਚ ਪ੍ਰਵੇਸ਼ ਕਰਦੀਆਂ ਹਨ ਤਾਂ ਰੰਗਾਂ ਦੀ ਨਵੀਨ ਵਿਰਾਸਤ, ਰੰਗਾਂ ਦਾ ਸਭਿਆਚਾਰ ਸ਼ੋਖ਼ੀਆਂ ਵਿਚ ਤਬਦੀਲ ਹੋ ਕੇ ਸਵਰਣਯੁਗ ਵਿਚ ਆ ਜਾਂਦਾ ਹੈ।

ਐਡਮਿੰਟਨ ਤੋਂ ਲੈ ਕੇ ਵੈਨਕੂਵਰ ਤੱਕ ਬਾਈ ਰੋਡ ਜਾਂਦਿਆਂ ਰੁੱਖਾਂ 'ਤੇ ਰੰਗੀਲੀ, ਫ਼ਬੀਲੀ, ਨਸ਼ੀਲੀ ਅਹਿਮੀਅਤ ਵੇਖ ਕੇ ਰੂਹ ਆਨੰਦਿਤ ਹੋ ਜਾਂਦੀ ਹੈ। ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੁਦਰਤ ਨੇ ਸਾਰੀ ਸੁੰਦਰਤਾ ਪਤਝੜ ਵਿਚ ਵਿਭਾਜਨ ਕਰ ਦਿੱਤੀ ਹੋਵੇ। ਜਿਸ ਤਰ੍ਹਾਂ ਕੁਦਰਤੀ ਮੁਸਵਿੱਚ ਨੇ ਅਮੂਰਤ ਬਿੰਬਾਂ ਦਾ ਵਿਆਪਕ ਯਥਾਰਥ ਚਿੱਤਰਣ ਕੀਤਾ ਹੋਵੇ।

ਜਿੱਥੇ ਬਹਾਰਾਂ ਦੇ ਮੌਸਮ ਵਿਚ ਵੱਖ-ਵੱਖ ਦਿਲਕਸ਼-ਦਿਮਾਗ਼ਕਸ਼ ਖ਼ੁਸ਼ਬੂਆਂ ਦਾ ਸੰਤੋਸ਼ਜਨਕ ਆਨੰਦ ਉਥੇ ਪਤਝੜ ਵਿਚ ਬਹਾਰਾਂ ਨਾਲੋਂ ਕਿਤੇ ਜ਼ਿਆਦਾ ਰੰਗਾਂ ਦੀ ਸੁੰਦਰ ਨਿਰਾਲੇਪਨ ਵਿਚ ਇਕ ਫਿੱਕੀ-ਫਿੱਕੀ ਅਜੀਬ ਜਿਹੀ ਬੀਅਰ ਦੇ ਸਵਾਦ ਵਰਗੀ ਸੁਗੰਧ ਫੈਲਦੀ ਹੋਈ ਸਾਰੇ ਜਿਸਮ ਵਿਚ ਇਕ ਸਕੂਨ ਉਤਪੰਨ ਕਰ ਦਿੰਦੀ ਹੈ।

ਤੜਕ ਸਵੇਰ ਦੀ ਪਤਝੜ ਦਾ ਮੌਸਮ ਠੰਢਾ ਅਲਬੇਲਾ, ਮਰਮਸਪਰਸ਼ੀ ਅਨੁਭਵ ਨੂੰ ਮੰਥਨ ਕਰਕੇ ਕਈ ਹਿਲੋਰਾ ਆਤਮਸਾਤ ਕਰਦਾ ਹੈ।

ਜਦ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੇ ਪੱਤਿਆਂ ਉਪੱਰ ਸੂਰਜ ਦੀਆਂ ਉਜਵਲ ਕੋਸੀਆਂ-ਕੋਸੀਆਂ ਕਿਰਨਾਂ ਆਪਣੇ ਗੁਨਗੁਨੇ ਚੁੰਮਣ ਧਰਦੀਆਂ ਹਨ ਤਾਂ ਰੰਗੀਨ ਪੱਤਿਆਂ ਉਪੱਰ ਪਈਆਂ ਸ਼ਬਨਮ ਦੀਆਂ ਬੂੰਦਾਂ ਆਲਿੰਗਨਤਾ ਵਿਚ ਓਤ-ਪੋਤ ਹੋ ਕੇ ਮੌਸਮ ਤੋਂ ਸਭ ਕੁਝ ਨੌਛਾਵਰ ਕਰ ਦਿੰਦੀਆਂ ਹਨ। ਕੂਲੇਪਣ ਦਾ ਅਹਿਸਾਸ ਅੰਗੜਾਈ ਲੈ ਕੇ ਕੁਦਰਤ ਦੇ ਅਨੋਖੇ ਸਿਰਜਨ ਦੀ ਤਪਸਿਆ ਵਿਚ ਮਗਨ ਹੋ ਜਾਂਦਾ ਹੈ।

ਇਸ ਮੌਸਮ ਵਿਚ ਲੋਕੀਂ ਸੈਰ ਦਾ ਪੂਰਾ-ਪੂਰਾ ਲੁਤਫ਼ ਉਠਾਉਂਦੇ ਹੋਏ ਰੰਗਾਂ ਦੇ ਤਲਿਸਮੀ ਨਜ਼ਾਰੇ ਨੂੰ ਧਮਣੀਆਂ-ਸਿਰਾਵਾਂ ਵਿਚ ਸ਼ਾਮਿਲ ਕਰਦੇ ਹੋਏ ਆਨੰਦਵਿਭੋਰ ਹੋ-ਹੋ ਜਾਂਦੇ ਹਨ। ਸੁੰਦਰ ਦ੍ਰਿਸ਼, ਠੰਢਕਦਾਰ ਮੌਸਮ ਜਿਸਮ ਨੂੰ ਤਾਜ਼ਗੀ, ਸਫੁਰਤੀ ਨਾਲ ਨਿਹਾਲ ਕਰ ਦਿੰਦਾ ਹੈ।

ਸੁੰਦਰ ਮੌਸਮ ਵਰਗੇ ਸੁੰਦਰ ਲੋਕ ਹਨ ਏਧਰ। ਰੁੱਖਾਂ ਦੇ ਸੁਭਾਅ ਵਰਗੇ, ਰੰਗ-ਢੰਗ ਵਰਗੇ।

ਦੁਪਹਿਰ ਨੂੰ ਰੰਗ-ਬਿਰੰਗੇ ਰੁੱਖਾਂ ਉਪੱਰ ਚਮਕਦਾਰ ਰੰਗੀਨੀ ਆਪਣੇ ਪਹਿਲੇ ਅਹਿਸਾਸ ਦੇ ਸੁਖਦ ਪਲਾਂ ਦੀ ਮਹਿਸੂਸਨ ਹਿਰਦੇ ਵਿਚ ਛੱਡਦੀ ਹੈ। ਦੁਪਹਿਰ ਵੇਲੇ ਗਿਰਗਿਟ ਵਾਂਗੂੰ ਰੰਗ ਬਦਲਦੇ ਪੱਤੇ ਇਵੇਂ ਪ੍ਰਤੀਤ ਹੁੰਦੇ ਜਿਵੇਂ ਰੰਗ-ਬਿਰੰਗੇ ਦੀਵੇ ਝਿਲਮਿਲਾ ਰਹੇ ਹੋਣ।

ਸ਼ਾਮ ਦਾ ਮੌਸਮ ਪਤਝੜ ਨੂੰ ਖ਼ਾਮੋਸ਼ ਲਹਿਰੀਏ ਦੇ ਨਿਰਾਲੇਪਣ ਵਿਚ ਠੰਢੀਆਂ ਠਾਰ ਹਵਾਵਾਂ ਨਾਲ ਹੋਰ ਝੂਮਦੇ ਪਲਾਂ ਦਾ ਅਹਿਸਾਸ ਕਰਵਾਕੇ ਆਪਣੀ ਸਾਰੇ ਬੀਤੇ ਜੀਵਨ ਦੀ ਵਰਤਮਾਨ ਆਤਮਕਥਾ ਰੰਗਾਂ ਦੀ ਛਹਿਬਰ ਵਿਚ ਪਿਰੋ ਦਿੰਦਾ ਹੈ। ਸ਼ਾਮ ਦਾ ਡੁੱਬ ਰਿਹਾ ਸੂਰਜ ਜਦ ਰੰਗ-ਬਿਰੰਗੇ ਰੁੱਖਾਂ ਵਿਚ ਮੱਧਮ-ਮੰਥਨ ਲੋਅ ਵਿਚ ਪਰਿਪੂਰਨ ਹੋ ਕੇ ਰੁੱਖਾਂ ਦੀਆਂ ਰੰਗੀਨ ਟਹਿਣੀਆਂ ਵਿਚਕਾਰ ਫਸ ਜਾਂਦਾ ਹੈ ਤਾਂ ਆਲੌਕਿਕਤਾ ਦੀ ਪ੍ਰਭੂਸੱਤਾ ਨਾਲ ਧਰਤੀ ਦੀ ਗੋਦੀ ਵਿਚ ਵਿਆਪਕ ਸੁੰਦਰਤਾ





ਮਾਨਵਤਾ-ਸਾਂਝੀਵਾਲਤਾ ਦਾ ਸੰਦੇਸ਼ ਦੇ ਦਿੰਦੀ ਹੈ।

ਕੁਦਰਤ ਜੀਵਨ ਦਾ ਨਮਕ ਹੈ ਅਤੇ ਖ਼ੁਸ਼ਬੂ ਉਸਦੀ ਮਿਠਾਸ, ਇਕ ਜੀਵਨ ਨੂੰ ਸੁਰਖਿਅਤ ਰੱਖਦਾ ਹੈ ਤੇ ਦੂਸਰਾ ਉਸਨੂੰ ਮਧੁਰ ਬਣਾਉਂਦਾ ਹੈ।

ਚਾਂਦਨੀ ਰਾਤ ਵਿਚ ਰੰਗ-ਬਿਰੰਗੇ ਲਹਿ-ਲਹਿਰਾਂਦੇ ਰੁੱਖਾਂ ਦੇ ਪੱਤੇ ਚਾਂਦਨੀ ਨੂੰ ਅਪਣਾਉਂਦੇ ਹੋਏ ਗਠੀਲਾ ਆਕਰਸ਼ਣ ਅਤੇ ਸੁਗਬੁਗਾਹਟ ਦਾ ਗੁਨਗੁਨਾ ਜਿਹਾ ਸਵਾਦ, ਸੰਤੋਸ਼ ਤੇ ਸੁੱਖ ਦੇ ਸੰਸਕਾਰ ਨਿਰਮਾਣ ਕਰਦਾ ਹੈ। ਕੁਦਰਤ ਦੇ ਰੰਗ ਹੀ ਧਰਮ ਭੂਮੀ, ਕਰਮ ਭੂਮੀ, ਪੁੰਨ ਭੂਮੀ ਨੂੰ ਸਵਰਗ ਦਾ ਰੂਪ ਦੇ ਕੇ ਸੁੰਦਰਤਾ ਨੂੰ ਮਨੁੱਖ ਲਈ ਮਖ਼ਮੂਰ ਕਿਰਿਆਵਾਂ ਦੀ ਲੱਜ਼ਤ ਦਿੰਦੀ ਹੈ।

ਪਤਝੜ ਦੇ ਰੁੱਖ ਬਰਫ਼ ਦੇ ਤੋਂਦਿਆਂ ਦੀ ਭਰਮਾਰ ਨਾਲ ਲੱਧੇ ਜਾਂਦੇ ਹਨ। ਸਫ਼ੇਦ ਰੰਗ ਦੀ ਬਰਫ਼ੀਲੀ ਚਾਦਰ ਆਪਣੇ ਆਸ਼ੀਰਵਾਦ ਨਾਲ ਇਕ ਬੇਇੰਤਹਾ ਨਜ਼ਾਰਾ ਦੇ ਕੇ ਭਵਿੱਖ ਦੀ ਮੁੱਖ ਕ੍ਰਿਤੀ ਤੋਂ ਵਾਕਿਫ਼ ਕਰਵਾ ਦਿੰਦੀ ਹੈ। ਇਹ ਮੌਸਮ ਮੁਸ਼ਕਿਲਾਂ ਅਤੇ ਪਰਵਾਹ ਦਾ ਮੌਸਮ ਹੁੰਦਾ ਹੈ।

ਝੀਲਾਂ ਦੁਆਲੇ ਰੰਗ-ਬਿਰੰਗੇ ਰੁੱਖਾਂ ਦੇ ਝੁਰਮਟ ਪਾਣੀਆਂ ਦੀ ਹਿੱਕ ਉਪੱਰ ਪਰਛਾਇਆ ਦੀ ਲੈਆਤਮਿਕ ਕ੍ਰਿਤੀ ਬਣਾ ਕੇ ਪਾਣੀ 'ਤੇ ਨੰਗੀ ਚਿੱਤਰਕਾਰੀ ਉਕੇਰ ਦਿੰਦੇ ਹਨ।

ਪਹਾੜਾ ਉਪੱਰ ਤਰ੍ਹਾਂ-ਤਰ੍ਹਾਂ ਦੇ ਰੁੱਖਾਂ ਦੀਆਂ ਪਰਜਾਤੀਆਂ ਤੋਂ ਇਲਾਵਾ ਇਕ ਹੀ ਸ਼੍ਰੇਣੀ ਦੇ ਅਨੇਕਾਂ ਰੁੱਖਾਂ ਨੂੰ ਆਇਤਕਾਰ, ਗੋਲਾਕਾਰ, ਚੌਰਸ, ਚੌਪਟ ਆਦਿ ਰੂਪਾਂ ਵਿਚ ਅਲੰਕਾਰਿਤ ਕੀਤਾ ਹੋਇਆ ਹੈ। ਦੂਰ ਤੋਂ ਪਤਝੜ ਦੇ ਰੰਗਾਂ ਦੀ ਖ਼ਾਮੋਸ਼ੀ ਇਕ ਸਿਮਰਤੀ ਦਾ ਜਨਮ ਉਤਪਨ ਕਰਕੇ ਦਿਮਾਗ਼ ਵਿਚ ਸਦੀਵੀ ਸੁੰਦਰ ਚਿਤਰਨ ਉਕੇਰ ਦਿੰਦੀ ਹੈ ਜੋ ਸਾਲਾਂ ਤੱਕ ਮਸਤਕ ਵਿਚ ਜੀਵੰਤ ਰਹਿੰਦੀ ਹੈ। ਕਨੇਡਾ ਵਿਚ ਰੁੱਖਾਂ ਦੀ ਮਨੁੱਖ ਨਾਲੋਂ ਵੀ ਜ਼ਿਆਦਾ ਸਮਰਥਵਾਨ ਕਦਰਾਂ ਕੀਮਤਾਂ ਹਨ। ਕਨੇਡਾ ਦਾ ਰਾਸ਼ਟਰੀਏ ਝੰਡਾ ਇਸ ਗੱਲ ਦੀ ਸਹਿਮਤੀ ਭਰਦਾ ਹੈ। ਕਨੇਡਾ ਦੇ ਝੰਡੇ ਵਿਚ ਗਿਆਰਾਂ ਨੁਕਰੀ ਲਾਲ ਰੰਗ ਦਾ ਪੱਤਾ ਹੈ। ਦੋਵੇਂ ਪਾਸੇ ਲਾਲ ਰੰਗ ਵਿਚਕਾਰ ਚਿੱਟੇ ਰੰਗ ਉਪੱਰ ਲਾਲ ਰੰਗ ਦਾ ਪੱਤਾ ਹੈ ਜਿਸਦਾ ਮਤਲਬ ਕਿ ਸਾਰੀ ਦੁਨੀਆਂ, ਕਾਏਨਾਤ ਦੇ ਪ੍ਰਾਣੀਆਂ ਦੇ ਲਹੂ ਦਾ ਰੰਗ ਲਾਲ ਹੁੰਦਾ ਹੈ। ਸਾਂਝੀਵਾਲਤਾ ਦਾ ਸੰਦੇਸ਼। ਲਾਲ ਰੰਗ ਗੌਰਵ ਸ਼ਕਤੀ ਦਾ ਪ੍ਰਤੀਕ। ਖ਼ੂਨ ਦਾ ਰੰਗ ਲਾਲ, ਟਮਾਟਰਦਾਰੰਗਲਾਲਜੋਸੂਖ਼ਮਹੈ।ਫਾਇਰ ਇੰਜ਼ਨ ਦਾ ਰੰਗ ਲਾਲ। ਤਰੱਕੀ ਪਸੰਦ ਪ੍ਰਤੀਕ ਹੈ ਇਹ ਪਤਝੜ ਦਾ ਪੱਤਾ।

## ਚੀਨ 'ਚ ਦਿਲ ਨੂੰ ਛੂਹ ਲੈਣ ਵਾਲਾ ਇੱਕ ਮਾਮਲਾ ਆਇਆ ਸਾਹਮਣੇ

# ਨਵੇਂ ਵਰ੍ਹੇ 'ਚ 33 ਸਾਲ ਬਾਅਦ ਮਿਲੇ ਵਿਛੜੇ ਮਾਂ-ਪੁੱਤ

ਬੀਜਿੰਗ (ਪੰਜਾਬੀ ਅਖਬਾਰ ਬਿਊਰੋ)- ਹੈ। ਇੱਥੇ ਨਵੇਂ ਸਾਲ ਦੇ ਦਿਨ 33 ਸਾਲ ਪਹਿਲਾਂ ਵਿਛੜੇ ਮਾਂ-ਪੁੱਤ ਇੱਕ-ਦੂਜੇ ਨੂੰ ਮਿਲੇ ਅਤੇ ਇਹ ਪਲ ਦੋਵਾਂ ਸਮੇਤ ਸਾਰਿਆਂ ਨੂੰ ਭਾਵੁਕ ਕਰ ਦੇਣ ਵਾਲਾ ਰਿਹਾ। ਅਸਲ ਵਿੱਚ ਲੀ ਜਿੰਗਵੇਈ ਨੂੰ 33 ਸਾਲ ਪਹਿਲਾਂ ਮਤਲਬ ਬਚਪਨ ਵਿੱਚ ਅਗਵਾ ਕਰ ਲਿਆ ਗਿਆ ਸੀ ਪਰ 3 ਦਹਾਕਿਆਂ ਬਾਅਦ ਜਿੰਗਵੇਈ ਆਪਣੀ ਮਾਂ ਕੋਲ ਦੁਬਾਰਾ ਵਾਪਸ ਆ ਗਿਆ ਹੈ। ਅਜਿਹਾ ਇਸ ਲਈ ਸੰਭਵ ਹੋਇਆ ਕਿਉਂਕਿ ਉਸ ਨੇ ਆਪਣੀ ਯਾਦ ਸ਼ਕਤੀ ਦੇ ਆਧਾਰ 'ਤੇ ਪਿੰਡ ਦਾ ਨਕਸ਼ਾ ਬਣਾਇਆ ਅਤੇ ਉਸ ਨੂੰ ਸ਼ੋਸ਼ਲ ਮੀਡੀਆ 'ਤੇ ਸ਼ੇਅਰ ਕੀਤਾ। ਇਸ ਨਕਸ਼ੇ ਦੀ ਮਦਦ ਨਾਲ ਉਹ ਮੁੜ ਆਪਣੇ ਪਰਿਵਾਰ ਨਾਲ ਮਿਲ ਸਕਿਆ। ਇਹ ਪੂਰਾ ਮਾਮਲਾ ਕੁਝ ਇਸ ਤਰ੍ਹਾਂ ਹੈ। 'ਡੇਲੀ ਮੇਲ' ਦੀ ਰਿਪੋਰਟ ਮੁਤਾਬਕ 1989 ਵਿੱਚ ਹੇਨਾਨ ਸੂਬੇ ਵਿੱਚ 4 ਸਾਲ ਦੇ ਲੀ ਜਿੰਗਵੇਈ ਨੂੰ ਇੱਕ ਵਿਅਕਤੀ ਨੇ ਚਾਈਲਡ ਟ੍ਰੈਫ਼ਿਕਿੰਗ (ਬਾਲ ਤੱਸਕਰੀ) ਲਈ ਅਗਵਾ ਕਰ ਲਿਆ ਸੀ। ਉਸ ਨੇ ਤਕਰੀਬਨ 1900 ਕਿਲੋਮੀਟਰ ਦੂਰ ਜਾ ਕੇ ਗੁਆਂਗਡੋਂਗ ਸੂਬੇ ਵਿੱਚ ਜਿੰਗਵੇਈ ਨੂੰ ਇੱਕ ਜੋੜੇ ਨੂੰ ਵੇਚ ਦਿੱਤਾ ਸੀ। ਇਸ ਮਗਰੋਂ ਕਾਫ਼ੀ ਤਫ਼ਤੀਸ਼ ਦੇ ਬਾਅਦ ਵੀ ਜਿੰਗਵੇਈ ਦਾ ਕੁਝ ਪਤਾ ਨਹੀਂ ਚਲ ਸਕਿਆ ਸੀ ਪਰ ਹੁਣ 33 ਸਾਲ ਬਾਅਦ ਜਿੰਗਵੇਈ ਆਪਣੀ ਯਾਦ ਸ਼ਕਤੀ ਨਾਲ ਬਣਾਏ ਘਰ ਦੇ ਨਕਸ਼ੇ ਦੀ ਮਦਦ ਨਾਲ ਪਰਿਵਾਰ ਵਾਲਿਆਂ ਕੋਲ ਵਾਪਸ ਆ ਗਿਆ ਹੈ। 33 ਸਾਲ ਬਾਅਦ ਜਦੋਂ ਜਿੰਗਵੇਈ ਆਪਣੇ ਘਰ ਪਹੁੰਚਿਆ ਅਤੇ ਆਪਣੀ ਮਾਂ ਨੂੰ ਮਿਲਿਆ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। 4 ਸਾਲ ਦੀ ਉਮਰ ਵਿੱਚ ਲਾਪਤਾ ਹੋਇਆ ਜਿੰਗਵੇਈ ਹੁਣ ਵਿਆਹੁਤਾ ਹੈ ਅਤੇ ਉਸ ਦੇ ਬੱਚੇ ਵੀ ਹਨ। ਅਸਲ ਵਿੱਚ ਜਿੰਗਵੇਈ ਦੇ ਦਿਮਾਗ ਵਿੱਚੋਂ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਮਾਂ ਅਤੇ ਪਿੰਡ ਦੀਆਂ ਯਾਦਾਂ ਮਿਟੀਆਂ ਨਹੀਂ ਸਨ। ਉਹ ਦਿਨ ਵਿੱਚ ਇੱਕ ਵਾਰ ਆਪਣੇ ਪਿੰਡ-ਘਰ ਦਾ ਨਕਸ਼ਾ ਬਣਾਉਂਦਾ ਸੀ ਤਾਂ ਜੋ ਉਸ ਨੂੰ ਸਭ ਕੁਝ ਯਾਦ ਰਹੇ। ਥੋੜ੍ਹਾ ਹੋਰ ਵੱਡਾ ਹੋਣ 'ਤੇ ਉਸ ਨੇ ਕਈ ਵਾਰ ਉਸ ਜੋੜੇ ਨੂੰ ਵੀ ਬੇਨਤੀ ਕੀਤੀ ਕਿ ਉਹ ਪਿੰਡ ਜਾ ਕੇ ਉਸ ਨੂੰ ਉਸ ਦੀ ਅਸਲੀ ਮਾਂ ਨਾਲ ਮਿਲਾ ਦੇਣ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ।



ਅਜਿਹੇ ਵਿੱਚ ਜਿੰਗਵੇਈ ਨੇ ਆਪਣੀ ਯਾਦ ਸ਼ਕਤੀ 'ਤੇ ਜ਼ੋਰ ਪਾਇਆ ਅਤੇ ਆਪਣੇ ਪਿੰਡ ਦਾ ਨਕਸ਼ਾ ਕਾਗਜ਼ ਦੇ ਸਫ਼ੇ 'ਤੇ ਤਿਆਰ ਕਰ ਲਿਆ। ਦਿਲਚਸਪ ਗੱਲ ਇਹ ਰਹੀ ਕਿ ਇਹ ਨਕਸ਼ਾ ਉਸ ਦੇ ਪਿੰਡ ਦੀ ਬਣਾਵਟ ਨਾਲ ਮੇਲ ਖਾਂਦਾ ਸੀ। ਇਸ ਦੌਰਾਨ ਕਿਸੇ ਦੇ ਕਹਿਣ 'ਤੇ ਜਿੰਗਵੇਈ ਨੇ ਇਹ ਨਕਸ਼ਾ ਇੰਟਰਨੈੱਟ 'ਤੇ ਅਪਲੋਡ ਕਰ ਦਿੱਤਾ। ਨਾਲ ਹੀ ਖੁਦ ਦੇ ਬਾਲ ਤੱਸਕਰੀ ਦਾ ਸ਼ਿਕਾਰ ਹੋਣ ਦੀ ਕਹਾਣੀ ਵੀ ਨਕਸ਼ੇ ਨਾਲ ਜੋੜ ਦਿੱਤੀ। ਜਲਦੀ ਹੀ ਉਸ ਦੀ ਕਹਾਣੀ ਵਾਇਰਲ ਹੋ ਗਈ। ਮਾਮਲਾ ਪੁਲਸ ਤੱਕ ਪਹੁੰਚਿਆ ਤਾਂ ਉਨ੍ਹਾਂ ਨੇ ਵੀ ਜਿੰਗਵੇਈ ਨੂੰ ਅਸਲੀ ਮਾਂ ਨਾਲ ਮਿਲਾਉਣ ਦਾ ਇਰਾਦਾ ਬਣਾਇਆ। ਪੁਲੀਸ ਨੇ ਉਸ ਦੇ ਬਣਾਏ ਨਕਸ਼ੇ ਨੂੰ ਪਹਾੜਾਂ 'ਤੇ ਵਸੇ ਝਾਓਤੋਂਗ ਸ਼ਹਿਰ ਦੇ ਇੱਕ ਪਿੰਡ ਨਾਲ ਮਿਲਾਇਆ। ਉਸ ਪਿੰਡ ਤਕ ਪਹੁੰਚਣ ਦੇ ਬਾਅਦ ਡੀ.ਐੱਨ.ਏ. ਰਿਪੋਰਟ ਦੇ ਆਧਾਰ 'ਤੇ ਜਿੰਗਵੇਈ ਦੀ ਮਾਂ ਦਾ ਪਤਾ ਲੱਗਿਆ। ਨਵੇਂ ਸਾਲ ਦੇ ਦਿਨ ਮਾਂ-ਪੁੱਤਰ ਇੱਕ-ਦੂਜੇ ਨੂੰ 33 ਸਾਲ ਬਾਅਦ ਮੁੜ ਮਿਲੇ। ਮੁਲਾਕਾਤ ਦੌਰਾਨ ਦੋਵੇਂ ਬਹੁਤ ਭਾਵੁਕ ਸਨ। ਜਿੰਗਵੇਈ ਦੀ ਮਾਂ ਆਪਣੇ ਪੁੱਤਰ ਨੂੰ ਛਾਤੀ ਨਾਲ ਲਗਾ ਕੇ ਰੋ ਰਹੀ ਸੀ।



# ਅਮਰਿੰਦਰ ਦੇ ਕੁਰਸੀ ਛੱਡਣ ਮਗਰੋਂ ਪਟਿਆਲਾ 'ਚ ਵਿਕਾਸ ਕਾਰਜ ਰੁਕੇ

ਪਟਿਆਲਾ (ਪੰਜਾਬੀ ਅਖਬਾਰ ਬਿਊਰੋ)- ਸਾਢੇ 4 ਲੱਖ ਦੇ ਕਰੀਬ ਆਬਾਦੀ ਵਾਲੇ ਵਿਧਾਨ ਸਭਾ ਹਲਕਾ ਪਟਿਆਲਾ ਸ਼ਹਿਰੀ ਤੋਂ ਕੈਪਟਨ ਅਮਰਿੰਦਰ ਸਿੰਘ ਲਗਾਤਾਰ ਚੌਥੀ ਵਾਰ ਵਿਧਾਇਕ ਬਣੇ ਅਤੇ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਹਾਲ ਹੀ 'ਚ ਕੈਪਟਨ ਅਮਰਿੰਦਰ ਸਿੰਘ ਵਲੋਂ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮਗਰੋਂ ਪਟਿਆਲਾ 'ਚ ਚੱਲ ਰਹੇ ਵਿਕਾਸ ਕਾਰਜ ਮੱਠੇ ਪੈ ਗਏ।

ਚੋਣ ਜਿੱਤਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਬੇਸ਼ੱਕ ਪਟਿਆਲਾ 'ਚ ਬਹੁਤ ਘੱਟ ਆਏ, ਪਰ ਸ਼ਹਿਰ 'ਚ ਵਿਕਾਸ ਕੰਮ ਹੁੰਦੇ ਰਹੇ। ਵਿਰੋਧੀਆਂ ਵਲੋਂ ਇਹ ਦੋਸ਼ ਲਗਾਤਾਰ ਲੱਗਦੇ ਰਹੇ ਕਿ ਪਟਿਆਲਾ ਦੇ ਵਿਕਾਸ ਲਈ ਪੈਸਾ ਬਹੁਤ ਆ ਰਿਹਾ ਹੈ, ਪਰ ਇਸ ਦੀ ਸਹੀ ਵਰਤੋਂ ਨਹੀਂ ਕੀਤੀ ਜਾ ਰਹੀ। ਕੈਪਟਨ ਅਮਰਿੰਦਰ ਸਿੰਘ ਵਲੋਂ ਪਟਿਆਲਾ ਵਾਸੀਆਂ ਲਈ 504 ਕਰੋੜ ਦੀ ਲਾਗਤ ਵਾਲਾ ਪਾਣੀ ਸੋਧ ਪ੍ਰੋਜੈਕਟ ਅਜੇ ਸ਼ੁਰੂ ਹੀ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪੈ ਗਿਆ।

ਨਵਾਂ ਬੱਸ ਅੱਡਾ ਬਣਾਉਣ ਦਾ ਕੰਮ ਹੁਣ ਮੱਠਾ ਪੈ ਗਿਆ। ਮਹਾਰਾਜਾ ਭੁਪਿੰਦਰਾ ਸਪੋਰਟਸ ਯੂਨੀਵਰਸਿਟੀ ਵੀ ਠੰਢੇ ਬਸਤੇ 'ਚ ਹੈ। ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਦੀ ਕੋਠੀ 'ਚ ਚੱਲ ਰਹੀ ਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਨੂੰ ਵੀ ਸ਼ਾਇਦ ਹੁਣ



ਇਮਾਰਤ ਨਾ ਮਿਲੇ। ਦੁਧਾਰੂ ਪਸ਼ੂਆਂ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਲਈ ਅਬਲੋਵਾਲ ਕੋਲ ਡੇਅਰੀ ਪ੍ਰੋਜੈਕਟ ਦਾ ਕੰਮ ਵੀ ਰੁਕ ਗਿਆ ਹੈ। ਪਟਿਆਲਾ ਦੀ ਵਿਰਾਸਤ ਸ਼ੀਸ਼ ਮਹਿਲ ਅਜੇ ਵੀ ਲੋਕਾਂ ਤੋਂ ਦੂਰ ਹੈ। ਸਮਾਣੀਆ ਗੇਟ ਤੋਂ ਕਿਲ੍ਹਾ ਚੌਕ ਹੁੰਦੀ ਹੋਈ ਏ-ਟੈਂਕ ਤਕ 42 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਵਿਰਾਸਤੀ ਸੜਕ ਹਾਲੇ ਸ਼ੁਰੂ ਨਹੀਂ ਹੋਈ। ਰਾਜਿੰਦਰਾ ਝੀਲ ਬਣ ਗਈ ਹੈ ਪਰ ਲੋਕਾਂ ਦੇ ਕਿਸੇ ਕੰਮ ਦੀ ਨਹੀਂ। ਡੀਅਰ ਪਾਰਕ ਵਿਸਥਾਰ ਦਾ ਪ੍ਰੋਜੈਕਟ ਵੀ ਥਾਵੇਂ ਰਹਿ ਗਿਆ। ਮੈਡਲ ਗੈਲਰੀ ਹੁਣ ਸੁਸਤ ਰਫ਼ਤਾਰ ਨਾਲ ਬਣਾਈ ਹੀ ਜਾ ਰਹੀ ਹੈ। ਸ਼ਹਿਰ 'ਚ 665 ਕਿਲੋਮੀਟਰ ਸੜਕਾਂ ਬਣਨੀਆਂ ਅਜੇ ਬਾਕੀ ਹਨ। ਇਸੇ ਤਰ੍ਹਾਂ 206 ਕਰੋੜ ਦੀ ਲਾਗਤ ਨਾਲ ਹੋਣ ਵਾਲੇ ਵੱਡੀ ਤੇ ਛੋਟੀ ਨਦੀ ਦੇ ਸੁੰਦਰੀਕਰਨ ਦਾ ਕੰਮ ਵੀ ਅਧੂਰਾ ਪਿਆ ਹੈ।

ਮੇਅਰ ਸੰਜੀਵ ਸਰਮਾ ਨੇ ਵਿਕਾਸ ਕੰਮ ਗਿਣਾਉਂਦਿਆਂ ਕਿਹਾ ਕਿ ਸ਼ਹਿਰ ਦੇ ਸੁੰਦਰੀਕਰਨ ਕਾਰਨ ਸਵੱਛਤਾ ਸਰਵੇਖਣ 'ਚ ਪਟਿਆਲਾ ਪੰਜਾਬ 'ਚੋਂ ਪਹਿਲੇ ਨੰਬਰ 'ਤੇ ਆਇਆ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਪਟਿਆਲਾ ਦੇ ਲੋਕਾਂ ਦੀ ਆਸ ਅਨੁਸਾਰ ਪੂਰੇ ਕੰਮ ਕਰਵਾਏ ਗਏ ਹਨ। ਹੁਣ ਚੰਨੀ ਸਰਕਾਰ ਨੇ ਪਟਿਆਲਾ 'ਚ ਚੱਲ ਰਹੇ ਕੰਮਾਂ ਨੂੰ ਬੰਦ ਹੀ ਕਰਵਾ ਦਿੱਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਪਾਲ ਜੁਨੇਜਾ ਨੇ ਕਿਹਾ ਕਿ ਕਾਰਜ ਕਾਲ ਦੌਰਾਨ ਪਟਿਆਲਾ 'ਚ ਕੈਪਟਨ ਅਮਰਿੰਦਰ ਸਿੰਘ ਆਏ ਹੀ ਨਹੀਂ ਅਤੇ ਉਨ੍ਹਾਂ ਨੇ ਪਟਿਆਲਾ ਦੇ ਵਿਕਾਸ ਦਾ ਪ੍ਰਭਾਵੀ ਤੌਰ 'ਤੇ ਕੋਈ ਕੰਮ ਨਹੀਂ ਕੀਤਾ। ਪਟਿਆਲਾ ਤੋਂ ਆਮ ਆਦਮੀ ਪਾਰਟੀ ਦੇ ਸਰਗਰਮ ਆਗੂ ਕੁੰਦਨ ਗੋਗੀਆ ਨੇ ਕਿਹਾ ਕਿ ਪਟਿਆਲਾ ਲਈ ਬਹੁਤ ਰਕਮ ਆਈ, ਕੰਮ ਵੀ ਸ਼ੁਰੂ ਹੋਏ ਪਰ ਸਿਰੇ ਕੋਈ ਨਹੀਂ ਚੜ੍ਹਿਆ। ਅਮਰਿੰਦਰ ਹੋਰੀਂ ਪਟਿਆਲਾ 'ਚ ਆਏ ਹੀ ਨਹੀਂ। ਇਸ ਕਰ ਕੇ ਨਗਰ ਨਿਗਮ ਨੇ ਮਨਮਰਜ਼ੀਆਂ ਕੀਤੀਆਂ।

# ਸੋਨੂੰ ਸੂਦ ਵਲੋਂ ਇਕ ਹਫ਼ਤੇ ਤੱਕ ਚੋਣ ਰਣਨੀਤੀ ਸਬੰਧੀ ਸਿਆਸੀ ਪੱਤੇ ਖੋਲ੍ਹਣ ਦਾ ਐਲਾਨ



ਮੋਗਾ (ਪੰਜਾਬੀ ਅਖਬਾਰ ਬਿਊਰੋ)- ਵਿਸ਼ਵ ਪੱਧਰ ਦੇ ਅਦਾਕਾਰ 'ਤੇ ਸਮਾਜ ਸੇਵੀ ਤੌਰ 'ਤੇ ਵਿਲੱਖਣ ਪਹਿਚਾਣ ਬਨਾਉਣ ਵਾਲੇ ਅਦਾਕਾਰ ਸੋਨੂੰ ਸੂਦ ਨੇ ਆਪਣੀ ਭੈਣ ਮਾਲਵਿਕਾ ਸੂਦ ਸਮੇਤ ਹੋਰਨਾਂ ਦੀ ਹਾਜ਼ਰੀ 'ਚ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਐਲਾਨ ਕੀਤਾ ਹੈ ਕਿ ਉਹ ਅਗਾਮੀ ਵਿਧਾਨ ਸਭਾ ਚੋਣਾਂ ਲੜਨ ਲਈ ਇੱਕ ਹਫ਼ਤੇ ਤਕ ਆਪਣੀ ਚੋਣ ਰਣਨੀਤੀ ਅਤੇ ਸਿਆਸੀ ਪਾਰਟੀ ਸਬੰਧੀ ਸਿਆਸੀ ਪੱਤੇ ਖੋਲ੍ਹੇਗਾ। ਉਸ ਨੇ 5 ਜਨਵਰੀ ਨੂੰ ਫ਼ਿਰੋਜ਼ਪੁਰ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਰੈਲੀ ਦੌਰਾਨ ਭਾਜਪਾ 'ਚ ਸ਼ਾਮਿਲ ਹੋਣ ਦੀਆਂ ਅਟਕਲਾਂ ਨੂੰ ਸਿਰੇ ਤੋਂ ਖ਼ਾਰਿਜ ਕਰ ਦਿੱਤਾ। ਉਸ ਨੇ ਆਖਿਆ ਕਿ ਸਿਆਸੀ ਪਾਰਟੀ 'ਚ ਸ਼ਾਮਿਲ ਹੋ ਕੇ ਉਹ ਕਿਸੇ ਵੀ ਵਿਰੋਧੀ ਧਿਰ ਦੀ ਅਲੋਚਨਾ ਨਹੀਂ ਕਰੇਗਾ ਕਿਉਂਕਿ ਉਹ ਸਮਾਜ ਸੇਵਾ ਨੂੰ ਸਮਰਪਿਤ ਹੈ। ਉਨ੍ਹਾਂ ਦੇਸ਼ 'ਚ ਓਮੀਕ੍ਰੋਨ ਦੇ ਖ਼ਤਰਿਆਂ ਤੋਂ ਸਾਵਧਾਨੀਆਂ ਵਰਤਣ ਦੀ ਸਲਾਹ ਦਿੰਦੇ ਹੋਏ ਕਿਹਾ, "ਮੈਂ ਇਸੇ ਕਰ ਕੇ ਹੀ ਟਵੀਟ ਕੀਤਾ ਹੈ ਕਿ ਦੇਸ਼ ਦੇ ਕਿਸੇ ਕੋਨੇ 'ਚ ਵੀ ਵੱਸਦੇ ਕਿਸੇ ਵਿਅਕਤੀ ਨੂੰ ਜੇਕਰ ਮੁੜ ਕੋਈ ਬਿਪਤਾ ਪੈਂਦੀ ਹੈ ਤਾਂ ਉਹ ਉਸ ਨਾਲ ਸੰਪਰਕ ਕਰਨ। ਸੋਨੂੰ ਨੇ ਕਿਹਾ ਕਿ ਮੋਗਾ 'ਚ ਭੈਣ ਮਾਲਵਿਕਾ ਸੂਦ ਲੋਕਾਂ ਦੀ ਸੇਵਾ 'ਚ ਡੱਟੀ ਹੋਈ ਹੈ, ਅਤੇ ਮੇਰਾ ਮੰਨਣਾ ਹੈ ਕਿ ਸਿਆਸੀ ਆਗੂਆਂ ਨੂੰ ਇੰਨ੍ਹੀ ਲੋਕ ਸੇਵਾ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਵਿਰੋਧੀਆਂ ਕੋਲ ਬੋਲਣ ਲਈ ਕੁੱਝ ਬਾਕੀ ਹੀ ਨਾ ਬਚੇ।" ਸੋਨੂੰ ਨੇ ਆਖਿਆ ਕਿ ਮੋਗਾ ਹਲਕਿਆਂ ਦੀ ਇੱਕ ਹਜ਼ਾਰ ਮਹਿਲਾਵਾ ਨੂੰ ਸਾਈਕਲਾਂ ਦੀ ਵੰਡ ਕੀਤੀ ਜਾ ਰਹੀ ਹੈ, ਜਿਸ 'ਚ ਵਿਦਿਆਰਥਣਾਂ ਅਤੇ ਆਸ਼ਾ ਵਰਕਰਜ਼ ਸ਼ਾਮਿਲ ਹਨ। ਉਨ੍ਹਾਂ ਅੰਗਹੀਣ ਅਤੇ ਹੋਰ ਲੋੜਵੰਦਾਂ ਨੂੰ ਈ ਰਿਕਸ਼ਿਆਂ ਦੀ ਵੰਡ ਵੀ ਕੀਤੀ। ਇਸ ਮੌਕੇ ਗੌਤਮ ਸੱਚਰ, ਗਗਨਦੀਪ ਮਿੱਤਲ, ਡਾ ਸਰਬਜੀਤ ਕੌਰ ਆਦਿ ਹਾਜ਼ਰ ਸਨ।

# ਸਾਡੀ ਸਰਕਾਰ ਸਮੇਂ ਹੋਈ ਬੇਅਦਬੀ ਦਾ ਦੁੱਖ, ਕਾਂਗਰਸ ਨੇ ਪੰਜ ਸਾਲ 'ਚ ਕੀ ਕੀਤਾ - ਸੁਖਬੀਰ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਲੈ ਕੇ ਕਾਂਗਰਸ ਸਰਕਾਰ 'ਤੇ ਵੱਡਾ ਹਮਲਾ ਬੋਲਿਆ ਹੈ। ਸੁਖਬੀਰ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ 'ਚ ਵਾਪਰੀ ਘਟਨਾ ਨੂੰ ਇੱਕ ਬੱਚਾ ਵੀ ਬਰਦਾਸ਼ਤ ਨਹੀਂ ਕਰ ਸਕਦਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੋ ਦਿਨਾਂ 'ਚ ਜਾਂਚ ਕਰਨ ਦੀ ਗੱਲ ਆਖੀ ਸੀ, ਪਰ ਅੱਜ ਤਕ ਕੁੱਝ ਨਹੀਂ ਕੀਤਾ ਗਿਆ। 3 ਸਤੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ 'ਚ ਬੇਅਦਬੀ ਹੋਈ। ਪੁਲੀਸ ਨੂੰ ਦੋਸ਼ੀ ਫ਼ੜਾਏ ਗਏ, ਪਰ ਪੰਜਾਬ ਸਰਕਾਰ ਨੇ ਕਾਰਵਾਈ ਕਰਨ ਦੀ ਬਜਾਏ ਦੋਸ਼ੀ ਨੂੰ ਸਿੱਧਾ ਜੇਲ੍ਹ ਭੇਜ ਦਿੱਤਾ। 15 ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ 'ਚ ਗੁਟਕਾ ਸਾਹਿਬ ਨੂੰ ਸਰੋਵਰ 'ਚ ਸੁੱਟਿਆ ਗਿਆ।ਐਸਜੀਪੀਸੀ ਨੇ ਮੁਲਜ਼ਮ ਨੂੰ ਫ਼ੜ ਕੇ ਪੁਲੀਸ ਨੂੰ ਸੂਚਿਤ ਕੀਤਾ ਪਰ ਕਿੰਨੀ ਦੇਰ ਤਕ ਜਦੋਂ ਪੁਲੀਸ ਨਹੀਂ ਆਈ ਤਾਂ ਐਸਜੀਪੀਸੀ ਨੇ ਖੁਦ ਮੁਲਜ਼ਮ ਨੂੰ ਥਾਣੇ ਪਹੁੰਚਾਇਆ। ਕਾਰਵਾਈ ਕਰਨ ਦੀ



ਬਜਾਏ ਅਗਲੇ ਹੀ ਦਿਨ ਮੁਲਜ਼ਮ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਉਸ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ 'ਚ ਨੀਚ ਹਰਕਤ ਕੀਤੀ ਗਈ। ਮੁਲਜ਼ਮ ਦੀ ਲਾਸ਼ ਪੁਲੀਸ ਨੂੰ ਸੌਂਪੀ ਗਈ। ਸਰਕਾਰ ਨੇ ਜਾਂਚ ਦੇ ਨਾਂ 'ਤੇ ਸਿਰਫ਼ ਖਾਨਾਪੂਰਤੀ ਕੀਤੀ ਅਤੇ ਕਿਹਾ ਕਿ ਦੋ ਦਿਨਾਂ 'ਚ ਜਾਂਚ ਪੂਰੀ ਹੋਵੇਗੀ। ਸੁਖਬੀਰ ਨੇ ਕਿਹਾ ਕਿ ਡੀ.ਐੱਨ.ਏ.ਰਾਹੀਂ ਹਰ ਵਿਅਕਤੀ ਦਾ ਪਤਾ ਲਗਾਇਆ ਜਾ ਸਕਦਾ, ਪਰ ਸਰਕਾਰ ਨੇ ਦੋ ਦਿਨਾਂ 'ਚ ਮੁਲਜ਼ਮ ਦਾ ਸੰਸਕਾਰ ਕਰ ਦਿੱਤਾ। ਸਰਕਾਰ ਆਖਦੀ ਕਿ ਇਸ਼ਤਿਹਾਰ ਲਗਾਇਆ ਹੈ ਜਿਸ ਤੋਂ ਬਾਅਦ ਹੀ ਸੰਸਕਾਰ ਕੀਤਾ ਗਿਆ। ਸੁਖਬੀਰ ਨੇ ਦੋਸ਼ ਲਗਾਇਆ ਕਿ ਮੁਲਜ਼ਮ ਦਾ ਸੰਸਕਾਰ ਸਬੂਤ ਮਿਟਾਉਣ ਲਈ ਕੀਤਾ ਗਿਆ ਹੈ। ਕਾਰਵਾਈ ਦੇ ਨਾਂ 'ਤੇ DSP ਪੱਧਰ 'ਤੇ ਜਾਂਚ ਕਮੇਟ ਬਣਾ ਕੇ ਸਿਰਫ਼ ਖ਼ਾਨਾਪੂਰਤੀ ਕੀਤੀ ਗਈ ਹੈ।

ਸੁਖਬੀਰ ਨੇ ਕਿਹਾ ਕਿ ਅੱਜ ਕਈ ਤਾਕਤਾਂ ਐਸਜੀਪੀਸੀ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ। ਆਬਾਦੀ ਦੇ ਹਿਸਾਬ ਨਾਲ ਸਿੱਖ ਧਰਮ ਸਭ ਤੋਂ ਛੋਟਾ ਪਰ ਸਭ ਤੋਂ ਮਿਹਨਤੀ ਧਰਮ ਹੈ। ਗੁਰੂ ਸਾਹਿਬ ਨੇ ਮੀਰੀ-ਪੀਰੀ ਦੇ ਸਿਧਾਂਤ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਸ਼੍ਰੋਮਣੀ ਅਕਲੀ ਦਲ ਨੇ ਹਰ ਸੰਘਰਸ਼ 'ਚ ਵੱਧ ਚੜ੍ਹ ਕੇ ਹਿੱਸਾ ਲਿਆ। ਕਈ ਤਾਕਤਾਂ ਨੇ ਐਸਜੀਪੀਸੀ ਨੂੰ ਕਮਜੋਰ ਕਰਨ ਲਈ ਚੋਣਾਂ 'ਚ ਹਿੱਸਾ ਲਿਆ। ਏਜੰਸੀਆਂ ਨੇ ਐਸਜੀਪੀਸੀ ਨੂੰ ਕਮਜ਼ੋਰ ਕਰਨ ਲਈ ਘੁੱਸਪੈਠ ਵੀ ਕੀਤੀ ਅਤੇ ਪੰਥ ਦੇ ਪਿੱਠ 'ਤੇ ਛੁਰਾ ਵੀ ਮਰਿਆ।

ਸੁਖਬੀਰ ਬਾਦਲ ਨੇ ਕਿਹਾ ਕਿ ਪੰਥ ਦੀ ਸਰਕਾਰ ਦੌਰਾਨ ਹੋਈ ਬੇਅਦਬੀ ਦਾ ਵੱਡਾ ਦੁੱਖ ਹੈ। ਇਸ ਲਈ ਸ੍ਰੀ ਦਰਬਾਰ ਸਾਹਿਬ 'ਚ ਸਮੁੱਚੇ ਅਕਾਲੀ ਦਲ ਵਲੋਂ ਮੁਆਫ਼ੀ ਮੰਗੀ ਗਈ, ਪਸ਼ਚਾਤਾਪ ਕੀਤਾ ਗਿਆ। ਭਾਵੇਂ ਸਾਡੇ ਰਾਜ 'ਚ ਬੇਅਦਬੀ ਹੋਈ ਸੀ, ਪਰ ਪੰਥ ਦੋਸ਼ੀਆਂ ਨੇ ਇਸ ਨੂੰ ਪੰਥ ਦਾ ਨਾਂ ਦਿੱਤਾ ਅਤੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਬੇਅਦਬੀ ਕਰਵਾਈ ਹੈ ਜਿਸ ਤੋਂ ਬਾਅਦ ਉਨ੍ਹਾਂ ਨੇ ਧਰਨਾ ਲਗਾਇਆ ਅਤੇ ਸਿਰਫ਼ ਸਿਆਸਤ ਹੀ ਕੀਤੀ। ਸੁਖਬੀਰ ਨੇ ਕਿਹਾ ਕਿ ਜਥੇਬੰਦੀਆਂ ਦੇ ਕਹਿਣ 'ਤੇ ਸਾਡੀ ਸਰਕਾਰ ਨੇ ਸੀਬੀਆਈ ਨੂੰ ਜਾਂਚ ਸੌਂਪ ਦਿੱਤੀ। ਜੇ ਉਸ ਸਮੇਂ ਸਾਡੇ ਹੱਥੋਂ ਜਾਂਚ ਨਾ ਲਈ ਜਾਂਦੀ ਤਾਂ ਅਸੀਂ ਉਸੇ ਸਮੇਂ ਸਭ ਸਾਫ਼ ਕਰ ਦੇਣਾ ਸੀ। ਜਦਕਿ ਕਾਂਗਰਸ ਨੇ ਪੰਜ ਸਾਲਾਂ 'ਚ ਇੱਕ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਕਾਂਗਰਸ ਨੇ ਕਮਿਸ਼ਨ ਬਿਠਾਏ, ਕੁੰਵਰ ਵਿਜੇ ਪ੍ਰਤਾਪ ਵਰਗੇ ਪੰਥ ਦੋਸ਼ੀਆਂ ਦੀ ਸਿੱਟ ਬਣਾਈ ਗਈ ਸਾਰਾ ਜ਼ੋਰ ਲਗਾ ਦਿੱਤਾ, ਪਰ ਪ੍ਰਮਾਤਮਾ ਦੇ ਘਰ ਜੋ ਗ਼ਲਤ ਕਰਦਾ ਉਸ ਨੂੰ ਭੁਗਤਣਾ ਪੈਂਦਾ, ਅਤੇ ਹਾਈਕੋਰਟ ਨੇ ਆਖਿਆ ਕਿ ਜਾਂਚ 'ਚ ਸਿਰਫ਼ ਸਿਆਸਤ ਹੋਈ ਸੀ। ਸੁਖਬੀਰ ਨੇ ਕਿਹਾ ਕਿ ਹੁਣ ਜਦੋਂ ਸ੍ਰੀ ਹਰਿਮੰਦਰ ਸਾਹਿਬ 'ਚ ਘਟਨਾ ਹੋਈ ਹੈ ਤਾਂ ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ ਕਿਉਂ ਕੁੱ ਨਹੀਂ ਬੋਲੇ। ਇਹ ਲੋਕ ਉਸ ਸਮੇਂ ਸਿਰਫ਼ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਹੀ ਧਰਨਾ ਲਗਾ ਕੇ ਬੈਠੇ ਸਨ।

## ਸੁਖਬੀਰ ਬਾਦਲ ਦੀ ਰੈਲੀ 'ਚ ਵੀ ਨਜ਼ਰ ਆਇਆ ਸੀ ਲੁਧਿਆਣਾ ਬੰਬ ਧਮਾਕੇ ਦਾ ਮੁਲਜ਼ਮ

ਲੁਧਿਆਣਾ (ਪੰਜਾਬੀ ਅਖਬਾਰ ਬਿਊਰੋ)- 23 ਦਸੰਬਰ 2020 ਨੂੰ ਲੁਧਿਆਣਾ ਦੀ ਅਦਾਲਤ 'ਚ ਹੋਏ ਬੰਬ ਧਮਾਕੇ ਦੇ ਮਾਮਲੇ 'ਚ ਵੱਡਾ ਖ਼ੁਲਾਸਾ ਹੋਇਆ ਹੈ। ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਇਸ ਬੰਬ ਧਮਾਕੇ ਦਾ ਮੁੱਖ ਮੁਲਜ਼ਮ ਗਗਨਦੀਪ ਸਿੰਘ ਇਸ ਵਾਰਦਾਤ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਦੀ ਖੰਨਾ ਰੈਲੀ 'ਚ ਵੀ ਗਿਆ ਸੀ। ਇਸੇ ਰੈਲੀ 'ਚ ਗਗਨਦੀਪ ਦੀ ਮਹਿਲਾ ਪੁਲੀਸ ਮੁਲਾਜ਼ਮ ਦੋਸਤ ਵੀ ਤਾਇਨਾਤ ਸੀ। ਗਗਨਦੀਪ ਰੈਲੀ ਦੇ ਮੁੱਖ ਗੇਟ ਕੋਲ ਖੜ੍ਹਾ ਸੀ। ਉਹ ਕੁੱਝ ਪੁਲੀਸ ਮੁਲਾਜ਼ਮਾਂ ਨਾਲ ਵੀ ਖੜ੍ਹਾ ਦਿਖਾਈ ਦਿੱਤਾ ਸੀ।ਮ੍ਰਿਤਕ ਮੁਲਜ਼ਮ ਗਗਨਦੀਪ ਸਿੰਘ 4 ਦਸੰਬਰ ਨੂੰ ਖੰਨਾ ਦੀ ਜੇਟੀਬੀ ਮਾਰਕੀਟ ਵਿਖੇ ਹੋਈ ਸ਼੍ਰੋਮਣੀ ਅਕਾਲੀ ਦਲ ਦੀ ਖੰਨਾ ਫ਼ਤਹਿ ਰੈਲੀ 'ਚ ਵੀ ਪੁੱਜਾ ਸੀ। ਇਸ ਰੈਲੀ 'ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਪਹੁੰਚੇ ਹੋਏ ਸਨ। ਇਸੇ ਰੈਲੀ 'ਚ ਉਸ ਦੀ ਮਹਿਲਾ ਸਾਥੀ ਕਾਂਸਟੇਬਲ ਕਮਲਜੀਤ ਕੌਰ ਦੀ ਡਿਊਟੀ ਵੀ ਲੱਗੀ ਸੀ। ਅਜਿਹੇ ਖੁਲਾਸਿਆਂ ਤੋਂ ਬਾਅਦ ਪੰਜਾਬ ਪੁਲੀਸ ਕਿਸੇ ਵੀ ਵੀਆਈਪੀ ਦੀ ਸੁਰੱਖਿਆ ਨੂੰ ਲੈ ਕੇ ਰਿਸਕ ਨਹੀਂ ਲੈਣਾ ਚਾਹੁੰਦੀ।ਇਸੇ ਮਾਮਲੇ ਦੌਰਾਨ ਜਦੋਂ ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੂੰ ਵੀ ਧਮਕੀ ਦਿੱਤੇ ਜਾਣ ਦੀ ਖ਼ਬਰ ਸਾਹਮਣੇ ਆਈ ਸੀ ਤਾਂ ਖੰਨਾ ਪੁਲੀਸ ਵਲੋਂ ਉਨ੍ਹਾਂ ਨੂੰ ਵੀ ਸੁਰੱਖਿਆ ਮੁਹੱਈਆ ਕਰਵਾਈ ਗਈ ਹਾਲਾਂਕਿ ਰਾਜੇਵਾਲ ਨੇ ਸੁਰੱਖਿਆ ਲੈਣ ਤੋ ਇਨਕਾਰ ਕਰ ਦਿੱਤਾ ਸੀ। ਸੂਤਰਾਂ ਦੀ ਮੰਨੀਏ ਤਾਂ ਰਾਜੇਵਾਲ ਦੀ ਸੁਰੱਖਿਆ ਲਈ ਸਾਦੀ ਵਰਦੀ 'ਚ ਸੁਰੱਖਿਆ ਤਾਇਨਾਤ ਕਰ ਦਿੱਤੀ ਗਈ



ਹੈ। ਇਹ ਵੀ ਪਤਾ ਲੱਗਾ ਹੈ ਕਿ ਪੰਜਾਬ ਦੇ ਸਿਆਸਤਦਾਨਾਂ ਉੱਪਰ ਵਿਦੇਸ਼ੀ ਤਾਕਤਾਂ ਦੀ ਨਜ਼ਰ ਹੈ। ਮਾਹੌਲ ਖ਼ਰਾਬ ਕਰਨ ਲਈ ਵਿਦੇਸ਼ਾਂ ਅੰਦਰ ਬੈਠੀਆਂ ਇਹ ਮਾੜੀਆਂ ਤਾਕਤਾਂ ਭਾਰਤ ਅਤੇ ਪੰਜਾਬ ਅੰਦਰ ਆਪਣੇ ਸਲੀਪਰ ਸੈੱਲਾਂ ਰਾਹੀਂ ਲੁਧਿਆਣਾ ਬੰਬ ਧਮਾਕੇ ਦੀ ਤਰ੍ਹਾਂ ਹੋਰ ਵੀ ਵਾਰਦਾਤਾਂ ਕਰਵਾ ਸਕਦੀਆਂ ਹਨ।

## ਨਕਲੀ ਸ਼ਰਾਬ ਵੇਚਣ ਵਾਲਿਆਂ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਹੋਈ- ਦੂਲੋ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸਮਸੇਰ ਸਿੰਘ ਦੂਲੋ ਨੇ ਚੰਨੀ ਸਰਕਾਰ 'ਤੇ ਹੱਲਾ ਬੋਲਦਿਆਂ ਪਾਰਟੀ ਪ੍ਰਧਾਨ ਨਵਜੋਤ ਸਿੱਧੂ ਦੀ ਪਿੱਠ 'ਤੇ ਆ ਗਏ ਹਨ। ਉਨ੍ਹਾਂ ਪੰਜਾਬ ਵਿੱਚ ਮਾਫ਼ੀਆ ਰਾਜ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਜੇਕਰ ਬਿਕਰਮ ਸਿੰਘ ਮਜੀਠੀਆ 'ਤੇ ਕੇਸ ਦਰਜ ਹੋ ਸਕਦਾ ਹੈ ਤਾਂ ਸੂਬੇ 'ਚ ਨਕਲੀ ਸਰਾਬ ਵੇਚਣ ਵਾਲੇ ਮਾਫ਼ੀਆ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਹੋ ਰਹੀ ਹੈ। ਰਾਜ ਸਭਾ ਮੈਂਬਰ ਨੇ ਚੰਨੀ ਸਰਕਾਰ ਦੀ 100 ਦਿਨਾਂ ਦੀ ਕਾਰਗੁਜ਼ਾਰੀ 'ਤੇ ਉਂਗਲ ਉਠਾਈ ਅਤੇ ਕਿਹਾ ਕਿ ਸਰਕਾਰ ਨੇ ਮਾਫ਼ੀਆ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਹੈ। ਉਨ੍ਹਾਂ ਕਿਹਾ ਕਿ ਕੋਵਿਡ ਸਮੇਂ ਦੌਰਾਨ ਨਕਲੀ ਸ਼ਰਾਬ ਦੀਆਂ 12 ਫ਼ੈਕਟਰੀਆਂ ਫ਼ੜੀਆਂ ਗਈਆਂ ਅਤੇ ਸੈਂਕੜੇ ਲੋਕ ਨਕਲੀ ਸਰਾਬ ਕਾਰਨ ਮਾਰੇ ਗਏ ਪਰ ਮੌਜੂਦਾ ਸਰਕਾਰ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਲਈ ਚੁੱਪ ਕਿਉਂ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਸ਼ਰਾਬ ਮਾਫ਼ੀਆ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਸੀ। ਚੇਤੇ ਰਹੇ ਕਿ ਕਾਂਗਰਸ ਪ੍ਰਧਾਨ ਨਵਜੋਤ ਸਿੱਧੂ ਕੁਝ ਦਿਨ ਪਹਿਲਾਂ ਸਾਬਕਾ ਪ੍ਰਧਾਨ ਦੂਲੋ ਦੇ ਘਰ ਗਏ ਸਨ। ਸ੍ਰੀ ਦੂਲੋ ਨੇ ਕਿਹਾ ਕਿ ਨਵਜੋਤ ਸਿੱਧੂ ਪੰਜਾਬ ਦੇ ਮਾਫ਼ੀਏ ਖ਼ਿਲਾਫ਼ ਖੁੱਲ੍ਹ ਕੇ ਬੋਲ ਰਹੇ ਹਨ ਪ੍ਰੰਤੂ ਸਿੱਧੂ ਦੀ ਸਰਕਾਰ ਵਿੱਚ ਕੋਈ ਸੁਣਵਾਈ ਨਹੀਂ ਹੈ ਜਿਸ ਤੋਂ ਸਾਫ਼ ਜ਼ਾਹਿਰ ਹੈ ਕਿ ਦਾਲ ਵਿੱਚ ਕੁਝ ਕਾਲਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੇ ਵਿਧਾਇਕ ਮਾਫ਼ੀਏ ਦੀ ਪਿੱਠ 'ਤੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਦੀ ਵੀ ਤਸਕਰਾਂ ਨਾਲ ਮਿਲੀਭੁਗਤ ਹੈ ਜਿਸ ਕਰ ਕੇ ਨਕਲੀ ਸਰਾਬ ਦੀਆਂ ਫ਼ੈਕਟਰੀਆਂ ਦੇ ਮਾਲਕਾਂ ਦੀ ਅੱਜ ਤਕ ਸ਼ਨਾਖ਼ਤ ਨਹੀਂ ਹੋ ਸਕੀ ਹੈ। ਉਨ੍ਹਾਂ ਕਿਹਾ ਕਿ ਆਉਂਦੀਆਂ ਚੋਣਾਂ 'ਚ ਮਾਫ਼ੀਆ ਨਾਲ ਜੁੜੇ ਲੋਕਾਂ ਨੂੰ ਟਿਕਟ ਨਹੀਂ ਮਿਲਣੀ ਚਾਹੀਦੀ ਹੈ। ਉਨ੍ਹਾਂ ਇਸ ਬਾਰੇ ਹਾਈਕਮਾਨ ਨਾਲ ਵੀ ਗੱਲਬਾਤ ਕੀਤੀ ਹੈ। ਦੂਲੋ ਨੇ ਚੰਨੀ ਸਰਕਾਰ 'ਤੇ ਸਿਆਸੀ ਹਮਲਾ ਬੋਲ ਕੇ ਹਾਈਕਮਾਨ ਲਈ ਇੱਕ ਹੋਰ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਨਵਜੋਤ ਸਿੱਧੂ ਅਤੇ ਮੁੱਖ ਮੰਤਰੀ ਚਰਨਜੀਤ ਚੰਨੀ ਦਰਮਿਆਨ ਸੁਰ ਮਿਲਣ ਲੱਗੇ ਸਨ।

# ਬੇਅਦਬੀ ਦੀਆਂ ਘਟਨਾਵਾਂ ਪਿੱਛੇ ਸਰਕਾਰੀ ਕਠਪੁਤਲੀਆਂ ਨੂੰ ਮਸੰਦਾਂ ਵੱਜੋਂ ਸਥਾਪਿਤ ਕਰਨ ਦੀ ਸਾਜ਼ਿਸ਼ - ਬਾਦਲ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)- ਅਕਾਲੀ ਦਲ ਦੇ ਸੁਪਰੀਮੋ ਅਤੇ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨੇ ਪਵਿੱਤਰ ਗੁਰਧਾਮਾਂ 'ਚ ਸਰਕਾਰੀ ਕਠਪੁਤਲੀਆਂ ਨੂੰ ਨਵੇਂ ਮਸੰਦਾਂ ਵਜੋਂ ਸਥਾਪਤ ਕਰਨ ਦੀਆਂ ਖ਼ਤਰਨਾਕ ਸਾਜ਼ਿਸ਼ਾਂ ਵਿਰੁੱਧ ਚਿਤਾਵਨੀ ਦਿੱਤੀ। ਬਾਦਲ ਨੇ ਕਿਹਾ ਕਿ ਖਾਲਸਾ ਪੰਥ ਨੂੰ ਕਮਜ਼ੋਰ ਕਰਨ ਅਤੇ ਇਸ ਦੀ ਨਿਆਰੀ ਤੇ ਵਿਲੱਖਣ ਧਾਰਮਿਕ ਪਛਾਣ ਨੂੰ ਖ਼ਤਮ ਕਰਨ ਵਾਸਤੇ ਡੂੰਘੀਆਂ ਚਾਲਬਾਜ਼ੀ ਵਾਲੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਸਾਡੇ ਪਵਿੱਤਰ ਗੁਰਧਾਮਾਂ ਅਤੇ ਉਨ੍ਹਾਂ ਦੀ ਨਿਵੇਕਲੀ ਧਾਰਮਿਕ ਵਿਚਾਰਧਾਰਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਤਾਕਤਵਰ ਏਜੰਸੀਆਂ ਵਲੋਂ ਕੌਮ ਦੇ ਅੰਦਰ ਬਗ਼ਾਵਤਾਂ ਕਰਵਾ ਕੇ, ਏਕਾ ਤੋੜ ਕੇ ਆਪਸੀ ਬੇਵਿਸਾਹੀ ਪੈਦਾ ਕਰਨ ਦੀਆਂ ਸਦੀਆਂ ਪੁਰਾਣੀਆਂ ਲੁਕਵੀਆਂ ਤਰਕੀਬਾਂ ਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਖ਼ਿਲਾਫ਼ ਕੌਮ ਨੂੰ ਚੌਕਸੀ ਨਾਲ ਪਹਿਰਾ ਦੇਣਾ ਪਵੇਗਾ।



ਸੀਨੀਅਰ ਰਾਜ ਨੇਤਾ ਸ੍ਰੀ ਹਰਿਮੰਦਿਰ ਸਾਹਿਬ ਕੌਮਪਲੈਕਸ 'ਚ ਮੰਜੀ ਸਾਹਿਬ ਦੀਵਾਨ ਹਾਲ 'ਚ ਵਿਸ਼ਾਲ ਪੰਥਕ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਇਹ ਇਕੱਠ ਸ੍ਰੀ ਹਰਿਮੰਦਿਰ ਸਾਹਿਬ ਦੇ ਅੰਦਰ ਬੇਅਦਬੀ ਕਰਨ ਦੇ ਕੀਤੇ ਗਏ ਯਤਨ ਸਮੇਤ ਬੇਅਦਬੀ ਦੀਆਂ ਪੀੜਾਦਾਇਕ ਘਟਨਾਵਾਂ ਖ਼ਿਲਾਫ਼ ਰੋਸ ਪ੍ਰਗਟ ਕਰਨ ਲਈ ਕੀਤਾ ਗਿਆ ਸੀ। ਬਾਦਲ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਫ਼ਿਰਕੂ ਧਰੁਵੀਕਰਨ ਨਾਲ ਪੰਜਾਬ ਨੂੰ ਮੁੜ ਅੱਗ ਦੀ ਭੱਠੀ 'ਚ ਝੋਕਣ ਦੀ ਖ਼ਤਰਨਾਕ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬਹੁਤ ਮੁਸ਼ਕਿਲ ਨਾਲ ਬਣੀ ਅਮਨ, ਸ਼ਾਂਤੀ ਅਤੇ ਫ਼ਿਰਕੂ ਸਦਭਾਵਨਾ ਦੇ ਮਾਹੌਲ ਨੂੰ ਤਾਕਤਾਂ ਲਾਂਬੂ ਲਾਉਣ ਦੇ ਚੱਕਰ 'ਚ ਹਨ। ਇਹ ਤਾਕਤਾਂ ਇਸ ਦਾ ਦੋਸ਼ ਵੀ ਪੰਜਾਬੀਆਂ ਸਿਰ ਮੜ੍ਹਨਗੀਆਂ ਤੇ 1980ਵਿਆਂ ਅਤੇ 1990ਵਿਆਂ ਨੂੰ ਦੁਹਰਾਅ ਕੇ ਆਪਣੇ ਸੌੜੇ ਸਿਆਸੀ ਹਿੱਤਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਪੰਥਕ ਇਕੱਠ ਦੌਰਾਨ ਬੇਅਦਬੀ ਦੀਆਂ ਹਾਲ ਹੀ 'ਚ ਵਾਪਰੀਆਂ ਘਟਨਾਵਾਂ ਦੀ ਹਾਈਕੋਰਟ ਦੇ ਮੌਜੂਦਾ ਜੱਜ ਕੋਲੋਂ ਜਾਂਚ ਕਰਵਾਏ ਜਾਣ ਦੀ ਮੰਗ ਵੀ ਕੀਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਪੰਜ ਸਾਲਾਂ ਦੌਰਾਨ ਬੇਅਦਬੀ ਦੇ ਮਾਮਲੇ 'ਤੇ ਸਿਰਫ਼ ਰਾਜਨੀਤੀ ਕੀਤੀ ਤੇ ਇਸ ਘਿਨੌਣੀ ਕਾਰਵਾਈ ਦੇ ਦੋਸ਼ੀਆਂ ਨੂੰ ਫ਼ੜਨ ਲਈ ਕੁੱਝ ਵੀ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਫ਼ਿਰ ਤੋਂ ਪੰਜਾਬ ਦਾ ਸ਼ਾਂਤਮਈ ਮਾਹੌਲ ਖਰਾਬ ਕਰਨ ਤੇ ਕੇਵਲ ਸਿਆਸੀ ਉਦੇਸ਼ਾਂ ਵਾਸਤੇ ਸਮਾਜ 'ਚ ਵੰਡੀਆਂ ਪਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ 13 ਸਤੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਤੇ 15 ਦਸੰਬਰ ਨੂੰ ਸ੍ਰੀ ਦਰਬਾਰ ਸਾਹਿਬ 'ਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਫ਼ੜਨ ਦੇ ਬਾਵਜੂਦ ਸਰਕਾਰ ਨੇ ਦੋਹਾਂ ਘਟਨਾਵਾਂ ਪਿਛਲੀ ਸਾਜ਼ਿਸ਼ ਬੇਨਕਾਬ ਕਰਨ ਵਾਸਤੇ ਕੱਖ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਿਰ ਸਾਹਿਬ ਅੰਦਰ ਵਾਪਰੀ ਬੇਅਦਬੀ ਦੀ ਘਟਨਾ ਲਈ ਮੁਲਜ਼ਮ ਦੀ ਸ਼ਨਾਖ਼ਤ ਕਰਨ ਦਾ ਹਾਲੇ ਤਕ ਕੋਈ ਯਤਨ ਨਹੀਂ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਕੌਮ ਆਪਣੇ ਧਾਰਮਿਕ ਮਾਮਲਿਆਂ 'ਚ ਕੋਈ ਵੀ ਦਖਲ ਬਰਦਾਸ਼ਤ ਨਹੀਂ ਕਰੇਗੀ ਅਤੇ ਉਨ੍ਹਾਂ ਨੇ ਸਿੱਖ ਕੌਮ ਨੂੰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਜ਼ਬੂਤ ਕਰਨ ਦਾ ਸੱਦਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਇਸ ਨਾਲ ਅਕਾਲੀ ਦਲ ਆਪਣੇ ਆਪ ਮਜ਼ਬੂਤ ਹੋ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਕਦੇ ਵੀ ਸਿਰਸਾ ਅਤੇ ਉਨ੍ਹਾਂ ਵਰਗੇ ਲੋਕਾਂ ਨੂੰ ਮੁਆਫ਼ ਨਹੀਂ ਕਰੇਗੀ ਜਿਨ੍ਹਾਂ ਨੇ ਆਪਣੀ ਤਾਕਤ ਤਾਂ ਸਿੱਖ ਧਾਰਮਿਕ ਸੰਸਥਾਵਾਂ ਤੋਂ ਹਾਸਿਲ ਕੀਤੀ ਤੇ ਫ਼ਿਰ ਇਨ੍ਹਾਂ ਦੀ ਪਿੱਠ 'ਚ ਛੁਰਾ ਮਾਰਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਤਖਤ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਸ਼ਾਸ਼ਨ 'ਚ ਦਖ਼ਲ ਦੇ ਰਹੀ ਹੈ।

# ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੀਆਂ ਔਰਤਾਂ ਤੇ ਧੀਆਂ ਲਈ ਕੀਤੇ ਵੱਡੇ ਐਲਾਨ

ਬਰਨਾਲਾ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਬਰਨਾਲਾ ਵਿਖੇ ਵੱਡੀ ਰੈਲੀ ਕੀਤੀ ਗਈ। ਇਸ ਦੌਰਾਨ ਸਿੱਧੂ ਨੇ ਔਰਤਾਂ ਲਈ ਵੱਡੇ ਐਲਾਨ ਕੀਤੇ। ਵੱਡੇ ਐਲਾਨ ਕਰਦਿਆਂ ਸਿੱਧੂ ਨੇ ਕਿਹਾ ਕਿ ਸਾਡੀ ਸਰਕਾਰ ਮੁੜ ਸੱਤਾ 'ਚ ਆਉਣ 'ਤੇ ਔਰਤਾਂ ਨੂੰ ਹਰ ਮਹੀਨੇ 2000 ਰੁਪਏ ਦਿੱਤੇ ਜਾਣਗੇ। ਇਸ ਦੇ ਨਾਲ ਹੀ 8 ਸਿਲੰਡਰ ਵੀ ਦਿੱਤੇ ਜਾਣਗੇ। ਉੱਥੇ ਹੀ ਸਿੱਧੂ ਨੇ ਧੀਆਂ ਲਈ ਵੀ ਵੱਡੇ ਐਲਾਨ ਕਰਦੇ ਹੋਏ ਕਿਹਾ ਕਿ 5ਵੀਂ ਪਾਸ ਕਰਨ ਵਾਲੀਆਂ ਕੁੜੀਆਂ ਦੀ ਹੌਂਸਲਾ ਅਫ਼ਜ਼ਾਈ ਲਈ 5 ਹਜ਼ਾਰ ਰੁਪਏ ਦਿੱਤੇ ਜਾਣਗੇ ਅਤੇ 10ਵੀਂ ਪਾਸ ਕੁੜੀਆਂ ਲਈ 15 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ। ਇਸ ਦੇ




ਇਲਾਵਾ ਸਿੱਧੂ ਨੇ ਕਿਹਾ ਕਿ 12ਵੀਂ ਪਾਸ ਕੁੜੀਆਂ ਨੂੰ ਪੰਜਾਬ ਸਰਕਾਰ ਵਲੋਂ 20 ਹਜ਼ਾਰ ਰੁਪਏ ਦਿੱਤੇ ਜਾਣਗੇ। ਹੋਰ ਵੀ ਵੱਡੇ ਐਲਾਨ ਕਰਦੇ ਹੋਏ ਸਿੱਧੂ ਨੇ ਕਿਹਾ ਕਿ ਜੇਕਰ ਕੋਈ ਆਪਣਾ ਮਕਾਨ ਆਪਣੀ ਧੀ, ਮਾਂ ਦੇ ਨਾਮ ਕਰਵਾਉਂਦਾ ਹੈ, ਉਹ ਮੁਫ਼ਤ ਹੋਵੇਗਾ, ਇਸ ਦੇ ਲਈ ਕੋਈ ਪੈਸਾ ਨਹੀਂ ਲੱਗੇਗਾ। ਪੰਜਾਬ 'ਚ ਕੁੜੀਆਂ ਅਤੇ ਔਰਤਾਂ ਦੇ ਨਾਂ 'ਤੇ ਰਜਿਸਟਰੀ ਮੁਫ਼ਤ ਹੋਇਆ ਕਰੇਗੀ। ਸਿੱਧੂ ਨੇ ਕਿਹਾ ਕਿ ਇਹ ਸਾਰਾ ਪੈਸਾ ਔਰਤਾਂ ਨੂੰ ਮਾਫ਼ੀਆ ਖ਼ਤਮ ਕਰ ਕੇ ਦਿੱਤਾ ਜਾਵੇਗਾ। ਅੱਗੇ ਬੋਲਦੇ ਹੋਏ ਸਿੱਧੂ ਨੇ ਕਿਹਾ ਕਿ ਜੇਕਰ ਕੁੜੀ ਨੇ ਇੱਥੋਂ ਪੜ੍ਹਾਈ ਖ਼ਤਮ ਕਰ ਕੇ ਬਾਹਰ ਜਾ ਕੇ ਆਪਣੀ ਵੱਡੀ ਪੜ੍ਹਾਈ ਕਰਨੀ ਹੈ, ਉਸ ਨੂੰ ਇੱਕ ਕੰਪਿਊਟਰ ਦਿੱਤਾ ਜਾਵੇਗਾ ਕਾਲਜ ਜਾਣ ਵਾਲੀਆਂ ਕੁੜੀਆਂ ਨੂੰ ਦੇਵਾਂਗੇ ਇਲੈਕਟ੍ਰਿਕ ਸਕੂਟਰੀ ਮੁਹੱਈਆ ਕਰਵਾਈ ਜਾਵੇਗੀ। ਅਸੀਂ ਪੰਜਾਬ 'ਚ ਹਰ ਔਰਤ ਨੂੰ ਆਤਮ ਨਿਰਭਰ ਬਣਾਉਣਾ ਹੈ। ਉਥੇ ਹੀ ਖੇਤ ਮਜ਼ਦੂਰੀ ਕਰਨ ਵਾਲੀਆਂ ਔਰਤਾਂ ਨੂੰ 400 ਰੁਪਏ ਦਿਹਾੜੀ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਸਿੱਧੂ ਨੇ ਔਰਤਾਂ ਦੀ ਸੁਰੱਖਿਆ ਲਈ ਪਿੰਡਾਂ 'ਚ ਮਹਿਲਾ ਕਮਾਂਡੋ ਬਟਾਲੀਅਨ ਬਣਾਈ ਜਾਵੇਗੀ। ਉੱਥੇ ਹੀ ਕੇਜਰੀਵਾਲ 'ਤੇ ਨਿਸ਼ਾਨਾ ਸਾਧਦੇ ਹੋਏ ਸਿੱਧੂ ਨੇ ਕਿਹਾ ਕਿ ਹਰ ਵਾਰੀ ਪੰਜਾਬ 'ਚ ਆ ਕੇ ਕੇਜਰੀਵਾਲ ਡਰਾਮਾ ਕਰਦੇ ਹਨ। ਦਿੱਲੀ ਦੀ ਕੈਬਨਿਟ 'ਚ ਇੱਕ ਵੀ ਔਰਤ ਨੂੰ ਨਹੀਂ ਰੱਖਿਆ ਹੈ। ਇਥੇ ਦੱਸ ਦੇਈਏ ਕੇਜਰੀਵਾਲ ਵੱਲੋਂ ਪਿਛਲੇ ਦਿਨੀਂ ਔਰਤਾਂ ਲਈ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਔਰਤਾਂ ਨੂੰ ਇੱਕ-ਇੱਕ ਹਜ਼ਾਰ ਰੁਪਏ ਦਿੱਤੇ ਜਾਣਗੇ। ਉਥੇ ਹੀ ਹੁਣ ਨਵਜੋਤ ਸਿੱਧੂ ਨੇ ਵੱਡੇ ਐਲਾਨ ਕਰਦੇ ਹੋਏ ਔਰਤਾਂ ਨੂੰ 2 ਹਜ਼ਾਰ ਰੁਪਏ ਅਤੇ 8 ਸਿਲੰਡਰ ਦੇਣ ਦਾ ਐਲਾਨ ਕੀਤਾ ਹੈ।

## ਗ੍ਰਹਿ ਮੰਤਰੀ ਰੰਧਾਵਾ ਦੀ ਜਥੇਦਾਰ ਹਰਪ੍ਰੀਤ ਸਿੰਘ ਨੂੰ ਚਿੱਠੀ, ਪੰਥਕ ਇਕੱਠ ਨੂੰ ਲੈ ਕੇ 'ਬਾਦਲ ਦਲ' 'ਤੇ ਚੁੱਕੇ ਸਵਾਲ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)- ਪੰਜਾਬ ਦੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸ੍ਰੀ ਹਰਿਮੰਦਰ ਸਾਹਿਬ 'ਚ ਮਨਾਏ ਗਏ ਰੋਸ ਦਿਵਸ ਨੂੰ ਲੈ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਚਿੱਠੀ ਲਿਖੀ ਹੈ। ਗ੍ਰਹਿ ਮੰਤਰੀ ਰੰਧਾਵਾ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਵਲੋਂ ਮਨਾਏ ਗਏ ਰੋਸ ਦਿਵਸ ਨਾਲ ਉਨ੍ਹਾਂ ਦੇ ਹਿਰਦੇ ਨੂੰ ਬਹੁਤ ਠੇਸ ਪਹੁੰਚੀ ਹੈ ਕਿ ਇਹ ਰੋਸ ਦਿਵਸ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਹਾਜ਼ਰੀ 'ਚ ਮਨਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਪੰਥਕ ਇਕੱਠ ਸ਼੍ਰੋਮਣੀ ਕਮੇਟੀ ਨੂੰ ਤਕੜਾ ਕਰਨ ਤਕ ਤਾਂ ਵਾਜਿਬ ਹੈ ਪਰ ਜੋ ਤੁਹਾਡੇ ਵਲੋਂ ਅਪੀਲ ਰਾਹੀਂ ਬਾਦਲ ਦਲ ਨੂੰ ਤਕੜਾ ਕਰਨ ਦੀ ਗੱਲ ਕੀਤੀ ਗਈ, ਉਸ ਨਾਲ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਬਾਦਲ ਦਲ ਨੇ ਆਪਣੇ ਆਪ ਨੂੰ ਪੰਥ ਤੇ ਪੰਥਕ ਹੋਣ ਤੋਂ ਸਾਲ 1996 ਦੀ ਮੋਗਾ ਕਾਨਫ਼ਰੰਸ ਵੇਲੇ ਤੇ ਬਾਅਦ 'ਚ ਭਾਰਤੀ ਚੋਣ ਕਮਿਸ਼ਨ ਕੋਲ ਸੰਵਿਧਾਨ ਪੇਸ਼ ਕਰ ਕੇ ਵੱਖ ਕਰ ਲਿਆ ਸੀ। ਉਨ੍ਹਾਂ ਕਿਹਾ ਕਿ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਤੋਂ ਆਪ ਜੀ ਦੀ ਮੌਜੂਦਗੀ 'ਚ ਹੋਈਆਂ ਤਕਰੀਰਾਂ ਵਿੱਚ ਜਿਥੇ ਪੰਥ ਨੂੰ ਮਸੰਦਾਂ ਦੇ ਕਾਬਜ਼ ਹੋਣ ਤੋਂ ਸੁਚੇਤ ਕੀਤਾ ਗਿਆ ਹੈ, ਇਹ ਵੀ ਪੁੱਛਣ ਦੀ ਲੋੜ ਹੈ ਕਿ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ 'ਤੇ ਕਾਬਜ ਰਹਿ ਕੇ ਕਿਸ ਨੇ 'ਜਾਮ ਏ ਇੰਸਾਂ' ਵਿੱਚ ਸ਼ਾਮਲ ਡੇਰਾਦਾਰ ਨਾਲ ਸਾਂਝਾਂ ਪੁਗਾਈਆਂ ਤੇ ਉਸ ਨੂੰ ਬਠਿੰਡਾ ਕੇਸ 'ਚੋਂ ਖਾਰਜ ਕਰਨ ਲਈ ਸਾਲ 2012 'ਚ ਖਾਰਜ ਰਿਪੋਰਟ ਭਰੀ। ਇਸ ਦੌਰਾਨ ਤੁਹਾਡੇ ਵੱਲੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਕਰਦਿਆਂ ਉਸ ਦੀਆਂ ਵੋਟਾਂ ਲਈਆਂ ਗਈਆਂ। ਇਸੇ ਤੋਂ ਉਤਸ਼ਾਹਿਤ ਹੋ ਕੇ ਉਸ ਡੇਰੇਦਾਰ ਨੇ ਫ਼ਿਲਮਾਂ ਚਲਾਈਆਂ ਤੇ ਇਨ੍ਹਾਂ ਦੀ ਪੁਸ਼ਤਪਨਾਹੀ 'ਚ ਸਾਲ 2015 ਦੀਆਂ ਹਿਰਦੇ ਵਲੂੰਧਰਨ ਵਾਲੀਆਂ ਬੇਅਦਬੀ ਦੀਆਂ ਘਟਨਾਵਾਂ ਬਰਗਾੜੀ, ਮਲਕੇ ਤੇ ਗੁਰੂਸਰ ਭਗਤਾ ਆਦਿ ਨੂੰ ਅੰਜ਼ਾਮ ਦਿੱਤਾ। ਉਨ੍ਹਾਂ ਕਿਹਾ ਕਿ ਇਸੇ ਸਮੇਂ ਦੌਰਾਨ ਤੱਤਕਾਲੀ ਜਥੇਦਾਰ ਸਾਹਿਬਾਨ ਤੇ ਸ਼੍ਰੋਮਣੀ ਕਮੇਟੀ ਨੂੰ ਮਜਬੂਰ ਕਰ ਕੇ ਪਹਿਲਾਂ ਸੌਦੇ ਸਾਧ ਨੂੰ ਮੁਆਫ਼ੀ ਦਿਵਾਈ।

ਇਸ ਦੌਰਾਨ ਕਰੋੜਾਂ ਰੁਪਏ ਗੁਰੂ ਦੀਆਂ ਗੋਲਕਾਂ ਵਿੱਚੋਂ ਇਸ ਨੂੰ ਵਾਜਿਬ ਠਹਿਰਾਉਣ ਲਈ ਇਸ਼ਤਿਹਾਰਾਂ 'ਤੇ ਖਰਚੇ। ਗ੍ਰਹਿ ਮੰਤਰੀ ਨੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬੇਨਤੀ ਕੀਤੀ ਕਿ ਪੰਥਕ ਰਵਾਇਤਾਂ ਮੁਤਾਬਕ ਬਾਦਲ ਪਿਓ-ਪੁੱਤ ਨੂੰ ਹਾਜ਼ਰ ਕਰ ਕੇ ਕੌਮ 'ਚੋਂ ਖਾਰਜ ਕੀਤਾ ਜਾਵੇ।

The Punjabi Newspaper
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

# 2022

## ਪੰਜਾਬ ਸਰਕਾਰ ਦੀਆਂ ਪ੍ਰਵਾਨਿਤ ਛੁੱਟੀਆਂ*

| | |
|---|---|
| ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | 9 ਜਨਵਰੀ |
| ਗਣਤੰਤਰ ਦਿਵਸ | 26 ਜਨਵਰੀ |
| ਜਨਮ ਦਿਵਸ ਸ੍ਰੀ ਗੁਰੂ ਰਵਿਦਾਸ ਜੀ | 16 ਫਰਵਰੀ |
| ਮਹਾਂ ਸ਼ਿਵਰਾਤਰੀ | 1 ਮਾਰਚ |
| ਹੋਲੀ | 18 ਮਾਰਚ |
| ਜਨਮ ਦਿਵਸ ਸ੍ਰੀ ਨਾਭਾ ਦਾਸ ਜੀ | 8 ਅਪ੍ਰੈਲ |
| ਰਾਮ ਨੌਮੀ | 10 ਅਪ੍ਰੈਲ |
| ਮਹਾਂਵੀਰ ਜੈਅੰਤੀ | 14 ਅਪ੍ਰੈਲ |
| ਵਿਸਾਖੀ | 14 ਅਪ੍ਰੈਲ |
| ਜਨਮ ਦਿਨ ਡਾ. ਬੀ.ਆਰ. ਅੰਬੇਡਕਰ | 14 ਅਪ੍ਰੈਲ |
| ਗੁੱਡ ਫਰਾਈਡੇ | 15 ਅਪ੍ਰੈਲ |
| ਈਦ-ਉਲ-ਫਿਤਰ | 3 ਮਈ |
| ਭਗਵਾਨ ਪਰਸ਼ੂਰਾਮ ਜੈਅੰਤੀ | 3 ਮਈ |
| ਸ਼ਹੀਦੀ ਦਿਵਸ | |
| ਸ੍ਰੀ ਗੁਰੂ ਅਰਜਨ ਦੇਵ ਜੀ | 3 ਜੂਨ |
| ਕਬੀਰ ਜੈਅੰਤੀ | 14 ਜੂਨ |
| ਈਦ-ਉੱਲ-ਜੂਹਾ (ਬਕਰੀਦ) | 10 ਜੁਲਾਈ |
| ਸੁਤੰਤਰਤਾ ਦਿਵਸ | 15 ਅਗਸਤ |
| ਜਨਮ ਅਸ਼ਟਮੀ | 19 ਅਗਸਤ |
| ਮਹਾਰਾਜ ਅਗਰਸੈਨ ਜੈਅੰਤੀ | 26 ਸਤੰਬਰ |
| ਜਨਮ ਦਿਨ ਮਹਾਤਮਾ ਗਾਂਧੀ | 2 ਅਕਤੂਬਰ |
| ਦੁਸਹਿਰਾ | 5 ਅਕਤੂਬਰ |
| ਜਨਮ ਦਿਵਸ | |
| ਸ੍ਰੀ ਮਹਾਂਰਿਸ਼ੀ ਵਾਲਮੀਕਿ ਜੀ | 9 ਅਕਤੂਬਰ |
| ਦੀਵਾਲੀ | 24 ਅਕਤੂਬਰ |
| ਵਿਸ਼ਵਕਰਮਾ ਦਿਵਸ | 25 ਅਕਤੂਬਰ |
| ਪ੍ਰਕਾਸ਼ ਪੁਰਬ ਸਾਹਿਬ | |
| ਸ੍ਰੀ ਗੁਰੂ ਨਾਨਕ ਦੇਵ ਜੀ | 8 ਨਵੰਬਰ |
| ਸ਼ਹੀਦੀ ਦਿਵਸ | |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 28 ਨਵੰਬਰ |
| ਕ੍ਰਿਸਮਸ | 25 ਦਸੰਬਰ |
| ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ | 29 ਦਸੰਬਰ |

## ਹੋਰ ਰਾਖਵੀਆਂ ਛੁੱਟੀਆਂ

| | |
|---|---|
| ਨਵਾਂ ਸਾਲ ਦਿਵਸ | 1 ਜਨਵਰੀ |
| ਲੋਹੜੀ | 13 ਜਨਵਰੀ |
| ਭਗਵਾਨ ਆਦਿ ਨਾਥ ਜੀ ਦਾ | |
| ਨਿਰਵਾਣ ਦਿਵਸ | 31 ਜਨਵਰੀ |
| ਬਸੰਤ ਪੰਚਮੀ/ਜਨਮ ਦਿਵਸ | |
| ਸਤਿਗੁਰੂ ਰਾਮ ਸਿੰਘ ਜੀ | 5 ਫਰਵਰੀ |
| ਅੰਤਰਰਾਸ਼ਟਰੀ ਮਹਿਲਾ ਦਿਵਸ | 8 ਮਾਰਚ |
| ਹੋਲਾ ਮਹੱਲਾ | 19 ਮਾਰਚ |
| ਸ਼ਹੀਦੀ ਦਿਹਾੜਾ ਸ: ਭਗਤ ਸਿੰਘ | 23 ਮਾਰਚ |
| ਮਈ ਦਿਵਸ | 1 ਮਈ |
| ਬੁੱਧ ਪੂਰਨਿਮਾ | 16 ਮਈ |
| ਨਿਰਜਲਾ ਇਕਾਦਸ਼ੀ | 10 ਜੂਨ |
| ਬਰਸੀ ਮਹਾਰਾਜਾ ਰਣਜੀਤ ਸਿੰਘ | 29 ਜੂਨ |
| ਸ਼ਹੀਦੀ ਦਿਹਾੜਾ ਸ: ਊਧਮ ਸਿੰਘ | 31 ਜੁਲਾਈ |
| ਮੁਹੱਰਮ | 9 ਅਗਸਤ |
| ਪਹਿਲਾ ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 28 ਅਗਸਤ |
| ਜਨਮ ਦਿਹਾੜਾ ਬਾਬਾ ਜੀਵਨ ਸਿੰਘ ਜੀ | 5 ਸਤੰਬਰ |
| ਜਨਮ ਦਿਹਾੜਾ ਬਾਬਾ ਸ੍ਰੀਚੰਦ ਜੀ | 5 ਸਤੰਬਰ |
| ਅਨੰਤ ਚਤੁਰਦਸ਼ੀ | 9 ਸਤੰਬਰ |
| ਸਾਰਾਗੜ੍ਹੀ ਦਿਵਸ | 12 ਸਤੰਬਰ |
| ਜਨਮ ਦਿਨ ਸ: ਭਗਤ ਸਿੰਘ | 28 ਸਤੰਬਰ |
| ਜਨਮ ਦਿਨ ਪੈਗੰਬਰ ਮੁਹੰਮਦ ਸਾਹਿਬ (ਮਿਲਾਦ-ਉੱਨ-ਨਬੀ ਜਾਂ ਈਦ-ਏ-ਮਿਲਾਦ) | 9 ਅਕਤੂਬਰ |
| ਪ੍ਰਕਾਸ਼ ਪੁਰਬ | |
| ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 11 ਅਕਤੂਬਰ |
| ਕਰਵਾ ਚੌਥ | 13 ਅਕਤੂਬਰ |
| ਜਨਮ ਦਿਵਸ | |
| ਬਾਬਾ ਬੰਦਾ ਸਿੰਘ ਜੀ ਬਹਾਦਰ | 16 ਅਕਤੂਬਰ |
| ਗੋਵਰਧਨ ਪੂਜਾ | 25 ਅਕਤੂਬਰ |
| ਗੁਰਤਾਗੱਦੀ ਦਿਵਸ | |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 27 ਅਕਤੂਬਰ |
| ਛਠ ਪੂਜਾ | 30 ਅਕਤੂਬਰ |
| ਨਵਾਂ ਪੰਜਾਬ ਦਿਹਾੜਾ | 1 ਨਵੰਬਰ |
| ਜਨਮ ਦਿਵਸ ਭਗਤ ਨਾਮਦੇਵ ਜੀ | 4 ਨਵੰਬਰ |
| ਸ਼ਹੀਦੀ ਦਿਹਾੜਾ | |
| ਸ: ਕਰਤਾਰ ਸਿੰਘ ਸਰਾਭਾ | 16 ਨਵੰਬਰ |
| ਸ਼ਹੀਦੀ ਜੋੜ ਮੇਲ | 26, 27 ਅਤੇ |
| ਸ੍ਰੀ ਫ਼ਤਹਿਗੜ੍ਹ ਸਾਹਿਬ | 28 ਦਸੰਬਰ |

* ਛੁੱਟੀਆਂ ਮਿਲਾਉਣ ਲਈ ਪੰਜਾਬ ਸਰਕਾਰ ਦਾ ਗਜ਼ਟ ਦੇਖੋ



ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ)

ਤਸਵੀਰ : ਹਰਜਿੰਦਰ ਸਿੰਘ ਖਹਿਰਾ ਅਤੇ ਅਵਤਾਰ ਸਿੰਘ ਰੰਧਾਵਾ

### ਜਨਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 14 • ਪੂਰਨਮਾਸ਼ੀ 17 • ਮੱਸਿਆ 2

### ਫਰਵਰੀ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | | | | | |

• ਸੰਗਰਾਂਦ 12 • ਪੂਰਨਮਾਸ਼ੀ 16 • ਮੱਸਿਆ 1

### ਮਾਰਚ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

• ਸੰਗਰਾਂਦ 14 • ਪੂਰਨਮਾਸ਼ੀ 18 • ਮੱਸਿਆ 2

### ਅਪ੍ਰੈਲ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 14 • ਪੂਰਨਮਾਸ਼ੀ 16 • ਮੱਸਿਆ 1, 30

### ਮਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

• ਸੰਗਰਾਂਦ 14 • ਪੂਰਨਮਾਸ਼ੀ 16 • ਮੱਸਿਆ 30

### ਜੂਨ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

• ਸੰਗਰਾਂਦ 15 • ਪੂਰਨਮਾਸ਼ੀ 14 • ਮੱਸਿਆ 29

### ਜੁਲਾਈ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 31 | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |

• ਸੰਗਰਾਂਦ 16 • ਪੂਰਨਮਾਸ਼ੀ 13 • ਮੱਸਿਆ 28

### ਅਗਸਤ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

• ਸੰਗਰਾਂਦ 17 • ਪੂਰਨਮਾਸ਼ੀ 12 • ਮੱਸਿਆ 27

### ਸਤੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | |

• ਸੰਗਰਾਂਦ 17 • ਪੂਰਨਮਾਸ਼ੀ 10 • ਮੱਸਿਆ 25

### ਅਕਤੂਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| 30 | 31 | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |

• ਸੰਗਰਾਂਦ 17 • ਪੂਰਨਮਾਸ਼ੀ 9 • ਮੱਸਿਆ 25

### ਨਵੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

• ਸੰਗਰਾਂਦ 16 • ਪੂਰਨਮਾਸ਼ੀ 8 • ਮੱਸਿਆ 23

### ਦਸੰਬਰ

| ਐਤ: | ਸੋਮ: | ਮੰਗਲ: | ਬੁੱਧ: | ਵੀਰ: | ਸ਼ੁੱਕਰ: | ਸ਼ਨੀ: |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

• ਸੰਗਰਾਂਦ 16 • ਪੂਰਨਮਾਸ਼ੀ 8 • ਮੱਸਿਆ 23

# ਗੁਰਦੁਆਰਾ ਸਿੱਖ ਸੋਸਾਇਟੀ ਔਫ ਮੈਨੀਟੋਬਾ ਵਿਖੇ ਲਗਾਇਆ ਗਿਆ ਤਿੰਨ ਦਿਨਾਂ ਦਾਸਤਾਨ-ਏ-ਸ਼ਹਾਦਤ ਕੈਂਪ

ਰੀਜਾਇਨਾ (ਪੰਜਾਬੀ ਅਖਬਾਰ ਬਿਊਰੋ): ਅੱਜ ਵਿਦੇਸ਼ਾਂ ਵਿੱਚ ਸਿੱਖ ਮਾਪੇ ਇਸ ਗੰਭੀਰ ਵਿਸ਼ੇ ਪ੍ਰਤੀ ਬਹੁਤ ਹੀ ਚਿੰਤਤ ਹਨ ਕਿ ਦੁਨੀਆਂ ਭਰ ਵਿੱਚ ਵਸ ਰਹੀ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਸਾਹਿਬਾਨਾਂ ਵੱਲੋਂ ਬਖਸ਼ੇ ਅਮੀਰ ਵਿਰਸੇ ਨਾਲ ਅਤੇ ਮਾਂ ਬੋਲੀ ਨਾਲ ਕਿਵੇਂ ਜੋੜ ਕੇ ਰੱਖਿਆ ਜਾਵੇ ਅਤੇ ਉਹਨਾਂ ਨੂੰ ਭੈੜੀ ਸੰਗਤ ਦੇ ਮਾੜੇ ਪ੍ਰਭਾਵਾਂ ਤੋਂ ਬਚਾਉਣ ਲਈ ਕਿਵੇਂ ਸਾਰਥਿਕ ਯਤਨ ਕੀਤੇ ਜਾਣ? ਕਹਿੰਦੇ ਹਨ ਕਿ ਕੁਦਰਤ ਦਾ ਇੱਕ ਨਿਯਮ ਹੈ ਕਿ ਜਦੋਂ ਵੀ ਸਮਾਜ ਅੰਦਰ ਕੁੱਝ ਵੱਡੀਆਂ ਚਣੌਤੀਆਂ ਸਮੂਹਿਕ ਚਿੰਤਾ ਪੈਦਾ ਕਰਦੀਆਂ ਹਨ। ਉਸ ਸਮੇਂ ਕੁੱਝ ਵਿਅਕਤੀ ਦੂਜਿਆਂ ਲਈ ਆਪਾ ਵਾਰਨ ਦੀ ਭਾਵਨਾ ਨਾਲ ਦਿਨ ਰਾਤ ਇੱਕ ਕਰਕੇ ਐਸੀ ਮਿਹਨਤ ਕਰਦੇ ਹਨ ਜੋ ਸਮਾਜ ਨੂੰ ਕੋਈ ਨਾ ਕੋਈ ਨਿਵੀਂ ਦਿਸ਼ਾ ਦਿਖਾਉਣ ਲਈ ਐਸਾ ਰਾਹ ਖੋਹਲ ਦਿੰਦੇ ਹਨ ਜਿਸ ਨਾਲ ਕੌਮੀ ਇਤਿਹਾਸ ਸਿਰਜਿਆ ਜਾਂਦਾ ਹੈ।

ਐਸੀ ਹੀ ਮਾਣਮੱਤੀ ਸ਼ਖਸ਼ੀਅਤ ਹਨ ਕੈਨੇਡਾ ਦੇ ਸ਼ਹਿਰ ਰੀਜਾਇਨਾ ਦੇ ਰਹਿਣ ਵਾਲੇ ਰਾਮ ਸਿੰਘ ਚਹਿਲਾਂ ਜੋ ਕੈਨੇਡਾ ਵਸਦੀ ਸਿੱਖ ਕੌਮ ਦੀ ਨਵੀਂ ਪੀੜ੍ਹੀ ਨੂੰ ਗੁਰੂ ਸਾਹਿਬਾਨਾਂ ਦੇ ਅਮੀਰ ਵਿਰਸੇ ਅਤੇ ਮਾਂ ਬੋਲੀ ਨਾਲ ਜੋੜਣ ਲਈ ਅਣਥੱਕ ਮਿਹਨਤ ਕਰਕੇ ਇੱਕ ਨਵਾਂ ਇਤਿਹਾਸ ਸਿਰਜ ਰਹੇ ਹਨ। ਜਿੱਥੇ ਉਹ ਸੰਸਾਰ ਭਰ ਦੇ ਸਿੱਖ ਬੱਚਿਆਂ ਅਤੇ ਨੌਜਵਾਨਾਂ ਲਈ ਔਨਲਾਈਨ ਗੁਰ ਗਿਆਨ ਅਕੈਡਮੀ ਚਲਾ ਰਹੇ ਹਨ ਉੱਥੇ ਉਹ ਕੈਲਗਰੀ ਦੇ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਵਿਖੇ ਹਰੇਕ ਸ਼ੁਕੱਰਵਾਰ ਨੂੰ ਤਿੰਨ ਸਾਲ ਤੋਂ ਸੱਤ ਸਾਲ ਦੀ ਉਮਰ ਦੇ ਛੋਟੇ ਬੱਚਿਆਂ ਲਈ ਬਾਲ ਦਰਬਾਰ, ਹਰੇਕ ਸ਼ਨਿੱਚਰਵਾਰ ਨੂੰ ਅੱਠ ਸਾਲ ਤੋਂ ਸੋਲਾਂ ਸਾਲ ਦੀ ਉਮਰ ਦੇ ਨੌਜਵਾਨਾਂ ਲਈ ਯੂਥ ਦਰਬਾਰ ਅਤੇ ਹਰੇਕ ਐਂਤਵਾਰ ਨੂੰ ਸਿੱਖ ਪਰਿਵਾਰਾਂ ਲਈ ਫੈਮਿਲੀ ਦਰਬਾਰ ਪ੍ਰੋਗਰਾਮ ਬਹੁਤ ਹੀ ਸਫਲਤਾ ਪੂਰਵਕ ਨਿਭਾ ਰਹੇ ਹਨ, ਜੋ ਕਿ ਸਾਰੇ ਪ੍ਰੋਗਰਾਮ ਮਲਟੀਮੀਢੀਏ (ਪਾਵਰ ਪੁਆਂਇਟ ਸਲਾਈਡ ਸ਼ੋਅ) ਰਾਹੀਂ ਕਰਦੇ ਹਨ। ਪਿਛਲੇ ਹਫਤੇ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਉਹਨਾਂ ਨੇ ਪਹਿਲਾਂ ਕੈਲਗਰੀ ਵਿੱਚ 400 ਬੱਚਿਆਂ ਦਾ ਚਾਰ ਰੋਜ਼ਾ ਕੈਂਪ ਲਗਾਇਆ ਅਤੇ ਫਿਰ ਗੁਰਦੁਆਰਾ ਸਿੱਖ ਸੋਸਾਇਟੀ ਔਫ ਮੈਨੀਟੋਬਾ, ਵਿਨੀਪੈਗ ਵਿਖੇ 150 ਬੱਚਿਆਂ ਦਾ ਦਾਸਤਾਨ-ਏ-ਸ਼ਹਾਦਤ ਕੈਂਪ ਬਹੁਤ ਹੀ ਸਫਲਤਾ ਪੂਰਬਕ ਲਗਾਇਆ। ਜਿਸ ਵਿੱਚ ਉਹਨਾਂ ਨੇ ਜਿੱਥੇ ਬੱਚਿਆਂ ਤੇ ਨੌਜਵਾਨਾਂ ਨੂੰ ਬਹੁਤ ਦਿਲਚਸਪ ਤਰੀਕੇ ਨਾਲ ਗੁਰੂ ਵਿਰਸੇ ਦਾ ਗਿਆਨ ਵੰਡਿਆ ਉੱਥੇ ਉਹਨਾਂ ਨੂੰ ਆਪਣੇ ਘਰਾਂ ਵਿੱਚ ਅਤੇ ਸਮਾਜ ਵਿੱਚ ਜਿੰਦਗੀ ਜਿਉਣ ਦੇ ਬਾ-ਕਮਾਲ ਗੁਰ ਸਮਝਾਏ। ਰਾਮ ਸਿੰਘ ਚਹਿਲਾਂ ਵੱਲੋਂ ਨਵੀਂ ਪੀੜ੍ਹੀ ਨੂੰ ਜੋੜਣ ਦੀ ਮੁਹਾਰਿਤ ਅਤੇ ਉਹਨਾਂ ਅੰਦਰ ਆਪਾ ਵਾਰਨ ਦਾ ਜ਼ਨੂਨ ਅਤੇ ਜ਼ਜ਼ਬਾ ਦੇਖ ਕੇ ਕੈਲਗਰੀ ਅਤੇ ਵਿਨੀਪੈਗ ਦੇ ਸਿੱਖ ਮਾਪੇ ਕਹਿ ਰਹੇ ਸਨ ਕਿ ਜਿੱਥੇ ਸਾਨੂੰ ਘਰਾਂ ਵਿੱਚ ਚਾਰ ਬੱਚੇ ਕੰਟਰੋਲ ਕਰਨੇ ਔਖੇ ਹੋ ਜਾਂਦੇ ਹਨ ਉੱਥੇ ਰਾਮ ਸਿੰਘ ਜੀ ਸੈਂਕੜੇ ਬੱਚਿਆਂ ਨੂੰ ਕੀਲ ਕੇ ਬਿਠਾਉਣ ਵਿੱਚ ਵੀ ਮਾਹਿਰ ਹਨ ਅਤੇ ਜਿਸ ਤਰੀਕੇ ਨਾਲ ਉਹ ਬੱਚਿਆਂ ਅੰਦਰ ਚੰਗੇ ਸੰਸਕਾਰਾਂ ਦੇ ਬੀਜ ਬੀਜ ਰਹੇ ਹਨ ਉਸ ਨਾਲ ਸਾਡੇ ਬੱਚਿਆਂ ਅਤੇ ਸਾਡੇ ਘਰਾਂ ਵਿੱਚ ਜੋ ਮਹੌਲ ਬਦਲਿਆ ਬਦਲਿਆ ਮਹਿਸੂਸ ਹੋ ਰਿਹਾ ਹੈ, ਇਸ ਲਈ ਸਾਨੂੰ ਂਧ ਤੋਂ ਵੱਧ ਗੁਰ ਗਿਆਨ ਪ੍ਰਚਾਰ ਨੂੰ ਸਹਿਯੋਗ ਦੇਣ ਦੀ ਜਰੂਰਤ ਹੈ।

ਵਿਨੀਪੈਗ ਦੇ ਤਿੰਨ ਦਿਨਾਂ ਕੈਂਪ ਦੀ ਸਮਾਪਤੀ ਸਮੇਂ ਗੁਰਦੁਆਰਾ ਸਿੱਖ ਸੋਸਾਇਟੀ ਔਫ ਮੈਨੀਟੋਬਾ ਦੇ ਪ੍ਰਧਾਨ ਹਰਜਿੰਦਰ ਕੌਰ (ਰਾਜ ਭੈਣਜੀ) ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਸਭ ਤੋਂ ਕੀਮਤੀ ਕਾਰਜ ਹੈ ਨਵੀਂ ਪੀੜ੍ਹੀ ਨੂੰ ਗੁਰੂ ਵਿਰਸੇ ਨਾਲ ਜੋੜਣਾ। ਉਹਨਾਂ ਕਿਹਾ ਕਿ ਤਿੰਨ ਦਿਨ ਬੱਚਿਆਂ ਨੇ ਜਿਸ ਦਿਲਚਸਪੀ ਨਾਲ ਸਿੱਖਿਆ ਅਤੇ ਜਿਸ ਮਹੌਲ ਵਿੱਚ ਤਿੰਨ ਦਿਨ ਕੈਂਪ ਦੀ ਰੌਣਕ ਸੀ ਇਹ ਆਪਣੀ ਮਿਸਾਲ ਆਪ ਸੀ।




















